GS CPA, INC.
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
Certified Public Accountant
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi Coupon Code
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

ਪਾਠਕਾਂ ਨੂੰ ਜੁਗ ਪਰਵਰਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕੋਟਾਨਿ ਕੋਟਿ ਵਧਾਈ

Thirteenth Year in Publication ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 47, November 24, 2012 20451 N Plum Grove Rd. Palatine, IL 60074 Ph:847-359-0746, Fax:847-705-9388

## ਗੁਰੂ ਘਰਾਂ 'ਚ ਲੜਾਈ ਨੇ ਧਰਮ ਤੇ ਸਿਆਸਤ ਬਾਰੇ ਬਹਿਸ ਭਖਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਦੇ ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ 15 ਨਵੰਬਰ ਨੂੰ ਸਿੱਖਾਂ ਦੇ ਦੋ ਧੜਿਆਂ ਵਿਚਾਲੇ ਹੋਈ ਖ਼ੂਨੀ ਝੜਪ ਧਰਮ ਉਤੇ ਸਿਆਸਤ ਦੇ ਗਲਬੇ ਦਾ ਅਖੀਰੀ ਸਿੱਟਾ ਹੋ ਨਿਬੜੀ। ਇਸ ਘਟਨਾ ਨੇ ਜਿੱਥੇ 'ਸ਼ਾਂਤੀ ਤੇ ਸਦਭਾਵਨਾ' ਦਾ ਸੁਨੇਹਾ ਦੇਣ ਵਾਲੇ ਸਿੱਖ ਧਰਮ ਦੀ ਮਰਿਆਦਾ ਦਾ ਉਲੰਘਣ ਕੀਤਾ, ਉਥੇ ਸਿਆਸੀ ਧਿਰਾਂ ਦੇ ਮਾੜੇ ਇਰਾਦੇ ਵੀ ਜੱਗ ਜ਼ਾਹਿਰ ਕਰ ਦਿੱਤੇ। ਇਸ ਨੇ ਧਰਮ ਅਤੇ ਸਿਆਸਤ ਦੇ ਰਿਸ਼ਤੇ ਬਾਰੇ ਵੀ ਬਹਿਸ ਭਖਾ ਦਿੱਤੀ ਹੈ।

ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਸਥਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ 15 ਨਵੰਬਰ ਨੂੰ ਬੁਲਾਈ ਅੰਤ੍ਰਿੰਗ ਬੋਰਡ ਦੀ ਮੀਟਿੰਗ ਦੌਰਾਨ ਵੱਡੀ ਪੱਧਰ 'ਤੇ ਤੋੜ-ਫੋੜ ਤੇ ਹਿੰਸਾ ਹੋਈ। ਇਸ ਘਟਨਾਕ੍ਰਮ ਵਿਚ ਜਿੱਥੇ ਅਕਾਲੀ ਦਲ (ਬਾਦਲ) ਦੇ ਸਮਰਥਕਾਂ ਵੱਲੋਂ ਗੁਰਦੁਆਰਾ ਕਮੇਟੀ ਦੇ ਦਫ਼ਤਰ ਦੇ ਸ਼ੀਸ਼ੇ ਭੰਨ ਦਿੱਤੇ ਗਏ, ਉਥੇ ਕਮੇਟੀ ਦੀ ਟਾਸਕ ਫੋਰਸ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸਮੇਤ ਪੰਜ ਜਣਿਆਂ ਨੂੰ ਕਿਰਪਾਨਾਂ ਤੇ ਡਾਂਗਾਂ ਨਾਲ ਜ਼ਖ਼ਮੀ ਕਰ ਦਿੱਤਾ। ਗੁਰਦੁਆਰੇ 'ਚ ਤਲਵਾਰਾਂ ਚੱਲੀਆਂ ਤੇ ਇਕ-ਦੂਜੇ ਨੂੰ ਗਾਲਾਂ ਕੱਢੀਆਂ ਗਈਆਂ।

ਉਧਰ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਹੈ ਕਿ ਮਨਜੀਤ ਸਿੰਘ ਜੀ.ਕੇ. ਵੱਲੋਂ ਜਬਰੀ ਮੀਟਿੰਗ ਵਿਚ ਵੜਨ ਦੀ ਕੋਸ਼ਿਸ਼ ਕਰਨ ਕਰ ਕੇ ਉਸ ਨੂੰ ਕੁਝ ਸੱਟ ਲੱਗ ਜਾਣਾ ਕੁਦਰਤੀ ਹੈ ਪਰ ਇਸ ਦੇ ਵਾਸਤੇ ਉਹ ਖ਼ੁਦ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਬਾਦਲ

### ਸਿੱਖ ਵਿਦਵਾਨਾਂ ਵੱਲੋਂ ਹਿੰਸਕ ਘਟਨਾਵਾਂ ਦੀ ਨਿੰਦਾ



*ਜ਼ਖਮੀ ਮਨਜੀਤ ਸਿੰਘ ਜੀ.ਕੇ.*

ਦਲ ਦੇ ਆਗੂਆਂ ਨੇ ਮੀਟਿੰਗ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਬੇਸ਼ੱਕ ਬਾਹਰ ਟਕਰਾਅ ਹੋਇਆ ਪਰ ਅੰਤ੍ਰਿੰਗ ਬੋਰਡ ਦੀ ਮੀਟਿੰਗ ਜਾਰੀ ਰਹੀ ਜਿਸ ਵਿਚ ਇਕ ਮਤੇ ਰਾਹੀਂ ਪ੍ਰਧਾਨ ਦੀਆਂ ਤਾਕਤਾਂ ਸੀਨੀਅਰ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਦੀਆਂ ਤਾਕਤਾਂ ਜਾਇੰਟ ਸਕੱਤਰ ਨੂੰ ਵੀ ਦੇ ਦਿੱਤੀਆਂ ਗਈਆਂ।

ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਦਾਲਤੀ ਹੁਕਮਾਂ ਅਨੁਸਾਰ ਦਸੰਬਰ ਮਹੀਨੇ ਵਿਚ ਹੋਣ ਦੀ ਉਮੀਦ ਹੈ ਪਰ ਇਸ ਦੌਰਾਨ ਹਾਕਮ ਧਿਰ ਦਿੱਲੀ ਅਕਾਲੀ ਦਲ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਾਉਣ ਲਈ ਯਤਨ ਕੀਤੇ ਜਾ ਰਹੇ ਹਨ ਜਿਸ ਤਹਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਸਿੱਧੀ ਹੋਵੇਗੀ ਤੇ ਪ੍ਰਧਾਨ ਪੂਰੀ ਮਿਆਦ ਲਈ ਚੁਣਿਆ ਜਾਵੇਗਾ।

ਇਸ ਸੋਧ ਦਾ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰੜਾ ਵਿਰੋਧ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਚੋਣਾਂ ਜਲਦੀ ਕਰਾਉਣ ਦੇ ਹੱਕ ਵਿਚ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦਾਅਵਾ ਕੀਤਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਵੱਲੋਂ ਭੇਜੇ ਗਏ ਲਿਖਤੀ ਸੱਦੇ ਦੇ ਆਧਾਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮੀਟਿੰਗ ਵਿਚ ਸ਼ਾਮਲ ਹੋਣ ਲਈ ਗਏ ਸਨ ਪਰ ਜਦੋਂ ਉਹ ਉਥੇ ਪੁੱਜੇ ਤਾਂ ਟਾਸਕ ਫੋਰਸ ਨੇ ਬਿਨਾਂ ਕਿਸੇ ਭੜਕਾਹਟ ਦੇ ਹਮਲਾ ਕਰ ਦਿੱਤਾ।

ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਹੋਣ ਵਾਲੀਆਂ ਚੋਣਾਂ ਵਿਚ ਆਪਣੀ ਹਾਰ ਸਪੱਸ਼ਟ ਦੇਖ ਕੇ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਹ ਦਿੱਲੀ ਦੀ ਕਾਂਗਰਸ ਸਰਕਾਰ ਦੀ ਮਿਲੀ-ਭੁਗਤ ਦਾ ਨਤੀਜਾ ਹੈ ਤੇ ਦੋਵਾਂ ਵੱਲੋਂ ਚੋਣਾਂ ਲਟਕਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਇਸੇ ਦੌਰਾਨ ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆ ਨੇ ਆਖਿਆ ਕਿ ਗੁਰਦੁਆਰਾ ਪ੍ਰਬੰਧ

(ਬਾਕੀ ਸਫਾ 6 'ਤੇ)

## ਬੈਂਕ ਡਕੈਤੀ ਕੇਸ 'ਚ ਭਾਈ ਬਿੱਟੂ ਸਮੇਤ 12 ਨੂੰ 10-10 ਸਾਲ ਕੈਦ

### ਛੱਬੀ ਸਾਲ ਬਾਅਦ ਹੋਇਆ ਫੈਸਲਾ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੁਧਿਆਣਾ ਵਿਚ ਮਿਲਰ ਗੰਜ 'ਚ ਪੰਜਾਬ ਨੈਸ਼ਨਲ ਬੈਂਕ ਦੀ ਮੁੱਖ ਸ਼ਾਖਾ ਵਿਚ 12 ਫਰਵਰੀ, 1987 ਨੂੰ ਹੋਈ ਪੰਜ ਕਰੋੜ 70 ਲੱਖ ਦੀ ਡਕੈਤੀ ਦੇ ਮੁਕੱਦਮੇ ਦਾ 26 ਸਾਲ ਬਾਅਦ ਨਿਬੇੜਾ ਕਰਦਿਆਂ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸਾਬਕਾ ਪ੍ਰਧਾਨ ਅਤੇ ਹੁਣ ਸਰਪ੍ਰਸਤ ਭਾਈ ਦਲਜੀਤ ਸਿੰਘ ਬਿੱਟੂ ਸਮੇਤ 12 ਜਣਿਆਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਕੇਸ ਦੀ ਸੁਣਵਾਈ ਦੌਰਾਨ ਕੁੱਲ 400 ਗਵਾਹ ਭੁਗਤੇ ਜਿਨ੍ਹਾਂ ਵਿਚ ਅਖੀਰ ਤੱਕ 200 ਦੇ ਕਰੀਬ ਗਵਾਹ ਰਹਿ ਗਏ। ਇਨ੍ਹਾਂ ਸਾਰਿਆਂ ਨੂੰ 120-ਬੀ ਟਾਡਾ ਅਧੀਨ 10 ਸਾਲ ਦੀ ਸਜ਼ਾ, ਧਾਰਾ 395 ਅਧੀਨ 5 ਸਾਲ, ਧਾਰਾ 397 ਅਧੀਨ 7 ਸਾਲ, ਟਾਡਾ 3 ਅਧੀਨ 4 ਸਾਲ, ਟਾਡਾ 412 ਅਧੀਨ 10 ਸਾਲ ਦੀ ਸਜ਼ਾ ਹੋਈ ਹੈ।

ਅਦਾਲਤ ਦੇ ਇਸ ਫ਼ੈਸਲੇ ਤੋਂ ਤੁਰੰਤ ਬਾਅਦ ਭਾਈ ਬਿੱਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਅਦਾਲਤ ਦੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਫ਼ੈਸਲੇ 'ਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਦੇਰੀ ਨਾਲ ਹੋਇਆ, ਗਲਤ ਫ਼ੈਸਲਾ ਕਰਾਰ ਦਿੱਤਾ ਹੈ। ਫੈਸਲੇ ਬਾਰੇ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਸ਼ਾਇਦ ਅਕਾਲ ਪੁਰਖ ਨੂੰ ਇਹੋ ਮਨਜ਼ੂਰ ਹੋਵੇਗਾ। ਉਹ ਇਸ ਫੈਸਲੇ ਵਿਰੁੱਧ ਉਪਰਲੀਆਂ ਅਦਾਲਤਾਂ ਵਿਚ ਜਾਣਗੇ।

ਵਧੀਕ ਸੈਸ਼ਨ ਜੱਜ ਸੁਨੀਲ ਕੁਮਾਰ ਅਰੋੜਾ ਨੇ ਜਦੋਂ ਦੇਸ਼ ਦੀ ਸਭ ਤੋਂ ਵੱਡੀ ਡਕੈਤੀ

(ਬਾਕੀ ਸਫਾ 6 'ਤੇ)

For Sale or Lease
bp MARATHON VALERO Shell
ਕੈਨਟਕੀ ਤੇ ਇੰਡੀਆਨਾ ਵਿਚ ਵਧੀਆ ਚਲਦੇ ਲਿੱਕਰ ਸਟੋਰ ਅਤੇ ਗੈਸ ਸਟੇਸ਼ਨ ਵਿਕਾਊ ਹਨ
Liquor Stores & Gas Stations For Sale In Kentucky And Indiana
Sukh Bains
Cell: (502) 836-4825
Sbains888@yahoo.com
ਸੰਪਰਕ ਕਰੋ: 502-836-4825

Estd. 1975
World Wide Travel
www.fly2world.com
ਸਸਤਾ ਰੇਟ ਵਧਿਆ ਸਰਵਿਸ
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR AIR INDIA Continental Airlines Lufthansa AmericanAirlines

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।

## ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ
## ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਕੋਟਾਨਿ ਕੋਟਿ ਵਧਾਈ




# Sikh Religious Society of Wisconsin

**3675 N Calhoun Rd, Brookfield WI 53207 Ph: 262-790-1600**

ੴ ਸਤਿਗੁਰ ਪ੍ਰਸਾਦਿ

# ਮ੍ਰਿਗਾਵਲੀ ਵਿਚ ਸਿੰਘ ਦੀ ਗਰਜ ਦੇਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ ਹੋਵੇ ਜੀ




ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

## ਗੁਰਪੁਰਬ ਸਬੰਧੀ ਪ੍ਰੋਗਰਾਮ

**ਸ਼ੁਕਰਵਾਰ 30 ਨਵੰਬਰ ਸਵੇਰੇ 9 ਵਜੇ ਅਰੰਭ ਸ੍ਰੀ ਅਖੰਡਪਾਠ**
**ਐਤਵਾਰ 2 ਦਸੰਬਰ ਸਵੇਰੇ 9 ਵਜੇ ਭੋਗ ਸ੍ਰੀ ਅਖੰਡਪਾਠ**

ਉਪਰੰਤ ਕੀਰਤਨ ਦੀਵਾਨ ਹੋਵੇਗਾ ਜਿਸ ਵਿਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਸ਼ਬਦ ਕੀਰਤਨ ਕਰਨਗੇ ਅਤੇ ਕਥਾਕਾਰ ਭਾਈ ਮਹੇਸ਼ ਸਿੰਘ ਕਥਾ ਵਿਆਖਿਆ ਸਰਵਣ ਕਰਾਉਣਗੇ।

ਅਖੰਡਪਾਠ ਦੀ ਸੇਵਾ ਵਰਿੰਦਰ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।
ਨਿਸ਼ਾਨ ਸਾਹਿਬ 'ਤੇ ਚੋਲਾ ਚੜ੍ਹਾਉਣ ਦੀ ਸੇਵਾ ਸਵੇਰੇ 11 ਵਜੇ ਭਾਈ ਬਲਹਾਰ ਸਿੰਘ ਦੁਲਈ ਦੇ ਪਰਿਵਾਰ ਵਲੋਂ ਹੋਵੇਗੀ।

*ਸੰਗਤਾਂ ਦੇ ਦਾਸ*

**ਸਮੂਹ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ**

# Sikh Temple Of Wisconsin

7512 South Howell Ave. Oak Creek, WI 53154
Web Site: sikhtemplewi.org
Ph. 414-764-7454 Fax: 414-764-7512

# Sikh * Genocide * Sovereignty



## 5th Int`l Sikh Conference in Chicago IL

**Sunday December 9, 2012 @ 10:30am**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ ਇਕਾਈ) ਵਲੋਂ ਸੰਨ 1984 ਦੀ ਸਿੱਖ ਨਸਲਕੁਸ਼ੀ ਦਾ ਸ਼ਿਕਾਰ ਹੋਏ ਸਿੱਖਾਂ ਨੂੰ ਸਮਰਪਿਤ ਪੰਜਵੀਂ ਅੰਤਰਰਾਸ਼ਟਰੀ ਕਾਨਫਰੰਸ "ਸਿੱਖ ਨਸਲਕੁਸ਼ੀ-ਸਾਵਰਨਟੀ" ਸ਼ਿਕਾਗੋ ਵਿੱਚ 9 ਦਸੰਬਰ ਦਿਨ ਐਤਵਾਰ ਨੂੰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਰਵਾਈ ਜਾ ਰਹੀ ਹੈ। ਸਿੱਖ ਕੌਮ ਦੀ ਕੌਮੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਕੇ ਦਿੱਲੀ ਦੇ ਹਾਕਮ ਨੇ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ। ਅੰਮ੍ਰਿਤਸਰ ਅਕਾਲੀ ਦਲ (ਅਮਰੀਕਾ ਈਕਾਈ) ਵਲੋਂ ਕੌਮੀ ਸ਼ਕਤੀ ਦੇ ਕਿਣਕੇ ਕਿਣਕੇ ਨੂੰ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਿਕਾਗੋ ਇਲਾਕੇ ਦੀ ਸਮੂਹ ਸੰਗਤ ਨੂੰ ਅਪੀਲ ਹੈ ਕਿ ਇਸ ਕਾਨਫਰੰਸ ਵਿੱਚ ਹੁੰਮ ਹੁੰਮਾਂ ਕੇ ਸ਼ਾਮਲ ਹੋਵੋ ਜੀ।

### Program:

* Akhand Path Sahib
  Friday Dec. 7th 2012 10am
* Special meeting
  Saturday Dec. 8th 2012 7pm
* Bhog Akhand Path
  Sunday Dec. 9th 2012 9:30 am
* Panthic Conference
  Sunday 10:30 am

### Speakers:

* Emann Singh Mann (Punjab)
* Sukhminder Singh Hansra (Canada)
* Dr. Gurmit Singh Aulakh (Washington)
* Dr. Paramjit Singh Ajrawat (Washington)
* Dr. Amarjit Singh (Washington)
* Bhai Chain Singh (France)
* Gurpatwant S. Pannu (Sikhs For Justice)

### Coordination Committee:

Makhan Singh Clair
630-827-9752
Bharpoor Singh
847-489-3210
Boota Singh Kharoudh
609-351-0321

Rupinder Singh Bath
937-467-3012
Joga Singh
201-376-4945
Inderpal Singh Nirdosh
209-683-9935

Surjit Singh Kalhar
917-434-2483
Resham Singh
661-209-0118
Jit Singh Aloarkh
559-470-5595

myPUNJAB.ca ONLINEradio
ਮਾਈ ਪੰਜਾਬ-ਆਨਲਾਈਨ ਰੇਡੀਓ ਪੈਲਾਟਾਈਨ ਗੁਰਦੁਆਰਾ ਸਾਹਿਬ ਤੋਂ ਲਾਈਵ ਪ੍ਰਸਾਰਤ ਹੋਵੇਗਾ।
ListenLIVE: 213-493-0299 or www.MyPunjab.ca

**Sikh Religious Society**
**1280 W Winnetka Street,**
**Palatine IL 60067**

**Makhan Singh Clair**
**630-827-9752**

**Bharpoor Singh**
**847-489-3210**

ਸਰਵਰ/ਵੇਟਰ ਦੀ ਲੋੜ ਹੈ
ਸਿਨਸਿਨੈਟੀ, ਓਹਾਇਓ ਵਿਚ ਇਕ ਭਾਰਤੀ ਰੈਸਟੋਰੈਂਟ ਲਈ ਸਰਵਰ/ਵੇਟਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
ਸੰਪਰਕ ਕਰੋ
ਫੋਨ: 513-203-6315

# ਓਕ ਕਰੀਕ ਦੁਖਾਂਤ ਦੇ ਪੀੜਤਾਂ ਲਈ ਸਾਢੇ ਅੱਠ ਲੱਖ ਡਾਲਰ ਇਕੱਠੇ ਹੋਏ

**ਮਿਲਵਾਕੀ (ਬਿਊਰੋ):** ਲੰਘੀ 5 ਅਗਸਤ ਨੂੰ ਇਥੇ ਗੁਰਦੁਆਰਾ ਓਕ ਕਰੀਕ ਵਿਚ ਵਾਪਰੇ ਦੁਖਾਂਤ ਦੇ ਪੀੜਤਾਂ ਦੀ ਮਦਦ ਲਈ ਗੁਰਦੁਆਰਾ ਸਿੱਖ ਟੈਂਪਲ, ਵਿਸਕਾਨਸਿਨ, ਓਕ ਕਰੀਕ ਦੇ ਪ੍ਰਬੰਧਕਾਂ ਪਾਸ 8,56,555.16 ਡਾਲਰ 18 ਨਵੰਬਰ 2012 ਤੱਕ ਇਕੱਤਰ ਹੋਏ। ਇਹ ਸਾਰੀ ਰਕਮ ਇਸ ਦੁਖਾਂਤ ਵਿਚ ਮਾਰੇ ਗਏ ਛੇ ਸਿੱਖ ਸ਼ਰਧਾਲੂਆਂ ਦੇ ਪਰਿਵਾਰਾਂ, ਦੋ ਗੰਭੀਰ ਜ਼ਖਮੀ ਹੋਏ ਤੇ ਤਿੰਨ ਮਾਮੂਲੀ ਜ਼ਖਮੀ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਵੰਡ ਦਿੱਤੀ ਗਈ ਹੈ।

ਗੁਰੂ ਘਰ ਦੇ ਟਰਸਟੀ ਡਾ. ਹਰਚਰਨ ਸਿੰਘ ਗਿੱਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀੜਤ ਪਰਿਵਾਰ, ਅਸੀਂ ਗੁਰਦੁਆਰਾ ਪ੍ਰਬੰਧਕ ਅਤੇ ਟਰਸਟੀ ਉਨ੍ਹਾਂ ਸਭ ਸੱਜਣਾਂ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਦੁਖਾਂਤ ਦੇ ਸ਼ਿਕਾਰ ਲੋਕਾਂ ਦੀ ਮਦਦ ਲਈ ਦਿਲ ਖੋਲ੍ਹ ਕੇ ਮਾਇਆ ਦਾਨ ਕੀਤੀ। ਅਸੀਂ ਬੇਸ਼ੱਕ ਪੀੜਤ ਪਰਿਵਾਰਾਂ ਦੇ ਘਾਟੇ ਨੂੰ ਪੂਰਾ ਨਹੀਂ ਕਰ ਸਕਦੇ ਪਰ ਥੋੜ੍ਹੀ ਜਿੰਨੀ ਮਾਲੀ ਮਦਦ ਵੀ ਉਨ੍ਹਾਂ ਦੀ ਜ਼ਿੰਦਗੀ ਵਿਚ ਵੱਡੀ ਸਹਾਇਕ ਸਾਬਤ ਹੋ ਸਕਦੀ ਹੈ।

ਡਾ. ਗਿੱਲ ਨੇ ਪੰਜਾਬ ਟਾਈਮਜ਼ ਨੂੰ ਭੇਜੇ ਬਿਆਨ ਵਿਚ ਕਿਹਾ ਹੈ ਕਿ ਇਕੱਤਰ ਹੋਈ ਮਾਇਆ ਦਾ ਹਿਸਾਬ-ਕਿਤਾਬ ਇਕ ਅਜਿਹੀ ਅਕਾਊਂਟਿੰਗ ਫਰਮ ਪਾਸੋਂ ਕਰਵਾਇਆ ਗਿਆ ਹੈ ਜਿਸ ਨੂੰ ਗੈਰ-ਮੁਨਾਫਾ ਸੰਸਥਾਵਾਂ ਦਾ ਹਿਸਾਬ-ਕਿਤਾਬ ਕਰਨ ਦਾ ਚੋਖਾ ਤਜ਼ਰਬਾ ਹੈ। ਉਨ੍ਹਾਂ ਇਕੱਤਰ ਹੋਈ ਰਕਮ ਦਾ ਹਿਸਾਬ-ਕਿਤਾਬ ਕੀਤਾ ਅਤੇ ਸਹੀ ਤਰੀਕੇ ਨਾਲ ਆਡਿਟਿੰਗ ਕੀਤੀ। ਫਰਮ ਨੇ ਇਸ ਟਿੱਪਣੀ ਨਾਲ ਆਡਿਟ ਰਿਪੋਰਟ ਦੇ ਦਿੱਤੀ ਹੈ ਕਿ ਇਕੱਤਰ ਹੋਈ ਸਾਰੀ ਮਾਇਆ ਦਾ ਸਹੀ ਤਰੀਕੇ ਨਾਲ ਹਿਸਾਬ-ਕਿਤਾਬ ਰੱਖਿਆ ਗਿਆ ਹੈ। ਡਾ. ਗਿੱਲ ਨੇ ਕਿਹਾ ਕਿ ਅਜੇ ਵੀ ਇਸ ਮਕਸਦ ਲਈ ਮਾਇਆ ਆ ਰਹੀ ਹੈ ਅਤੇ ਇਹ ਮਾਇਆ ਪੀੜਤ ਪਰਿਵਾਰਾਂ ਨੂੰ ਸਹੀ ਤਰੀਕੇ ਨਾਲ ਪਹੁੰਚਦੀ ਕੀਤੀ ਜਾਵੇਗੀ।

## ਅਕਾਲੀ ਦਲ ਅੰਮ੍ਰਿਤਸਰ ਦੀ ਕਾਨਫਰੰਸ 9 ਦਸੰਬਰ ਨੂੰ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਮਰੀਕਾ ਵਲੋਂ ਆਪਣੀ ਪੰਜਵੀਂ ਕੌਮਾਂਤਰੀ ਸਿੱਖ ਕਾਨਫਰੰਸ ਆਉਂਦੀ 9 ਦਸੰਬਰ, ਐਤਵਾਰ ਨੂੰ ਸਵੇਰੇ 10:30 ਤੋਂ ਬਾਅਦ ਦੁਪਹਿਰ 2 ਵਜੇ ਤੱਕ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਕਰਵਾਈ ਜਾ ਰਹੀ ਹੈ। ਇਸ ਵਾਰ ਕਾਨਫਰੰਸ ਦਾ ਵਿਸ਼ਾ ਹੈ, 'ਸਿੱਖ ਨਸਲਕੁਸ਼ੀ ਅਤੇ ਆਜ਼ਾਦੀ।'

ਇਸ ਕਾਨਫਰੰਸ ਦੌਰਾਨ ਵੱਖ ਵੱਖ ਪੰਥਕ ਬੁਲਾਰਿਆਂ ਵਲੋਂ ਪਿਛਲੇ 65 ਸਾਲਾਂ ਦੌਰਾਨ ਸਿੱਖ ਕੌਮ ਵਲੋਂ ਭਾਰਤ ਸਰਕਾਰ ਦੇ ਮਾਨਵੀ ਹੱਕਾਂ ਅਤੇ ਆਜ਼ਾਦੀ ਪ੍ਰਤੀ ਨਾਂਹਪੱਖੀ ਰਵੱਈਏ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਜਾਵੇਗਾ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਸਮੂਹ ਸਿੱਖ ਭਾਈਚਾਰੇ ਨੂੰ ਇਸ ਕਾਨਫਰੰਸ ਵਿਚ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ ਅਤੇ ਤਿੰਨ ਐਟਮੀ ਦੇਸ਼ਾਂ-ਇੰਡੀਆ, ਪਾਕਿਸਤਾਨ ਅਤੇ ਚੀਨ ਵਿਚਾਲੇ ਆਜ਼ਾਦ ਖਾਲਿਸਤਾਨ ਦੇਸ਼ ਬਣਾਉਣ ਲਈ ਇਕਜੁੱਟ ਹੋਣ ਲਈ ਆਖਿਆ ਗਿਆ ਹੈ।

## ਗੁਰਦੁਆਰਾ ਗਾਰਲੈਂਡ ਵਿਖੇ ਗੁਰਪੁਰਬ ਸਮਾਗਮ 28 ਨੂੰ

**ਗਾਰਲੈਂਡ, ਟੈਕਸਸ (ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਗਾਰਲੈਂਡ ਵਿਖੇ 28 ਨਵੰਬਰ, ਬੁੱਧਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਗੁਰਪੁਰਬ ਵਾਲੇ ਦਿਨ ਸ਼ਾਮੀਂ ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਣਗੇ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਦਰਸ਼ਨ ਸਿੰਘ ਚਕਰ ਦਾ ਜਥਾ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਨਿਹਾਲ ਕਰੇਗਾ।

ਪ੍ਰਬੰਧਕਾਂ ਅਨੁਸਾਰ ਗੁਰਪੁਰਬ ਸਬੰਧੀ ਵਿਸ਼ੇਸ਼ ਦੀਵਾਨ ਐਤਵਾਰ 2 ਦਸੰਬਰ ਨੂੰ ਵੀ ਸਜਣਗੇ। ਇਸ ਸਬੰਧੀ ਅਖੰਡ ਪਾਠ ਦਾ ਅਰੰਭ ਸ਼ੁੱਕਰਵਾਰ ਨੂੰ ਹੋਵੇਗਾ ਅਤੇ ਭੋਗ ਸਵੇਰੇ 9:30 ਵਜੇ ਪਵੇਗਾ। ਉਪਰੰਤ ਬਾਅਦ ਦੁਪਹਿਰ ਇਕ ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਵਿਚ ਰਾਗੀ, ਢਾਡੀ ਜਥੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨੇ। ਹੋਰ ਵੇਰਵੇ ਲਈ ਇਸ਼ਤਿਹਾਰ ਪੰਨਾ 16 ਦੇਖੋ।

ਗੁਰਦੁਆਰਾ ਸਿੰਘ ਸਭਾ, ਰਿਚਰਡਸਨ ਵਿਖੇ ਗੁਰਪੁਰਬ ਸਬੰਧੀ 28 ਨਵੰਬਰ ਅਤੇ ਫਿਰ 2 ਦਸੰਬਰ ਨੂੰ ਵਿਸ਼ੇਸ਼ ਸਮਾਗਮ ਹੋਣਗੇ। 28 ਨਵੰਬਰ ਨੂੰ ਸ਼ਾਮ ਦੇ ਦੀਵਾਨ ਸਜਣਗੇ ਅਤੇ ਰਾਗੀ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਵੇਰਵਾ ਪੰਨਾ 17 ਉਤੇ ਵੇਖੋ।

We Specialize in Insuring small Businesses
Advance Insurance Consultants Inc.
Business Insurance Specialists
1783 S. Washington St., ST#101B, Naperville, IL 60565
>We specialize in Insuring computer consultants, Gas Stations, Restaurants, Hotels/Motels, Physicians offices, Workers Comp, etc.
>We will do a complete analysis of your current policy & apply maximum credits and discounts to get you the best rates with "A" rated company.
Call Tanvir Ahmad or Tariq S. Bhatti, Ph:630-718-9492

Visit us on the web:wwwpunjabtimesusa.com

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways
Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?
ਗੁਰਪਤਵੰਤ ਸਿੰਘ ਪੰਨੂੰ ਅਟਾਰਨੀ ਐਟ ਲਾਅ
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ
ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ
• ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
• 9th & 2nd ਸਰਕਿਟ ਅਪੀਲਜ਼
• ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
• ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ
ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ
NEW YORK
T 718.672.8000
75-20 Astoria Blvd, Suite 170
Jackson Heights, New York 11370
* Admitted in the State of New York only
CALIFORNIA
T 510.796.9000
39180 Liberty Street, Suite 118
Freemont, CA 94538



To Advertise with Punjab Times Call: 847-359-0746
Fax: 847-705-9388, e-mail: punjabtimes1@sbcglobal.net
Visit us on the web:www.punjabtimesusa.com

R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ
*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੈਂਕ ਡਕੈਤੀ ਕੇਸ 'ਚ ਭਾਈ ਬਿੱਟੂ ਸਮੇਤ 12 ਨੂੰ 10-10 ਸਾਲ ਕੈਦ

*(ਸਫਾ ਇਕ ਦੀ ਬਾਕੀ)*

ਦੇ ਮੁਕੱਦਮੇ ਦਾ ਫੈਸਲਾ ਸੁਣਾਇਆ ਤਾਂ ਉਸ ਵੇਲੇ ਸਾਰੇ ਮੁਲਜ਼ਮ ਆਪਣੇ ਵਕੀਲਾਂ ਨਾਲ ਅਦਾਲਤ ਵਿਚ ਹਾਜ਼ਰ ਸਨ। ਅਦਾਲਤ ਨੇ ਇਸ ਕੇਸ 'ਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਭਾਈ ਦਲਜੀਤ ਸਿੰਘ ਬਿੱਟੂ, ਭਾਈ ਗੁਰਸ਼ਰਨ ਸਿੰਘ ਗਾਮਾ, ਹਰਜਿੰਦਰ ਸਿੰਘ ਕਾਲੀ, ਬਲਵਿੰਦਰ ਸਿੰਘ, ਮੋਹਣ ਸਿੰਘ ਮੋਹਣੀ, ਸਰੂਪ ਸਿੰਘ, ਗੁਰਜੰਟ ਸਿੰਘ, ਅਵਤਾਰ ਸਿੰਘ, ਹਰਭਜਨ ਸਿੰਘ, ਡਾ. ਆਸਾ ਸਿੰਘ ਤੇ ਜਥੇਦਾਰ ਮਾਨ ਸਿੰਘ ਢੋਲੇਵਾਲ ਨੂੰ ਸਜ਼ਾ ਸੁਣਾਈ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਵੱਲੋਂ ਇਸ ਕੇਸ 'ਚ ਅਦਾਲਤ ਵਿਚ 13 ਜਣਿਆਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਸੀ ਜਿਨ੍ਹਾਂ ਵਿਚੋਂ ਗੁਰਦਿਆਲ ਸਿੰਘ ਦੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਪੁਲਿਸ ਵੱਲੋਂ ਇਨ੍ਹਾਂ ਖ਼ਿਲਾਫ਼ ਟਾਡਾ ਡਕੈਤੀ, ਅਸਲਾ ਐਕਟ ਤੇ ਸਾਜ਼ਿਸ਼ ਰਚਣ ਦੀ ਧਾਰਾ 395/ 393/ 120/ ਬੀ/ 25/ 54/ 59 ਤੇ 3 (2), 3 (3), 4 (2) ਤਹਿਤ ਥਾਣਾ ਪੁਲਿਸ ਡਵੀਜ਼ਨ ਨੰਬਰ 6 ਵਿਚ ਕੇਸ ਦਰਜ ਕੀਤਾ ਗਿਆ ਸੀ। ਪਿਛਲੇ 26 ਸਾਲ ਤੋਂ ਇਸ ਕੇਸ ਦੀ ਸੁਣਵਾਈ ਹੋ ਰਹੀ ਸੀ। ਪੁਲਿਸ ਵੱਲੋਂ ਭਾਵੇਂ ਇਸ ਮਾਮਲੇ ਵਿਚ ਮੁਢਲੀ ਜਾਂਚ ਦੌਰਾਨ 45 ਦੇ ਕਰੀਬ ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ ਪਰ ਸੀ.ਬੀ.ਆਈ. ਵੱਲੋਂ 13 ਖਿਲਾਫ ਹੀ ਚਲਾਨ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਨ੍ਹਾਂ ਦੋਸ਼ੀਆਂ ਵਿਚ ਆਸਾ ਸਿੰਘ ਦੀ ਉਮਰ 93 ਸਾਲ ਦੇ ਕਰੀਬ ਹੈ। ਪੁਲਿਸ ਵੱਲੋਂ ਇਨ੍ਹਾਂ ਦੋਸ਼ੀਆਂ ਦੇ ਕਬਜ਼ੇ ਵਿਚੋਂ ਵੱਖ-ਵੱਖ ਸਮੇਂ ਦੌਰਾਨ ਲੁੱਟੀ ਗਈ 5 ਕਰੋੜ 70 ਲੱਖ ਦੀ ਰਕਮ ਵਿਚੋਂ ਸਿਰਫ 60 ਲੱਖ ਰੁਪਏ ਹੀ ਬਰਾਮਦ ਕੀਤੇ ਗਏ ਸਨ।



*ਜਿਨ੍ਹਾਂ ਨੂੰ ਬੈਂਕ ਡਕੈਤੀ ਕੇਸ ਵਿਚ ਸਜ਼ਾ ਸੁਣਾਈ ਗਈ।*

ਘਟਨਾ ਵਾਲੇ ਦਿਨ ਦੁਪਹਿਰ ਸਮੇਂ ਦੋਸ਼ੀਆਂ ਵੱਲੋਂ ਪੰਜਾਬ ਨੈਸ਼ਨਲ ਬੈਂਕ ਵਿਚ ਬੈਂਕ ਮੁਲਾਜ਼ਮਾਂ ਤੇ ਗਾਹਕਾਂ ਨੂੰ ਬੰਦੀ ਬਣਾ ਕੇ ਪੰਜ ਕਰੋੜ 70 ਲੱਖ ਦੀ ਨਕਦੀ ਲੁੱਟੇ ਗਏ ਸਨ। ਪਹਿਲਾਂ ਇਸ ਮਾਮਲੇ ਦੀ ਜਾਂਚ ਪੰਜਾਬ ਪੁਲਿਸ ਦੀ ਵਿਸ਼ੇਸ਼ ਟੀਮ ਵੱਲੋਂ ਕੀਤੀ ਜਾ ਰਹੀ ਸੀ ਪਰ ਬਾਅਦ ਵਿਚ ਇਸ ਮਾਮਲੇ ਦੀ ਜਾਂਚ ਦਾ ਕੰਮ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ ਸੀ। ਪੁਲਿਸ ਵੱਲੋਂ ਦੋਸ਼ੀ ਹਰਜਿੰਦਰ ਸਿੰਘ ਕਾਲੀ ਪਾਸੋਂ ਪਿਸਤੌਲ ਵੀ ਬਰਾਮਦ ਕੀਤਾ ਗਿਆ ਸੀ। ਜੱਜ ਵੱਲੋਂ ਇਨ੍ਹਾਂ ਸਾਰਿਆਂ ਨੂੰ ਟਾਡਾ ਐਕਟ ਅਧੀਨ 10-10 ਸਾਲ, ਜਦਕਿ ਧਾਰਾ 395 ਅਧੀਨ ਪੰਜ ਸਾਲ ਤੇ 397 ਅਧੀਨ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਹ ਸਾਰੀਆਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ। ਇਸ ਮਾਮਲੇ ਵਿਚ ਭਾਈ ਬਿੱਟੂ ਪਹਿਲਾਂ ਹੀ 11 ਸਾਲ ਅੱਠ ਮਹੀਨੇ ਤੇ ਭਾਈ ਗਾਮਾ ਨੌਂ ਸਾਲ ਚਾਰ ਮਹੀਨੇ ਜੇਲ੍ਹ ਵਿਚ ਰਹਿ ਚੁੱਕੇ ਹਨ। ਇਨ੍ਹਾਂ ਸਾਰੇ ਮੁਲਜ਼ਮਾਂ ਨੂੰ ਅਦਾਲਤ ਵੱਲੋਂ ਪਹਿਲਾਂ ਹੀ ਜ਼ਮਾਨਤਾਂ ਦੇ ਦਿੱਤੀਆਂ ਗਈਆਂ ਹਨ। ਜਿਉਂ ਹੀ ਜੱਜ ਨੇ ਸਜ਼ਾ ਸੁਣਾਈ ਤਾਂ ਉਥੇ ਮੌਜੂਦ ਅਮਲੇ ਨੇ ਉਕਤ ਸਾਰਿਆਂ ਨੂੰ ਹਿਰਾਸਤ ਵਿਚ ਲੈ ਲਿਆ। ਸਜ਼ਾ ਸੁਣਾਏ ਜਾਣ ਸਮੇਂ ਅਦਾਲਤ ਵਿਚ ਭਾਈ ਦਲਜੀਤ ਸਿੰਘ ਬਿੱਟੂ ਦੇ ਮਾਤਾ-ਪਿਤਾ ਤੇ ਉਨ੍ਹਾਂ ਦੀ ਪਤਨੀ ਅੰਮ੍ਰਿਤ ਕੌਰ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ ਸਮੇਤ ਕੁਝ ਸਮਰਥਕ ਵੀ ਹਾਜ਼ਰ ਸਨ।

## 26/11: ਅਜਮਲ ਕਸਾਬ ਨੂੰ ਫਾਂਸੀ

**ਮੁੰਬਈ:** ਮੁੰਬਈ ਵਿਚ 2008 ਵਿਚ ਹੋਏ 26/11 ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਨੂੰ ਬੁੱਧਵਾਰ ਨੂੰ ਸਵੇਰੇ 7.30 ਵਜੇ ਪੂਣੇ ਦੀ ਯੇਰਵੜਾ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਆਰ.ਆਰ. ਪਾਟਿਲ ਨੇ ਫਾਂਸੀ ਦੀ ਪੁਸ਼ਟੀ ਕਰ ਦਿੱਤੀ ਹੈ।



ਸ੍ਰੀ ਪਾਟਿਲ ਨੇ ਦੱਸਿਆ ਕਿ ਕਸਾਬ ਨੂੰ 19 ਨਵੰਬਰ ਨੂੰ ਮੁੰਬਈ ਦੀ ਆਰਥ ਰੋਡ ਜੇਲ੍ਹ ਤੋਂ ਪੂਣੇ ਦੀ ਯੇਰਵੜਾ ਜੇਲ੍ਹ ਭੇਜਿਆ ਗਿਆ ਸੀ ਅਤੇ ਸਾਰੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਉਸ ਨੂੰ ਫਾਂਸੀ ਦੇ ਦਿੱਤੀ ਗਈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਸਾਬ ਦੀ ਰਹਿਮ ਦੀ ਅਪੀਲ ਖਾਰਜ ਕਰ ਦਿੱਤੀ ਸੀ। ਕਸਾਬ ਨੇ ਫਾਂਸੀ ਤੋਂ ਬਚਣ ਲਈ ਰਹਿਮ ਦੀ ਇਹ ਅਪੀਲ ਰਾਸ਼ਟਰਪਤੀ ਕੋਲ ਭੇਜੀ ਸੀ। ਅਪੀਲ ਰੱਦ ਹੋਣ ਤੋਂ ਬਾਅਦ ਰਾਤੋ-ਰਾਤ ਸਾਰੀ ਕਾਰਵਾਈ ਮੁਕੰਮਲ ਕਰ ਲਈ ਗਈ ਅਤੇ ਤਮਾਮ ਦਸਤਾਵੇਜ਼ਾਂ ਉਤੇ ਦਸਤਖ਼ਤਾਂ ਤੋਂ ਬਾਅਦ ਉਸ ਨੂੰ ਫਾਂਸੀ ਦੇ ਦਿੱਤੀ ਗਈ।

ਯਾਦ ਰਹੇ ਕਿ 26 ਨਵੰਬਰ 2008 ਨੂੰ ਕਸਾਬ ਅਤੇ ਉਸ ਦੇ 10 ਸਾਥੀ ਸਮੁੰਦਰ ਰਾਹੀਂ ਮੁੰਬਈ ਵੜੇ ਸਨ ਅਤੇ ਇਨ੍ਹਾਂ ਨੇ 26 ਤੋਂ 29 ਨਵੰਬਰ ਤੱਕ ਸ਼ਿਵਾ ਜੀ ਰੇਲਵੇ ਸਟੇਸ਼ਨ, ਤਾਜ ਹੋਟਲ ਅਤੇ ਟਰਾਈਡੈਂਟ ਹੋਟਲ ਸਣੇ ਸ਼ਹਿਰ ਦੇ ਕਈ ਇਲਾਕਿਆਂ ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ 166 ਲੋਕਾਂ ਨੂੰ ਮਾਰ ਦਿੱਤਾ ਸੀ। ਸੁਰੱਖਿਆ ਬਲਾਂ ਦੀ ਜਵਾਬੀ ਕਾਰਵਾਈ ਕਸਾਬ ਦੇ 9 ਸਾਥੀ ਮਾਰੇ ਗਏ ਸਨ, ਸਿਰਫ਼ ਕਸਾਬ ਹੀ ਜ਼ਿੰਦਾ ਬਚਿਆ ਸੀ। ਉਸ ਨੂੰ ਫੜ ਕੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਕਸਾਬ ਪਾਕਿਸਤਾਨ ਦਾ ਵਸਨੀਕ ਹੈ। ਹੇਠਲੀ ਅਦਾਲਤ ਨੇ ਕਸਾਬ ਨੂੰ 6 ਮਈ 2010 ਨੂੰ ਫਾਂਸੀ ਦੀ ਸਜ਼ਾ ਦਿੱਤੀ ਸੀ ਅਤੇ 21 ਫਰਵਰੀ 2011 ਨੂੰ ਬੰਬਈ ਹਾਈ ਕੋਰਟ ਨੇ ਕਸਾਬ ਦੀ ਸਜ਼ਾ ਬਰਕਰਾਰ ਰੱਖੀ। ਸੁਪਰੀਮ ਕੋਰਟ ਨੇ ਵੀ 29 ਅਗਸਤ 2012 ਨੂੰ ਕਸਾਬ ਦੀ ਅਪੀਲ ਰੱਦ ਕਰ ਦਿੱਤੀ ਸੀ। ਇਸ ਤੋਂ ਬਾਅਦ ਕਸਾਬ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਕੀਤੀ, ਜੋ 8 ਨਵੰਬਰ ਨੂੰ ਖਾਰਜ ਕਰ ਦਿੱਤੀ ਗਈ ਸੀ।

# ਗੁਰੂ ਘਰਾਂ 'ਚ ਲੜਾਈ ਨੇ ਧਰਮ ਤੇ ਸਿਆਸਤ ਬਾਰੇ ਬਹਿਸ ਭਖਾਈ

*(ਸਫਾ ਇਕ ਦੀ ਬਾਕੀ)*

ਦੇ ਮਾਮਲੇ ਵਿਚ ਸਿਆਸਤ ਦਾ ਦਾਖਲ ਨਹੀਂ ਹੋਣਾ ਚਾਹੀਦਾ। ਧਰਮ ਨੂੰ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਅਜਿਹੇ ਹਿੰਸਕ ਝਗੜੇ ਸਿੱਖ ਕੌਮ ਦੀ ਦਿੱਖ ਨੂੰ ਪ੍ਰਭਾਵਿਤ ਕਰਦੇ ਹਨ ਤੇ ਸਮੁੱਚੀ ਕੌਮ ਦਾ ਮਾੜਾ ਪ੍ਰਭਾਵ ਪੈਂਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਸੇ ਵਰ੍ਹੇ ਦੋ ਮਾਰਚ ਨੂੰ ਗੁਰਦੁਆਰਾ ਬਾਲਾ ਸਾਹਿਬ ਵਿਖੇ ਸਿੱਖ ਆਗੂਆਂ ਵਿਚਾਲੇ ਖ਼ੂਨੀ ਝੜਪ ਹੋ ਚੁੱਕੀ ਹੈ ਤੇ ਇਹ ਮਾਮਲਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਚਾਰ ਅਧੀਨ ਹੈ।

ਅਸਲ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਹੁਣ ਧਾਰਮਿਕ ਨਹੀਂ ਬਲਕਿ ਸਿਆਸੀ ਮਾਮਲਾ ਬਣ ਗਿਆ ਹੈ। ਗੁਰਦੁਆਰਿਆਂ ਦਾ ਚੜ੍ਹਵਾ ਸਿਆਸੀ ਜੰਗ ਲੜਨ ਲਈ ਖਰਚਿਆ ਜਾ ਰਿਹਾ ਹੈ। ਲੰਮੇ ਸਮੇਂ ਤੱਕ ਪੰਜਾਬ ਤੇ ਬਾਹਰਲਿਆਂ ਸੂਬਿਆਂ ਵਿਚ ਸਥਿਤ ਗੁਰਦੁਆਰਿਆਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੀ ਕਬਜ਼ਾ ਰਿਹਾ ਤੇ ਜਿਹੜੀ ਧਿਰ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੁੰਦੀ, ਉਹ ਹੀ ਆਪਣੇ-ਆਪ ਨੂੰ ਸਿੱਖਾਂ ਦੀ ਅਸਲ ਨੁਮਾਇੰਦਾ ਸਮਝਦੀ ਹੈ। ਪੰਥਕ ਸਰਕਾਰ ਦਾ ਭੁਲੇਖਾ ਖੜ੍ਹਾ ਕਰ ਕੇ ਗੁਰੂ ਦੀਆਂ ਗੋਲਕਾਂ ਸਿਆਸੀ ਕੰਮਾਂ ਲਈ ਵਰਤੀਆਂ ਜਾਂਦੀਆਂ ਹਨ।

ਪਿਛਲੇ ਕੁਝ ਸਮੇਂ ਤੋਂ ਦੇਸ਼ ਤੇ ਵਿਦੇਸ਼ਾਂ 'ਚ ਵੱਖਰੀਆਂ ਗੁਰਦੁਆਰਾ ਕਮੇਟੀਆਂ ਬਣਨੀਆਂ ਸ਼ੁਰੂ ਹੋਈਆਂ ਹਨ। ਇਨ੍ਹਾਂ ਵਿਚੋਂ ਦਿੱਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਕਮੇਟੀ ਨੂੰ ਕਈ ਪੱਖਾਂ ਤੋਂ ਚੁਣੌਤੀ ਦਿੱਤੀ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਆਪਣੇ ਇਸੇ ਅਹੁਦੇ ਦੀ ਬਦੌਲਤ ਪੰਜਾਬ ਦੀ ਸਿਆਸਤ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ। ਉਹ ਅਕਸਰ ਸਿੱਖਾਂ ਦੇ ਮਾਮਲਿਆਂ ਬਾਰੇ ਸ਼੍ਰੋਮਣੀ ਕਮੇਟੀ ਤੇ ਪੰਜਾਬ ਦੀ ਸੱਤਾ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਤਕੜੀ ਚੁਣੌਤੀ ਦਿੰਦੇ ਹਨ।

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਬਾਦਲ ਦਲ ਦੇ ਕਾਰਕੁਨਾਂ ਵੱਲੋਂ ਗੁਰਦੁਆਰੇ ਵਿਚ ਤੋੜ-ਫੋੜ ਕਰਨ ਤੇ ਕਮੇਟੀ ਦੇ ਰਿਕਾਰਡ ਨੂੰ ਸਾੜਨ ਦੀ ਕੋਸ਼ਿਸ਼ ਕਰਨ 'ਤੇ ਸੇਵਾਦਾਰਾਂ ਨੂੰ ਮਜਬੂਰੀਵੱਸ ਸਖ਼ਤ ਰਵੱਈਆ ਅਖ਼ਤਿਆਰ ਕਰਨਾ ਪਿਆ। ਬਾਦਲ ਦਲ ਦੇ ਆਗੂਆਂ ਨੂੰ ਸੱਟਾਂ ਭਗਦੜ ਦੌਰਾਨ ਡਿੱਗ ਜਾਣ ਕਾਰਨ ਲੱਗੀਆਂ।

ਉਨ੍ਹਾਂ ਕਿਹਾ ਕਿ ਕਾਰਜਕਾਰਨੀ ਬੋਰਡ ਦੀ ਮੀਟਿੰਗ ਵਿਚ ਸਿਰਫ਼ ਕਾਰਜਕਾਰਨੀ ਮੈਂਬਰ ਹੀ ਆ ਸਕਦੇ ਹਨ ਜੇਕਰ ਕਿਸੇ ਵਿਸ਼ੇਸ਼ ਮਹਿਮਾਨ ਨੂੰ ਬੁਲਾਉਣਾ ਹੋਵੇ ਤਾਂ ਇਸ ਦਾ ਨਿਰਦੇਸ਼ ਪ੍ਰਧਾਨ ਵੱਲੋਂ ਜਨਰਲ ਸਕੱਤਰ ਨੂੰ ਦਿੱਤਾ ਜਾਂਦਾ ਹੈ ਪਰ ਬੀਤੇ ਦਿਨ ਵੀ ਮੀਟਿੰਗ ਲਈ ਪ੍ਰਧਾਨ ਵੱਲੋਂ ਅਜਿਹਾ ਕੋਈ ਨਿਰਦੇਸ਼ ਜਾਰੀ ਨਹੀਂ ਕੀਤਾ ਗਿਆ ਤੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਵੀ ਵਾਧੂ ਲੋਕਾਂ ਨੂੰ ਮੀਟਿੰਗ ਵਿਚ ਬੁਲਾਉਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਸੀ। ਇਸ ਨੇਮ ਦੀ ਜਾਣਕਾਰੀ ਹੋਣ ਕਾਰਨ ਹੀ ਬਾਦਲ ਦਲ ਨਾਲ ਸਬੰਧਤ ਕਮੇਟੀ ਮੈਂਬਰ ਅਵਤਾਰ ਸਿੰਘ ਹਿੱਤ ਅਤੇ ਰਵਿੰਦਰ ਸਿੰਘ ਖੁਰਾਣਾ ਸੱਦਾ ਮਿਲਣ ਦੇ ਬਾਵਜੂਦ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ ਸਨ।

**ਬਾਦਲ ਵੱਲੋਂ ਪ੍ਰਧਾਨ ਮੰਤਰੀ ਕੋਲ ਫਰਿਆਦ**: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਦਿੱਲੀ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਰਹੀ ਹੈ। ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਕਰਵਾਉਣੀਆਂ ਯਕੀਨੀ ਬਣਾਉਣ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਵਾਪਰੀ ਘਟਨਾ ਬਾਰੇ ਉਨ੍ਹਾਂ ਕਿਹਾ ਕਿ ਇਹ ਘਟਨਾ ਦਿੱਲੀ ਸਰਕਾਰ ਵਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਣਾਲੀ ਦੇ ਵਿਚ ਤਜਵੀਜ਼ਸ਼ੁਦਾ ਸੋਧ ਰਾਹੀਂ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਕੀਤੀ ਜਾ ਰਹੀ 'ਬੇਲੋੜੀ ਤੇ ਭੜਕਾਊ' ਦਖਲਅੰਦਾਜ਼ੀ ਦਾ ਸਿੱਟਾ ਹੈ।

## ਅਕਾਲ ਤਖ਼ਤ ਵੱਲੋਂ ਰਿਪੋਰਟ ਤਲਬ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਵਾਪਰੀ ਘਟਨਾ ਦੀ ਮੁਕੰਮਲ ਰਿਪੋਰਟ ਆਉਣ ਮਗਰੋਂ ਇਸ ਬਾਰੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕਰਕੇ ਕਾਰਵਾਈ ਕੀਤੀ ਜਾਵੇਗੀ। ਹਿੰਸਾ ਦੀ ਜਾਂਚ ਲਈ ਸ੍ਰੀ ਅਕਾਲ ਤਖ਼ਤ ਵੱਲੋਂ ਤਿੰਨ ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਵਿਚ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਸਕੱਤਰ ਵਰਿਆਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਬਲਵੰਤ ਸਿੰਘ ਢਿੱਲੋਂ ਤੇ ਸਿੱਖ ਵਿਦਵਾਨ ਇੰਦਰਜੀਤ ਸਿੰਘ ਗੋਗੋਆਣੀ ਸ਼ਾਮਲ ਹਨ। ਇਸ ਜਾਂਚ ਕਮੇਟੀ ਦੇ ਕੋਆਰਡੀਨੇਟਰ ਵਜੋਂ ਸਕੱਤਰ ਸਤਬੀਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ।

## ਅਮਰੀਕੀ ਸੰਸਦ ਵਿਚ ਸਿੱਖਾਂ ਦੀ ਪ੍ਰਸ਼ੰਸਾ

**ਵਾਸ਼ਿੰਗਟਨ:** ਅਮਰੀਕੀ ਸੰਸਦ ਵਿਚ ਦੇਸ਼ ਦੇ ਪਹਿਲੇ ਗੁਰਦੁਆਰੇ ਦੇ 100ਵੇਂ ਸਥਾਪਨਾ ਦਿਵਸ ਦਾ ਜ਼ਿਕਰ ਕੀਤਾ ਗਿਆ ਤੇ ਮੈਂਬਰਾਂ ਨੇ ਕਿਹਾ ਕਿ ਕੋਈ ਵੀ ਧਰਮ ਮੁਲਕ ਦੀ ਆਜ਼ਾਦੀ ਦੇ ਐਲਾਨਨਾਮੇ ਵਰਗਾ ਨਹੀਂ, ਜਿੰਨਾ ਕਿ ਸਿੱਖ ਧਰਮ ਹੈ। ਸਟਾਕਟਾਊਨ ਗੁਰਦੁਆਰਾ ਸਾਹਿਬ ਦੀ ਸਥਾਪਨਾ 1912 ਵਿਚ ਸਰਦਾਰ ਬਸਾਖਾ ਸਿੰਘ ਤੇ ਭਾਈ ਜਵਾਲਾ ਸਿੰਘ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਹੋਈ ਸੀ। ਸੰਸਦ ਮੈਂਬਰ ਟੌਮ ਮੈਕਲਿੰਟਕ ਨੇ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਕਿਹਾ ਕਿ "ਕੋਈ ਵੀ ਧਰਮ ਅਮਰੀਕਾ ਦੀ ਆਜ਼ਾਦੀ ਦੇ ਐਲਾਨਨਾਮੇ ਨਾਲ ਇੰਨਾ ਮੇਲ ਨਹੀਂ ਖਾਂਦਾ, ਜਿੰਨਾ ਕਿ ਸਿੱਖ ਧਰਮ। ਦੋਵਾਂ ਵਿਚ ਹੀ ਕੁਲੀਨਤੰਤਰ ਤੇ ਸਮਾਜਿਕ ਵਰਗਾਂ ਦੇ ਵਿਚਾਰ ਨੂੰ ਖਾਰਜ ਕੀਤਾ ਗਿਆ ਹੈ। ਇਸ ਦੇ ਬਦਲੇ ਹਰੇਕ ਵਿਅਕਤੀ ਬਾਰੇ ਉਸ ਦੀ ਯੋਗਤਾ ਤੇ ਚਰਿੱਤਰ ਦੇ ਅਧਾਰ 'ਤੇ ਫੈਸਲਾ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਖੱਬੀ ਪੱਖੀ ਮਨਪ੍ਰੀਤ ਬਾਦਲ ਦੇ ਰਾਹ ਦਾ ਰੋੜਾ ਬਣੇ

**ਚੰਡੀਗੜ੍ਹ:** ਸਾਂਝਾ ਮੋਰਚਾ ਦੀ ਕਾਂਗਰਸ ਨਾਲ ਸਿਆਸੀ ਸਾਂਝ ਪਾਉਣ ਦੀ ਉਮੀਦ ਘਟ ਗਈ ਹੈ। ਸਾਂਝੇ ਮੋਰਚੇ ਨੇ ਪੰਜਾਬ ਸਰਕਾਰ ਖ਼ਿਲਾਫ਼ ਇਕੱਲਿਆਂ ਲੜਾਈ ਲੜਨ ਦਾ ਮਨ ਬਣਾ ਲਿਆ ਹੈ। ਲੰਘੇ ਦਿਨੀਂ ਸਾਂਝੇ ਮੋਰਚੇ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ 'ਚ ਪੀਪਲਜ਼ ਪਾਰਟੀ ਆਫ਼ ਪੰਜਾਬ, ਸੀ.ਪੀ.ਆਈ., ਸੀ.ਪੀ.ਆਈ. (ਐਮ) ਤੇ ਅਕਾਲੀ ਦਲ ਲੌਂਗੋਵਾਲ ਦੇ ਆਗੂਆਂ ਨੇ ਹਿੱਸਾ ਲਿਆ।

ਉਧਰ, ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਸਾਂਝੇ ਮੋਰਚੇ ਦੀ ਕਾਂਗਰਸ ਪਾਰਟੀ ਨਾਲ ਗੱਲ ਟੁੱਟੀ ਨਹੀਂ ਤੇ ਜਲਦੀ ਹੀ ਮੋਰਚਾ, ਕਾਂਗਰਸ ਤੇ ਬਸਪਾ ਨਾਲ ਸਾਂਝੀ ਮੀਟਿੰਗ ਕਰ ਰਿਹਾ ਹੈ। ਕਾਂਗਰਸ ਤੇ ਬਸਪਾ ਨਾਲ ਗੱਲਬਾਤ ਹੋਈ ਹੈ ਤੇ ਇਨ੍ਹਾਂ ਦੇ ਆਗੂ ਸਾਂਝੇ ਮੋਰਚੇ ਨਾਲ ਮੀਟਿੰਗ ਤੋਂ ਪਹਿਲਾਂ ਆਪੋ-ਆਪਣੀ ਹਾਈ ਕਮਾਨ ਤੋਂ ਹਰੀ ਝੰਡੀ ਲੈ ਰਹੇ ਹਨ। ਉਨ੍ਹਾਂ ਆਖਿਆ ਕਿ ਸਭ ਸਿਆਸੀ ਧਿਰਾਂ ਦੇ ਮੁੱਦੇ ਇਕੋ ਹਨ ਤੇ ਸਾਂਝਾ ਮੋਰਚਾ ਆਪਣੇ ਅਸੂਲਾਂ ਦੇ ਮਾਮਲੇ ਵਿਚ ਕੋਈ ਸਮਝੌਤਾ ਨਹੀਂ ਕਰੇਗਾ।

ਉਂਜ, ਮੀਟਿੰਗ ਵਿਚ ਇਸ ਗੱਲ 'ਤੇ ਸਹਿਮਤੀ ਜ਼ਰੂਰ ਬਣੀ ਕਿ ਸਰਕਾਰ ਵਿਰੁੱਧ ਸ਼ੁਰੂ ਕੀਤੇ ਜਾਣ ਵਾਲੇ ਘੋਲ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਛੱਡ ਕੇ ਦੂਜੀਆਂ ਸਿਆਸੀਆਂ ਪਾਰਟੀਆਂ ਨਾਲ ਭਵਿੱਖ ਵਿਚ ਸ਼ਰਤਾਂ ਤਹਿਤ ਸੀਮਤ ਸਾਂਝ ਪਾਈ ਜਾਵੇ। ਸੂਤਰਾਂ ਅਨੁਸਾਰ ਸਾਂਝੇ ਮੋਰਚੇ ਦੀ ਇਸ ਮੀਟਿੰਗ ਵਿਚ ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਉਨ੍ਹਾਂ ਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਲੰਘੇ ਦਿਨ ਹੋਈ ਮੀਟਿੰਗ ਦੇ ਮੁੱਦੇ 'ਤੇ ਘੇਰਿਆ ਗਿਆ ਜਦਕਿ ਮਨਪ੍ਰੀਤ ਬਾਦਲ ਨੇ ਕੈਪਟਨ ਨਾਲ ਮੀਟਿੰਗ ਦੀਆਂ ਖ਼ਬਰਾਂ ਨੂੰ ਬੇਬੁਨਿਆਦ ਦੱਸਿਆ।

## ਕਾਂਗਰਸ-ਪੀ.ਪੀ.ਪੀ ਸਾਂਝ ਦੀ ਗੱਲ ਨਾ ਤੁਰੀ

ਕਾਂਗਰਸ ਨਾਲ ਮੀਟਿੰਗਾਂ ਦੀਆਂ ਰਿਪੋਰਟਾਂ ਨੂੰ ਪੂਰੀ ਤਰ੍ਹਾਂ ਖਾਰਜ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਹੈ ਕਿ ਅਜਿਹੀਆਂ ਖ਼ਬਰਾਂ ਉਨ੍ਹਾਂ ਦੀ ਪਾਰਟੀ ਨੂੰ ਕਮਜ਼ੋਰ ਕਰਨ ਲਈ ਗਿਣੀਮਿਥੀ ਸਾਜ਼ਿਸ਼ ਹੈ ਤੇ ਦਿੱਲੀ ਵਿਚ ਉਨ੍ਹਾਂ ਦੀ ਕੈਪਟਨ ਨਾਲ ਹੋਈ ਮੀਟਿੰਗ ਦੀਆਂ ਖ਼ਬਰਾਂ ਪੂਰੀ ਤਰ੍ਹਾਂ ਝੂਠੀਆਂ ਹਨ। ਉਂਜ ਮਨਪ੍ਰੀਤ ਬਾਦਲ ਨੇ ਖੁੱਲ੍ਹੇ ਮਨ ਨਾਲ ਕਿਹਾ ਕਿ ਉਹ ਜਿਸ ਨੂੰ ਵੀ ਮਿਲਣਗੇ, ਚੋਰਾਂ ਵਾਂਗ ਲੁਕ-ਛਿਪ ਕੇ ਨਹੀਂ ਸਗੋਂ ਸ਼ਰੇਆਮ ਮਿਲਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਉਪਰ ਕਿਸੇ ਨੂੰ ਵੀ ਮਿਲਣ ਦੀ ਕੋਈ ਪਾਬੰਦੀ ਨਹੀਂ ਤੇ ਜਦੋਂ ਉਹ ਕੈਪਟਨ ਨੂੰ ਮਿਲਣਾ ਚਾਹੁਣਗੇ ਤਾਂ ਉਹ ਸ਼ਰੇਆਮ ਚੰਡੀਗੜ੍ਹ ਵੀ ਮਿਲ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸੱਤਾਧਾਰੀ ਪਾਰਟੀ ਦੀ ਸਾਜ਼ਿਸ਼ ਜਾਪਦੀ ਹੈ ਕਿਉਂਕਿ ਅਜਿਹਾ ਖੁਲਾਸਾ ਨਾ ਤਾਂ ਉਨ੍ਹਾਂ ਦੀ ਪਾਰਟੀ ਨੇ ਕੀਤਾ ਹੈ ਤੇ ਨਾ ਹੀ ਕਾਂਗਰਸ ਨੇ ਅਜਿਹਾ ਦਾਅਵਾ ਕੀਤਾ ਹੈ। ਉਨ੍ਹਾਂ ਦੁਹਰਾਇਆ ਕਿ ਕੁਝ ਦੋਖੀਆਂ ਵੱਲੋਂ ਵਿਸ਼ੇਸ਼ ਯਤਨ ਕਰਕੇ ਅਜਿਹੀਆਂ ਖ਼ਬਰਾਂ ਛਪਵਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਮਨਪ੍ਰੀਤ ਬਾਦਲ ਨੇ ਸਪੱਸ਼ਟ ਕੀਤਾ ਕਿ ਉਹ ਪਿਛਲੇ ਮਹੀਨੇ ਕਾਂਗਰਸ ਆਗੂ ਰਾਣਾ ਸੋਢੀ ਦੀ ਬੇਟੀ ਦੇ ਵਿਆਹ ਵਿਚ ਕੈਪਟਨ ਨੂੰ ਰਸਮੀ ਤੌਰ 'ਤੇ ਜ਼ਰੂਰ ਮਿਲੇ ਸਨ ਤੇ ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਹਾਜ਼ਰ ਸਨ। ਪੀ.ਪੀ.ਪੀ. ਦੇ ਪ੍ਰਧਾਨ ਨੇ ਕਾਂਗਰਸ ਨਾਲ ਰਲ ਕੇ ਚੋਣ ਲੜਨ ਦੀਆਂ ਚੱਲ ਰਹੀਆਂ ਅਟਕਲਾਂ ਨੂੰ ਵੀ ਰੱਦ ਕਰ ਦਿੱਤਾ।

ਮੀਟਿੰਗ ਦੀ ਪ੍ਰਧਾਨਗੀ ਅਕਾਲੀ ਦਲ ਲੌਂਗੋਵਾਲ ਦੇ ਪ੍ਰਧਾਨ ਤੇ ਸਾਂਝੇ ਮੋਰਚੇ ਦੇ ਸਰਪ੍ਰਸਤ ਸੁਰਜੀਤ ਸਿੰਘ ਬਰਨਾਲਾ ਨੇ ਕੀਤੀ। ਪੀ. ਪੀ. ਪੀ. ਵੱਲੋਂ ਪ੍ਰਧਾਨ ਮਨਪ੍ਰੀਤ ਬਾਦਲ ਤੇ ਸੀਨੀਅਰ ਮੀਤ ਪ੍ਰਧਾਨ ਭਗਵੰਤ ਮਾਨ ਨੇ ਸ਼ਿਰਕਤ ਕੀਤੀ। ਖੱਬੇ-ਪੱਖੀਆਂ ਦੀ ਤਰਫੋਂ ਡਾ. ਜੁਗਿੰਦਰ ਦਿਆਲ, ਚਰਨ ਸਿੰਘ ਵਿਰਦੀ, ਬੰਤ ਸਿੰਘ ਬਰਾੜ, ਵਿਜੈ ਮਿਸ਼ਰਾ ਤੇ ਰਘੂਨਾਥ ਸ਼ਾਮਲ ਹੋਏ।

# ਹਰਸਿਮਰਤ ਬਾਦਲ ਅੰਤਾਂ ਦੀ ਘਮੰਡੀ: ਮਨਪ੍ਰੀਤ

**ਬਠਿੰਡਾ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਕਿ ਪੀਪਲਜ਼ ਪਾਰਟੀ ਵੱਲੋਂ ਉਮੀਦਵਾਰ ਮਾਲਵਾ ਖਿੱਤੇ ਵਿਚੋਂ ਹੀ ਚੋਣ ਲੜਨਗੇ। ਉਨ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਸਿੱਧਾ ਨਿਸ਼ਾਨਾ ਬਣਾਇਆ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਚੋਰ, ਡਾਕੂ ਤੇ ਲੁਟੇਰੇ ਹਾਕਮ ਧਿਰ ਦੇ ਸਪੌਂਸਰਡ ਹਨ ਤੇ ਇਹੋ ਕਾਰਨ ਹੈ ਕਿ ਪੰਜਾਬ ਵਿਚ ਆਪੋ-ਧਾਪੀ ਮੱਚੀ ਹੋਈ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦਾ ਸਿਸਟਮ ਉਦੋਂ ਤਕ ਨਹੀਂ ਸੁਧਰ ਸਕਦਾ ਜਿੰਨਾ ਸਮਾਂ ਕਾਨੂੰਨ ਗਰੀਬ ਚੋਰ ਤੇ ਸੁਖਬੀਰ ਸਿੰਘ ਬਾਦਲ ਨੂੰ ਇਕੋ ਨਜ਼ਰ ਨਾਲ ਨਹੀਂ ਦੇਖਦਾ।

ਉਨ੍ਹਾਂ ਆਖਿਆ ਕਿ ਇੱਥੇ ਅਮੀਰ ਤੇ ਗਰੀਬ ਲਈ ਅਲੱਗ-ਅਲੱਗ ਪੈਮਾਨੇ ਹਨ ਤੇ ਗਰੀਬ ਆਦਮੀ ਕੋਲ ਤਾਂ ਇਨਸਾਫ ਲੈਣ ਲਈ ਵੀ ਪਹੁੰਚ ਨਹੀਂ ਹੈ। ਉਨ੍ਹਾਂ ਆਖਿਆ ਕਿ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਤਾਂ ਘੁਮੰਡੀ ਹੈ ਕਿਉਂਕਿ ਉਸ ਨੇ ਕਦੇ ਹਾਰ ਨਹੀਂ ਦੇਖੀ। ਉਨ੍ਹਾਂ ਆਖਿਆ ਕਿ ਤਾਕਤ ਲੋਕਾਂ ਕੋਲ ਹੁੰਦੀ ਹੈ ਤੇ ਕਦੇ ਕੁਝ ਪਤਾ ਨਹੀਂ ਲੱਗਦਾ। ਉਨ੍ਹਾਂ ਆਖਿਆ ਕਿ ਹਰਸਿਮਰਤ ਹੰਕਾਰ ਦੀ ਬੋਲੀ ਬੋਲ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਂਝੇ ਮੋਰਚੇ ਵੱਲੋਂ ਭਖਦੇ ਮਸਲਿਆਂ 'ਤੇ ਪੰਜਾਬ ਭਰ ਵਿਚ 12 ਦਸੰਬਰ ਤੋਂ ਜ਼ਿਲ੍ਹਾਵਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਜੋ 17 ਦਸੰਬਰ ਤੱਕ ਜਾਰੀ ਰਹਿਣਗੇ। ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਸੀ ਕਿ ਸਾਂਝੇ ਮੋਰਚੇ ਵੱਲੋਂ ਪੰਜ ਦਸੰਬਰ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿਚ ਕਨਵੈਨਸ਼ਨ ਵੀ ਕੀਤੀ ਜਾ ਰਹੀ ਹੈ ਜਿਸ ਵਿਚ ਪੰਜਾਬ ਦੇ ਮੁੱਦੇ ਵਿਚਾਰੇ ਜਾਣੇ ਹਨ। ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਤਕਰੀਬਨ ਡੇਢ ਮਹੀਨਾ ਜ਼ਿਲ੍ਹਾਵਾਰ ਮੀਟਿੰਗਾਂ ਕੀਤੀਆਂ ਜਾਣਗੀਆਂ। ਉਸ ਮੌਕੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਵਪਾਰ ਜਾਂ ਸਾਂਝ ਵਧਾਉਣ ਬਾਰੇ ਫੈਸਲੇ ਸੁਖਬੀਰ ਬਾਦਲ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੇ ਬਲਕਿ ਇਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਦੌਰਾ ਕਰਨ ਤੋਂ ਪਹਿਲਾਂ ਸੁਖਬੀਰ ਬਾਦਲ ਨੂੰ ਪੰਜਾਬ ਵਿਚ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਤੇ ਰੁਜ਼ਗਾਰ ਦੇਣ ਵੱਲ ਧਿਆਨ ਦੇਣਾ ਚਾਹੀਦਾ ਹੈ। ਅਜਿਹੇ ਦੌਰੇ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਖ਼ਾਤਰ ਹੀ ਕੀਤੇ ਜਾ ਰਹੇ ਹਨ ਜਦਕਿ ਪੰਜਾਬ ਵਿਚ ਅਮਨ, ਕਾਨੂੰਨ ਦੀ ਹਾਲਤ ਡਾਵਾਂਡੋਲ ਹੋਈ ਪਈ ਹੈ।

## Matrimonials

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਥਿੰਦ ਇੰਡੀਆ ਰਹਿੰਦੇ ਅੰਮ੍ਰਿਤਧਾਰੀ, 23 ਸਾਲ, ਕੱਦ 5'-9", ਰਜਿਸਟਰਡ ਨਰਸ ਸੁਨੱਖੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੂਆ ਤੇ ਵੱਡੀ ਭੈਣ ਅਮਰੀਕਾ 'ਚ ਵੈਲ ਸੈਟਲਡ ਹਨ ਤੇ ਲੜਕੇ ਦਾ ਪਰਿਵਾਰ ਜਲਦੀ ਅਮਰੀਕਾ ਪਹੁੰਚ ਰਿਹਾ ਹੈ। ਸੰਪਰਕ ਕਰੋ: ਫੋਨ 530-713-7098, 91-97818-37605 ਜਾਂ ਈਮੇਲ: bains45@gmail.com

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

### ਵਰ ਦੀ ਲੋੜ ਹੈ

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1" ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਿਹਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790,
e-mail: prince.kular@yahoo.com

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com


Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


## ਸੰਗਤਾਂ ਸਾਵਧਾਨ ਰਹਿਣ !

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸ਼ਰਾਰਤੀ ਅਤੇ ਸਵਾਰਥੀ ਬਿਰਤੀ ਦੇ ਕੁਝ ਲੋਕ ਗੁਰੂਘਰ ਦੇ ਅਮਨ-ਅਮਾਨ ਨੂੰ ਭੰਗ ਕਰਨ ਅਤੇ ਸੰਗਤਾਂ ਵਿਚ ਦੁਬਿਧਾ ਪੈਦਾ ਕਰਨ ਦੀਆਂ ਗੋਂਦਾਂ ਗੁੰਦ ਰਹੇ ਹਨ। ਇਹ ਲੋਕ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਖੇ ਕਿਸੇ ਅਣਸੁਖਾਵੀਂ ਘਟਨਾ ਨੂੰ ਆਪ ਹੀ ਅੰਜ਼ਾਮ ਦੇ ਕੇ ਸੰਗਤਾਂ ਦੀਆਂ ਭਾਵਨਾਵਾਂ ਭੜਕਾਉਣ ਦਾ ਯਤਨ ਕਰ ਸਕਦੇ ਹਨ। ਇਸ ਸਬੰਧੀ ਸਥਾਨਕ ਪੁਲਿਸ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੂਚਿਤ ਕਰ ਦਿਤਾ ਗਿਆ ਹੈ। ਗੁਰੂਘਰ ਦੀ ਹਦੂਦ ਅੰਦਰ ਜੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਹ ਸ਼ਰਾਰਤੀ ਲੋਕ ਹੀ ਉਸ ਦੇ ਜ਼ਿੰਮੇਵਾਰ ਹੋਣਗੇ।

*ਸਮੂਹ ਸੰਗਤ*
*ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ*
227 W. State Rd, Island Lake. IL 60042


Sistar Mortgage
Minimizing Cost, Maximizing Investment
www.SistarMortgage.com


Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*

*Loans Available In Most States!*



>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only




*Madan Khatri*

**Available:**
- Town Homes in Des Plaines/Schaumburg
- Single Family House in Bensenville
- 6-plex in Arlington Heights
- Convenience Store in Villa Park
- Store Space in Streamwood
- Beauty Saloon in Wood Dale
- 34 Rm Motel in North-Cent. Iowa

**Madan Khatri 1-847-530-1550**
*A Broker who can work with you from Beginning to End, Call Now!*
**Top Producer in 2011 at the Prudential Office!**
**Interest Rates are below 4% and PRICES are DOWN 30% ! Buy A Home anywhere in Metro NOW !!**
**Prudential at 25 Turner Ave., Elk Grove Village, IL**
**www.PropertyZoo.com**



# ਮਾਇਆ ਜਾਲ ਬਣਿਆ ਚੱਢਾ ਭਰਾਵਾਂ ਦਾ ਅੰਤ

## ਪੌਂਟੀ ਤੇ ਹਰਦੀਪ ਚੱਢਾ ਆਪਸ 'ਚ ਲੜ ਮਰੇ

### *100 ਕਰੋੜ ਦਾ ਫਾਰਮਹਾਊਸ ਕਾਰਨ ਬਣਿਆ*



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼ਰਾਬ ਦੇ ਕਾਰੋਬਾਰ ਦਾ ਬਾਦਸ਼ਾਹ ਕਹਾਉਣ ਵਾਲਾ ਪੌਂਟੀ ਚੱਢਾ ਆਖ਼ਰ ਮਾਇਆ ਦੇ ਜਾਲ ਵਿਚ ਉਲਝ ਕੇ ਹੀ ਜਾਨ ਗਵਾ ਬੈਠਾ। ਉਸ ਦੇ ਦੱਖਣੀ ਦਿੱਲੀ ਸਥਿਤ ਫਾਰਮ ਹਾਊਸ 'ਤੇ ਲੰਘੇ ਦਿਨ ਸੰਪਤੀ ਵਿਵਾਦ ਨੂੰ ਸੁਲਝਾਉਣ ਲਈ ਕੀਤੀ ਜਾ ਰਹੀ ਗੱਲਬਾਤ ਦੌਰਾਨ ਦੋਵਾਂ ਭਾਰਵਾਂ ਵਿਚਾਲੇ ਹੋਈ ਗੋਲੀਬਾਰੀ ਵਿਚ ਪੌਂਟੀ ਚੱਢਾ ਤੇ ਉਸ ਦਾ ਭਰਾ ਹਰਦੀਪ ਸਿੰਘ ਮਾਰਿਆ ਗਿਆ। 55 ਸਾਲਾ ਗੁਰਦੀਪ ਸਿੰਘ ਚੱਢਾ ਉਰਫ ਪੌਂਟੀ ਦੇ ਆਪਣੇ ਭਰਾ ਨਾਲ ਚੰਗੇ ਸਬੰਧ ਨਹੀਂ ਸਨ ਤੇ ਉਨ੍ਹਾਂ ਵਿਚਾਲੇ ਸੰਪਤੀ ਕਾਰਨ ਤਕਰਾਰ ਚੱਲ ਰਿਹਾ ਸੀ।

ਪੁਲਿਸ ਅਨੁਸਾਰ ਸੰਪਤੀ ਦਾ ਵਿਵਾਦ ਸੁਲਝਾਉਣ ਲਈ ਬੈਠਕ ਸੱਦੀ ਗਈ ਸੀ। ਸ਼ੁਰੂ ਵਿਚ ਸਭ ਕੁਝ ਠੀਕ ਚੱਲ ਰਿਹਾ ਸੀ ਪਰ ਛੇਤੀ ਹੀ ਗਰਮਾ ਗਰਮੀ ਹੋ ਗਈ। ਹਰਦੀਪ ਤੈਸ਼ ਵਿਚ ਆ ਗਿਆ ਤੇ ਉਸ ਨੇ ਆਪਣੇ ਭਰਾ ਉਪਰ ਗੋਲੀਆਂ ਦੀ ਬੁਛਾੜ ਕਰ ਦਿੱਤੀ। ਇਸ ਦੇ ਨਾਲ ਹੀ ਪੌਂਟੀ ਦੇ ਸੁਰੱਖਿਆ ਗਾਰਡਾਂ ਨੇ ਹਰਦੀਪ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਨਾਲ ਉਸ ਦੀ ਵੀ ਮੌਤ ਹੋ ਗਈ। ਇਹ ਵੀ ਚਰਚਾ ਹੈ ਕਿ ਹਰਦੀਪ ਤੇ ਪੌਂਟੀ ਨੇ ਇਕ ਦੂਜੇ ਉਪਰ ਗੋਲੀਆਂ ਚਲਾਈਆਂ ਤੇ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਨੇ ਵੀ ਫਾਇਰਿੰਗ ਕੀਤੀ।

ਪੌਂਟੀ ਚੱਢਾ ਦੇ ਘਰ ਉਪਰ ਗੋਲੀਬਾਰੀ ਦੀ ਇਹ ਦੂਜੀ ਘਟਨਾ ਸੀ। ਇਸ ਤੋਂ ਪਹਿਲਾਂ ਉਨ੍ਹਾਂ ਦੇ ਮੁਰਾਦਾਬਾਦ ਸਥਿਤ ਘਰ ਵਿਚ ਪੰਜ ਅਕਤੂਬਰ ਨੂੰ ਗੋਲੀਬਾਰੀ ਹੋਈ ਸੀ। ਉਨ੍ਹਾਂ ਦਾ ਕਾਫੀ ਕਾਰੋਬਾਰ ਹੈ ਜਿਸ ਵਿਚ ਸ਼ਰਾਬ ਫੈਕਟਰੀਆਂ, ਮਲਟੀਪਲੈਕਸ ਚੀਨੀ ਤੇ ਕਾਗਜ਼ ਦੀਆਂ ਮਿੱਲਾਂ, ਰੀਅਲ ਅਸਟੇਟ ਤੇ ਫਿਲਮਾਂ ਸ਼ਾਮਲ ਹਨ। ਉਹ 'ਜੋ ਬੋਲੇ ਸੋ ਨਿਹਾਲ' ਫ਼ਿਲਮ ਦੇ ਨਿਰਮਾਤਾ ਵੀ ਸਨ। ਫ਼ਿਲਮ ਦਾ ਮੁੱਖ ਕਲਾਕਾਰ ਸੰਨੀ ਦਿਓਲ ਸੀ।

ਹਰਦੀਪ ਸਿੰਘ ਦੇ ਵਕੀਲ ਅਨੁਸਾਰ "ਪਿਤਾ ਕੁਲਵੰਤ ਸਿੰਘ ਚੱਢਾ ਦੀ ਮੌਤ ਤੋਂ ਬਾਅਦ ਦੋਵਾਂ ਭਰਾਵਾਂ ਵਿਚਾਲੇ ਸੰਪਤੀ ਦੀ ਵੰਡ ਨੂੰ ਲੈ ਕੇ ਲੜਾਈ ਕਾਫੀ ਗੰਭੀਰ ਹੋ ਚੁੱਕੀ ਸੀ। ਪਰਿਵਾਰ ਦੇ ਕਈ ਸਾਂਝੇ ਕਾਰੋਬਾਰ ਹਨ ਤੇ ਸੰਪਤੀ ਹੈ। ਉਨ੍ਹਾਂ ਦੇ ਹੱਲ ਲਈ ਗੱਲਬਾਤ ਤਾਂ ਚੱਲ ਰਹੀ ਸੀ ਪਰ ਉਹ ਸਹੀ ਦਿਸ਼ਾ ਵੱਲ ਨਹੀਂ ਸੀ ਜਾ ਰਹੀ। ਪੌਂਟੀ ਦੀ ਉੱਤਰ ਪ੍ਰਦੇਸ਼ ਦੇ ਸਿਆਸਤਦਾਨਾਂ ਦੇ ਕਾਫੀ ਨੇੜਤਾ ਸੀ। ਉਹ ਸੂਬੇ ਵਿਚ ਸ਼ਰਾਬ ਕਾਰੋਬਾਰ ਖੇਤਰ ਦੇ ਪ੍ਰਮੁੱਖ ਨਾਵਾਂ ਵਿਚੋਂ ਇਕ ਸੀ। ਪੰਜਾਬ ਵਿਚ ਕਿਸੇ ਸਮੇਂ ਉਨ੍ਹਾਂ ਦੀ ਪੂਰੀ ਠੁੱਕ ਸੀ। ਇਸੇ ਸਾਲ ਫਰਵਰੀ ਵਿਚ ਆਮਦਨ ਕਰ ਵਿਭਾਗ ਦੀਆਂ ਟੀਮਾਂ ਨੇ ਉਨ੍ਹਾਂ ਦੇ 13 ਟਿਕਾਣਿਆਂ ਉਪਰ ਛਾਪੇ ਮਾਰੇ ਸਨ।

## ਅਕਾਲੀਆਂ ਤੇ ਕਾਂਗਰਸੀਆਂ ਨਾਲ ਯਾਰੀ

**ਚੰਡੀਗੜ੍ਹ:** ਪੌਂਟੀ ਚੱਢਾ ਦੀ ਬੇਟੀ ਦੇ ਵਿਆਹ ਸਮਾਰੋਹ ਵਿਚ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੋਵੇਂ ਹੀ ਸ਼ਾਮਲ ਹੋਏ ਸਨ। ਛਤਰਪੁਰ ਦੇ ਫਾਰਮ ਹਾਊਸ ਜਿਥੇ ਪੌਂਟੀ ਚੱਢਾ ਤੇ ਉਸ ਦੇ ਭਰਾ ਨੇ ਇਕ-ਦੂਜੇ ਦੀ ਗੋਲੀ ਮਾਰ ਕੇ ਹੱਤਿਆ ਕੀਤੀ, ਵਿਚ ਹੀ ਪੌਂਟੀ ਚੱਢਾ ਦੀ ਬੇਟੀ ਦੇ ਵਿਆਹ ਪਿੱਛੋਂ ਰਿਸੈਪਸ਼ਨ ਕੀਤੀ ਗਈ ਸੀ। ਇਸ ਸਮਾਰੋਹ ਵਿਚ ਮਾਇਆਵਤੀ ਨਹੀਂ ਸੀ ਆਈ ਕਿਉਂਕਿ ਉੱਤਰ ਪ੍ਰਦੇਸ਼ ਵਿਖੇ ਪੌਂਟੀ ਚੱਢਾ ਦੇ ਕਾਰੋਬਾਰ 'ਤੇ ਆਮਦਨ ਕਰ ਵਿਭਾਗ ਨੇ ਛਾਪੇ ਮਾਰੇ ਸਨ। ਵਿਆਹ ਸਮਾਰੋਹ ਇਸ ਸਾਲ ਫਰਵਰੀ ਮਹੀਨੇ ਦੇ ਦੂਜੇ ਹਫਤੇ ਹੋਇਆ ਸੀ। ਇਸ ਸਮਾਰੋਹ ਵਿਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਸਮਾਜਵਾਦੀ ਪਾਰਟੀ ਦੇ ਨੇਤਾ ਰਾਮਗੋਪਾਲ ਯਾਦਵ, ਬਸਪਾ ਦੇ ਸਾਬਕਾ ਐਮ.ਪੀ. ਅਕਬਰ ਅਹਿਮਦ ਡੰਪੀ, ਉਦਯੋਗਪਤੀ ਵਿਜੇ ਮਾਲਿਆ, ਸੁਰੇਸ਼ ਨੰਦਾ ਤੇ 2000 ਦੇ ਕਰੀਬ ਲੋਕਾਂ ਨੇ ਹਾਜ਼ਰੀ ਭਰੀ ਸੀ। ਪੌਂਟੀ ਚੱਢਾ ਨੇ ਵਿਆਹ ਸਮਾਰੋਹ ਵਿਚ ਮਹਿਮਾਨਾਂ ਦੇ ਮਨੋਰੰਜਨ ਲਈ ਪਾਕਿਸਤਾਨ ਤੋਂ ਸੂਫੀ ਗਾਇਕਾਂ ਨੂੰ ਸੱਦਿਆ ਸੀ। ਪੌਂਟੀ ਚੱਢਾ ਨੇ ਮਹਿਮਾਨਾਂ ਨੂੰ ਸਮਾਰੋਹ ਵਿਚ ਸ਼ਰਾਬ ਨਹੀਂ ਪਿਲਾਈ ਸੀ।





## ਫਿਲਮੀ ਦੁਨੀਆ ਤੱਕ ਉਡਾਣ

ਰਾਜੂ ਨਰੂਲਾ ਜਿਸ ਦੇ ਸਿਰ ਐਲਾਨ, ਗੁੰਡਾ ਰਾਜ, ਉਡਾਨ, ਅਫਲਾਤੂਨ ਤੇ ਚੋਰੀ-ਚੋਰੀ ਫਿਲਮਾਂ ਬਣਾਉਣ ਦਾ ਸਿਹਰਾ ਬੱਝਦਾ ਹੈ, ਨੇ ਪੌਂਟੀ ਨਾਲ ਰਲ ਕੇ ਮਰਡਰ-2, ਖਾਕੀ, ਕੰਪਨੀ ਤੇ ਗ਼ਦਰ ਦੀ ਡਿਸਟਰੀਬਿਊਸ਼ਨ ਵੀ ਕੀਤੀ ਪਰ ਨਰੂਲਾ ਦੀ ਛੋਟੀ ਉਮਰੇ ਹੀ ਮੌਤ ਹੋ ਗਈ। 2005 ਵਿਚ ਪੌਂਟੀ 'ਜੋ ਬੋਲੇ ਸੋ ਨਿਹਾਲ' ਫਿਲਮ ਦਾ ਨਿਰਮਾਤਾ ਬਣਿਆ। ਉਸ ਦਾ ਸਭ ਤੋਂ ਪਹਿਲਾ ਮਲਟੀਪਲੈਕਸ ਸੈਂਟਰਸਟੇਜ ਮਾਲ ਨੋਇਡਾ ਵਿਚ ਖੜ੍ਹਾ ਹੋਇਆ ਜਿਸ ਦਾ ਘੇਰਾ 3.50 ਲੱਖ ਵਰਗ ਫੁੱਟ ਹੈ। ਉੱਤਰ ਪ੍ਰਦੇਸ਼ ਵਿਚ ਝੰਡੇ ਗੱਡਣ ਮਗਰੋਂ ਉਸ ਨੇ ਪੰਜਾਬ ਵਿਚ ਸ਼ਰਾਬ, ਮਲਟੀਪਲੈਕਸ, ਰੀਅਲ ਅਸਟੇਟ ਤੇ ਮਨੋਰੰਜਨ ਦੇ ਖੇਤਰ ਵਿਚ ਸਰਦਾਰੀ ਕਾਇਮ ਕੀਤੀ।

## ਰੇਹੜੀ ਤੋਂ ਅਰਬਾਂ ਖਰਬਾਂ ਤੱਕ

ਪੌਂਟੀ ਚੱਢਾ ਦੇ ਪਿਤਾ ਮਰਹੂਮ ਕੁਲਵੰਤ ਸਿੰਘ ਚੱਢਾ ਕਿਸੇ ਵੇਲੇ ਇਕ ਠੇਕੇ ਦੇ ਸਾਹਮਣੇ ਰੇਹੜੀ ਲਾਉਂਦੇ ਹੁੰਦੇ ਸਨ। ਉਨ੍ਹਾਂ ਨੇ 1968 ਵਿਚ ਛੋਟੀ ਜਿਹੀ ਗੁੜ ਮਿੱਲ ਲਾ ਕੇ ਕਾਰੋਬਾਰ ਦੀ ਸ਼ੁਰੂਆਤ ਕੀਤੀ। ਇਸ ਮਗਰੋਂ ਪਿਤਾ ਤੇ ਉਨ੍ਹਾਂ ਦੇ ਤਿੰਨ ਪੁੱਤਰਾਂ ਪੌਂਟੀ, ਹਰਦੀਪ ਤੇ ਰਾਜਿੰਦਰ ਸਿੰਘ ਨੇ ਰਲ ਕੇ ਫੂਡ ਪ੍ਰੋਸੈਸਿੰਗ, ਪੇਪਰ ਤੇ ਸ਼ੂਗਰ ਮਿੱਲ, ਸ਼ਰਾਬ ਫੈਕਟਰੀਆਂ, ਬੌਟਲਿੰਗ ਪਲਾਂਟ, ਰੀਅਲ ਅਸਟੇਟ ਤੇ ਫ਼ਿਲਮ ਡਿਸਟਰੀਬਿਊਸ਼ਨ ਸਣੇ ਹੋਰ ਕਈ ਕੰਮਾਂ ਵਿਚ ਹੱਥ ਪਾ ਕੇ 6000 ਕਰੋੜ ਰੁਪਏ ਦੀ ਸਲਤਨਤ ਖੜ੍ਹੀ ਕਰ ਦਿੱਤੀ। ਇਨ੍ਹਾਂ ਨੇ ਵੇਵ ਇੰਕ ਨਾਮ ਦੀ ਕੰਪਨੀ ਖੜ੍ਹੀ ਕੀਤੀ ਜਿਹੜੀ ਚੱਢਾ ਗਰੁੱਪ ਨਾਲ ਮਸ਼ਹੂਰ ਹੈ।

## ਪਰਿਵਾਰ ਨੂੰ ਸਾਜ਼ਿਸ਼ ਦਾ ਸ਼ੱਕ

ਚੱਢਾ ਭਰਾਵਾਂ ਗੁਰਦੀਪ ਉਰਫ਼ ਪੌਂਟੀ ਅਤੇ ਹਰਦੀਪ ਦੀਆਂ ਹੱਤਿਆਵਾਂ ਦੀ ਦੂਹਰੀ ਤ੍ਰਾਸਦੀ ਨਾਲ ਜੂਝ ਰਹੇ ਇਸ ਪਰਿਵਾਰ ਦੇ ਕੁਝ ਮੈਂਬਰਾਂ ਦਾ ਮੰਨਣਾ ਹੈ ਕਿ ਇਸ ਘਟਨਾ ਪਿੱਛੇ ਕੋਈ ਸਾਜ਼ਿਸ਼ ਵੀ ਹੋ ਸਕਦੀ ਹੈ। ਇਸ ਪਰਿਵਾਰ ਕੋਲ ਸਾਂਝੇ ਤੌਰ 'ਤੇ 40 ਤੋਂ 50 ਹਜ਼ਾਰ ਕਰੋੜ ਰੁਪਏ ਤੱਕ ਦੀ ਸੰਪਤੀ ਹੈ। ਪਰਿਵਾਰਕ ਸੂਤਰਾਂ ਅਨੁਸਾਰ ਇਨ੍ਹਾਂ ਮੌਤਾਂ ਪਿੱਛੇ ਕਿਸੇ ਸਾਜ਼ਿਸ਼ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੋਵਾਂ ਭਰਾਵਾਂ ਦੇ ਵੱਖੋ-ਵੱਖਰੇ ਕਾਰੋਬਾਰ ਸਨ ਤੇ ਅਜਿਹੀ ਕਿਹੜੀ ਗੱਲ ਸੀ ਜਿਸ ਨੇ ਇਨ੍ਹਾਂ ਨੂੰ ਖੁੱਲ੍ਹੇਆਮ ਇਕ-ਦੂਜੇ 'ਤੇ ਗੋਲੀਆਂ ਚਲਾਉਣ ਲਈ ਮਜਬੂਰ ਕਰ ਦਿੱਤਾ।

## ਉਤਰਾਖੰਡ ਦਾ ਆਗੂ ਸ਼ੱਕ ਦੇ ਘੇਰੇ 'ਚ

ਲਿੱਕਰ ਕਿੰਗ ਪੌਂਟੀ ਚੱਢਾ ਤੇ ਉਸ ਦੇ ਭਰਾ ਦੇ ਕਤਲ ਦੇ ਮਾਮਲੇ ਵਿਚ ਉਤਰਾਖੰਡ ਦੇ ਇਕ ਆਗੂ ਤੇ ਸੂਬਾਈ ਪੁਲਿਸ ਦੇ ਇਕ ਕਾਂਸਟੇਬਲ ਦਾ ਨਾਂ ਵੀ ਸਾਹਮਣੇ ਆ ਰਿਹਾ ਹੈ। ਉਤਰਾਖੰਡ ਦੇ ਡੀਜੀਪੀ ਸੱਤਿਆਵਰਤ ਬਾਂਸਲ ਨੇ ਦੱਸਿਆ ਕਿ ਇੰਸਪੈਕਟਰ ਪ੍ਰਮੋਦ ਸ਼ਾਹ ਦੀ ਅਗਵਾਈ ਹੇਠ ਟੀਮ ਦਿੱਲੀ ਭੇਜੀ ਗਈ ਹੈ। ਇਹ ਟੀਮ ਉਤਰਾਖੰਡ ਪੁਲਿਸ ਦੇ ਕਾਂਸਟੇਬਲ ਸਚਿਨ ਤਿਆਗੀ ਦੀ ਇਸ ਹੱਤਿਆ ਕਾਂਡ ਵਿਚ ਕਥਿਤ ਭੂਮਿਕਾ ਬਾਰੇ ਜਾਂਚ ਕਰੇਗੀ। ਤਿਆਗੀ ਇਸ ਵੇਲੇ ਸੂਬੇ ਦੇ ਘੱਟ-ਗਿਣਤੀਆਂ ਸਬੰਧੀ ਕਮਿਸ਼ਨ ਦੇ ਚੇਅਰਮੈਨ ਸੁਖਦੇਵ ਸਿੰਘ ਨਾਮਧਾਰੀ ਦੇ ਅੰਗ-ਰੱਖਿਅਕ ਵਜੋਂ ਤਾਇਨਾਤ ਹੈ ਜੋ ਸ਼ਨਿਚਰਵਾਰ ਨੂੰ ਵਾਪਰੀ ਇਸ ਘਟਨਾ ਮੌਕੇ ਹਾਜ਼ਰ ਸਨ। ਡੀਜੀਪੀ ਨੇ ਦੱਸਿਆ ਕਿ ਉਨ੍ਹਾਂ ਨੂੰ ਮਿਲੀ ਸੂਚਨਾ ਅਨੁਸਾਰ ਸ੍ਰੀ ਨਾਮਧਾਰੀ ਨੇ ਆਪਣੀ ਐਫ.ਆਈ.ਆਰ. ਵਿਚ ਕਿਹਾ ਹੈ ਕਿ ਤਿਆਗੀ ਨੇ ਉਨ੍ਹਾਂ ਦੀ ਰੱਖਿਆ ਵਾਸਤੇ ਘਟਨਾ ਮੌਕੇ ਕੁਝ ਗੋਲੀਆਂ ਚਲਾਈਆਂ ਸਨ।

## ਪੰਜਾਬ ਦੀ ਸਿਆਸਤ ਵਿਚ ਰਹੀ ਪੂਰੀ ਪੈਂਠ

ਗੁਰਦੀਪ ਸਿੰਘ ਚੱਢਾ ਉਰਫ਼ ਪੌਂਟੀ ਤੇ ਉਸ ਦੇ ਭਰਾ ਹਰਦੀਪ ਸਿੰਘ ਚੱਢਾ ਦੇ ਪੰਜਾਬ ਨਾਲ ਗੂੜ੍ਹੇ ਕਾਰੋਬਾਰੀ ਸਬੰਧ ਸਨ ਤੇ ਇਸ ਪਰਿਵਾਰ ਦੇ ਸਿਆਸੀ ਸਬੰਧ ਕਿਸੇ ਤੋਂ ਲੁਕੇ ਨਹੀਂ ਰਹੇ। ਬਹੁਤੇ ਲੋਕਾਂ ਨੂੰ ਲੱਗਦਾ ਸੀ ਕਿ ਪੌਂਟੀ ਕਾਂਗਰਸ ਦੇ ਨੇੜੇ ਹੈ ਪਰ ਉੱਤਰ ਪ੍ਰਦੇਸ਼ ਵਿਚ ਉਸ ਦੀ ਸਮਾਜਵਾਦੀ ਪਾਰਟੀ ਤੇ ਬਸਪਾ ਨਾਲ ਵੀ ਨੇੜਤਾ ਸੀ। ਪੰਜਾਬ ਵਿਚ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਨਾਲ ਲੈ ਕੇ ਤੁਰਿਆ।

ਚੱਢਾ ਪਰਿਵਾਰ ਨੇ ਬਸਪਾ ਦੀ ਉੱਤਰ ਪ੍ਰਦੇਸ਼ ਵਿਚਲੀ ਪਿਛਲੀ ਸਰਕਾਰ ਦੌਰਾਨ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕੀਤੀ। ਪੌਂਟੀ ਨੇ ਆਪਣੇ ਪਿਤਾ ਕੁਲਵੰਤ ਸਿੰਘ ਚੱਢਾ ਨਾਲ ਰਲ ਕੇ ਆਪਣਾ ਕਰੀਅਰ ਮੁਰਾਦਾਬਾਦ ਵਿਚ ਸ਼ਰਾਬ ਦੇ ਠੇਕੇ ਦੇ ਬਾਹਰ ਖਾਣਾ-ਪੀਣ ਦਾ ਸਾਮਾਨ ਵੇਚਣ ਨਾਲ ਸ਼ੁਰੂ ਕੀਤਾ। ਹਰਦੀਪ ਦਾ ਮੁੱਖ ਕਾਰੋਬਾਰ ਪੇਪਰ ਤੇ ਖੰਡ ਮਿੱਲਾਂ ਸਨ। ਦੋਵਾਂ ਭਰਾਵਾਂ ਵਿਚ ਲੜਾਈ, ਨਵੀਆਂ ਖੰਡ ਮਿੱਲਾਂ ਦੀ ਮਾਲਕੀ ਨੂੰ ਲੈ ਕੇ ਸੀ। ਆਪਣੀ ਕੰਪਨੀ ਵੇਵ ਇੰਕ ਦੇ ਮੁਕਾਬਲੇ ਇਹ ਪਰਿਵਾਰ ਚੱਢਾ ਗਰੁੱਪ ਕਰਕੇ ਵੱਧ ਮਸ਼ਹੂਰ ਹੈ। ਇਸ ਗਰੁੱਪ ਦੇ ਦਿੱਲੀ, ਨੋਇਡਾ, ਕੌਸਾਂਬੀ, ਲਖਨਊ, ਲੁਧਿਆਣਾ, ਮੁਰਾਦਾਬਾਦ ਤੇ ਹਰਿਦੁਆਰ ਵਿਚ 8107 ਸੀਟਾਂ ਤੇ 28 ਸਕਰੀਨਾਂ ਵਾਲੇ ਮਲੀਪਲੈਕਸ ਹਨ ਤੇ ਪਰਿਵਾਰ ਦੀ ਠੁੱਕ ਰੀਅਲ ਅਸਟੇਟ ਵਿਚ ਵੀ ਹੈ।

ਪੰਜਾਬ ਵਿਚ 1990 ਦੇ ਦਹਾਕੇ ਦੌਰਾਨ ਸ਼ਰਾਬ ਕਾਰੋਬਾਰ ਵਿਚ ਪੈਰ ਪਸਾਰਨ ਤੋਂ ਪਹਿਲਾਂ ਪੌਂਟੀ ਚੱਢਾ ਫਿਲਮ ਡਿਸਟਰੀਬਿਊਸ਼ਨ (ਗਿੰਨੀ ਆਰਟਸ) ਦਾ ਜਾਣਿਆ-ਪਛਾਣਿਆ ਨਾਂ ਸੀ ਪਰ ਉਸ ਦਾ ਮੁੱਖ ਕਾਰੋਬਾਰ ਸ਼ਰਾਬ ਤੇ ਖੰਡ ਮਿੱਲਾਂ ਸਨ। 1997 ਵਿਚ ਜਦੋਂ ਅਕਾਲੀ-ਭਾਜਪਾ ਸਰਕਾਰ ਸ਼ਰਾਬ ਕਾਰੋਬਾਰ ਵਿਚ ਲੁਧਿਆਣਾ ਵਿਚ ਗਰਚਾ ਭਰਾਵਾਂ ਤੇ ਮਾਝੇ ਵਿਚ ਕੈਰੋਂ ਦੀ ਸਰਦਾਰੀ ਖਤਮ ਕਰਨਾ ਚਾਹੁੰਦੀਆਂ ਸੀ ਤਾਂ ਉਦੋਂ ਲੁਧਿਆਣਾ ਦੇ ਰਾਜੂ ਨਰੂਲਾ ਨੇ ਪੌਂਟੀ ਨੂੰ ਤੱਤਕਾਲੀ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨਾਲ ਮਿਲਾਇਆ। ਇਸ ਮਗਰੋਂ ਪੌਂਟੀ ਪੰਜਾਬ ਦੇ ਸ਼ਰਾਬ ਕਾਰੋਬਾਰ ਵਿਚ ਪੂਰੀ ਤਰ੍ਹਾਂ ਛਾ ਗਿਆ।

ਅਕਾਲੀ-ਭਾਜਪਾ ਸਰਕਾਰ ਦੇ ਜਾਣ ਮਗਰੋਂ ਸੂਬੇ ਵਿਚ ਆਈ ਕਾਂਗਰਸ ਸਰਕਾਰ ਦੌਰਾਨ ਉਹ ਕਾਂਗਰਸ ਨਾਲ ਘਿਓ-ਖਿਚੜੀ ਹੋ ਗਿਆ। ਉਦੋਂ ਠੇਕਿਆਂ ਦੀ ਨਿਲਾਮੀ ਉਸ ਵੇਲੇ ਤਕ ਸ਼ੁਰੂ ਨਹੀਂ ਸੀ ਹੁੰਦੀ ਜਦੋਂ ਤਕ ਪੌਂਟੀ ਆਪਣੇ ਅੰਗ-ਰੱਖਿਅਕਾਂ ਨਾਲ ਬੋਲੀ ਵਾਲੀ ਥਾਂ ਨਹੀਂ ਸੀ ਪੁੱਜਦਾ।

ਉਸ ਦੇ ਸਰਨਾ ਭਰਾਵਾਂ, ਪਰਮਜੀਤ ਸਿੰਘ ਤੇ ਹਰਵਿੰਦਰ ਸਿੰਘ ਨਾਲ ਵੀ ਚੰਗੇ ਸਬੰਧ ਸਨ। ਦੋਵਾਂ ਭਰਾਵਾਂ ਦੀ ਬਦੌਲਤ ਹੀ ਉਹ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜੇ ਪੁੱਜਾ।

## *ਪੰਜਾਬ ਵਿਚ ਅਰਬਾਂ ਦਾ ਕਾਰੋਬਾਰ*

ਚੱਢਾ ਭਰਾਵਾਂ ਦਾ ਪੰਜਾਬ ਵਿਚ ਹੀ ਅਰਬਾਂ ਦਾ ਕਾਰੋਬਾਰ ਤੇ ਜਾਇਦਾਦ ਹੈ। ਪੌਂਟੀ ਚੱਢਾ ਦੀ ਇਕ ਭੈਣ ਲੁਧਿਆਣਾ ਦੇ ਸਰਾਭਾ ਨਗਰ ਵਿਚ ਰਹਿ ਰਹੀ ਹੈ। ਪੌਂਟੀ ਦਾ ਆਪਣੀ ਭੈਣ ਨਿਸ਼ੀ ਨਾਲ ਬਹੁਤ ਸਨੇਹ ਸੀ। ਉਹ ਜਦੋਂ ਵੀ ਲੁਧਿਆਣਾ ਆਉਂਦਾ ਤਾਂ ਆਪਣੀ ਭੈਣ ਨਿਸ਼ੀ ਕੋਲ ਹੀ ਠਹਿਰਦਾ।ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਪਹਿਲੀ ਵਾਰ ਪੌਂਟੀ ਚੱਢਾ ਪੰਜਾਬ ਵਿਚ ਸ਼ਰਾਬ ਦਾ ਕਾਰੋਬਾਰ ਕਰਨ ਆਇਆ ਤਾਂ ਉਸ ਨੇ ਇੱਥੇ ਜੰਮੇ ਹੋਏ ਸ਼ਰਾਬ ਦੇ ਕਾਰੋਬਾਰੀਆਂ ਗਰਚਾ ਗਰੁੱਪ, ਸਿੱਧੂ ਗਰੁੱਪ, ਛਾਬੜਾ ਗਰੁੱਪ, ਢਿੱਲੋਂ ਗਰੁੱਪ ਦੇ ਪੈਰ ਉਖਾੜ ਦਿੱਤੇ। ਪੌਂਟੀ ਗਰੁੱਪ ਨੇ ਹੀ ਪਹਿਲੀ ਵਾਰ ਲੁਧਿਆਣਾ ਵਿਚ ਫਿਰੋਜ਼ਪੁਰ ਰੋਡ 'ਤੇ ਇਕ ਅਰਬ ਰੁਪਏ ਦੀ ਲਾਗਤ ਨਾਲ ਵੈਸਟਰਨ ਮਾਲ ਉਸਾਰਿਆ। ਉਸ ਨੇ ਪੰਜਾਬ ਵਿਚ ਸ਼ੂਗਰ ਮਿੱਲਾਂ ਤੇ ਪੇਪਰ ਮਿੱਲਾਂ ਲਾਈਆਂ। ਰੀਅਲ ਅਸਟੇਟ ਤੇ ਫਿਲਮ ਸਨਅਤ ਵਿਚ ਉਨ੍ਹਾਂ ਆਪਣੇ ਪੈਰ ਜਮਾ ਲਏ। ਪੌਂਟੀ ਚੱਢਾ ਲੁਧਿਆਣਾ ਦੇ ਆਮ ਲੋਕਾਂ ਵਿਚ ਬਹੁਤ ਘੱਟ ਵਿਚਰਦਾ ਸੀ। ਉਂਜ ਉਹ ਸ਼ਹਿਰ ਦੇ ਧਨਾਢ ਲੋਕਾਂ ਦੇ ਸਮਾਗਮ ਵਿਚ ਅਕਸਰ ਸ਼ਮੂਲੀਅਤ ਕਰਦਾ ਸੀ। ਪੌਂਟੀ ਦਾ ਮੁਹਾਲੀ ਵਿਚ 264 ਏਕੜ ਦਾ ਫੇਅਲੇਕਸ ਕੰਟਰੀ ਰਿਹਾਇਸ਼ੀ ਪ੍ਰਾਜੈਕਟ ਹੈ। ਇਸ ਤੋਂ ਇਲਾਵਾ ਵੇਵ ਮਾਲ ਲੁਧਿਆਣਾ ਵਿਚ ਹੈ। ਕੋਕਾ ਕੋਲਾ ਬਾਟਲਿੰਗ ਪਲਾਂਟ ਅੰਮ੍ਰਿਤਸਰ ਵਿਚ ਹੈ। ਉਸ ਦੇ ਸਾਫ਼ਟ ਡਰਿੰਕਸ, ਰੀਅਲ ਅਸਟੇਟ, ਸ਼ਰਾਬ ਤੇ ਮਲਟੀਪਲੈਕਸ ਤੋਂ ਇਲਾਵਾ ਏਬੀ ਸ਼ੂਗਰਜ਼ (ਦਸੂਹਾ) ਤੇ ਏਬੀ ਗਰੇਨਜ਼ ਸਪਿਰਟਸ (ਗੁਰਦਾਸਪੁਰ) ਹੈ। ਦੋਵੇਂ ਬਿਜਲੀ ਪੈਦਾ ਕਰਨ ਦੇ ਸਮਰੱਥ ਹਨ।

# ਓਕ ਕਰੀਕ ਗੋਲੀ ਕਾਂਡ: ਪੁਲਿਸ ਦੀ ਫੁਰਤੀ ਕਰਕੇ ਬਚੀਆਂ ਕਈ ਜਾਨਾਂ

**ਵਾਸ਼ਿੰਗਟਨ:** ਲੰਘੇ ਅਗਸਤ ਮਹੀਨੇ ਗੁਰਦੁਆਰਾ ਓਕ ਕਰੀਕ ਵਿਚ ਇਕ ਸਿਰਫਿਰੇ ਗੋਰੇ ਹਮਲਾਵਰ ਵੱਲੋਂ ਚਲਾਈ ਗਈ ਗੋਲੀ ਦੌਰਾਨ ਸੈਂਕੜੇ ਜ਼ਿੰਦਗੀਆਂ ਬਚਾਉਣ ਵਾਲੇ ਪੁਲਿਸ ਅਫਸਰਾਂ ਨੇ ਪਹਿਲੀ ਵਾਰ ਉਸ ਦਿਨ ਦੀਆਂ ਹੌਲਨਾਕ ਯਾਦਾਂ ਟੀ ਵੀ ਇੰਟਰਵਿਊ ਵਿਚ ਸਾਂਝੀਆਂ ਕੀਤੀਆਂ। ਇਸ ਗੋਲੀਬਾਰੀ ਵਿਚ ਛੇ ਵਿਅਕਤੀ ਮਾਰੇ ਗਏ ਸਨ। ਜੇਕਰ ਇਹ ਪੁਲਿਸ ਅਧਿਕਾਰੀ ਉਥੇ ਨਾ ਪਹੁੰਚੇ ਹੁੰਦੇ ਤਾਂ ਹਮਲਾਵਰ ਨੇ ਕਈ ਹੋਰ ਵਿਅਕਤੀ ਮਾਰ ਦੇਣੇ ਸਨ।

ਸੀ.ਬੀ.ਸੀ. ਨਿਊਜ਼ ਨਾਲ ਇੰਟਰਵਿਊ ਵਿਚ ਪੁਲਿਸ ਲੈਫਟੀਨੈਂਟ ਬਰਾਇਨ ਮਰਫੀ ਤੇ ਅਧਿਕਾਰੀ ਸੈਮ ਲੈਂਡਾ ਨੇ ਦੱਸਿਆ ਕਿ ਐਤਵਾਰ ਦੀ ਸਵੇਰ ਪਿਸਤੌਲ ਸਮੇਤ ਇਕ ਵਿਅਕਤੀ ਓਕ ਕਰੀਕ ਦੇ ਗੁਰਦੁਆਰੇ ਵਿਚ ਦਾਖਲ ਹੋ ਗਿਆ ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਿਸ ਅਧਿਕਾਰੀਆਂ ਅਨੁਸਾਰ ਸਵੇਰੇ 10.26 ਵਜੇ ਉਨ੍ਹਾਂ ਨੂੰ ਇਸ ਹਮਲੇ ਬਾਰੇ ਪਹਿਲਾ ਫੋਨ ਆਇਆ।

ਪੁਲਿਸ ਕੰਟਰੋਲ ਰੂਮ ਤੋਂ ਮਰਫੀ ਨੂੰ ਇਹ ਸੂਚਨਾ ਦਿੱਤੀ ਗਈ ਕਿ ਗੁਰਦੁਆਰੇ ਵਿਚ ਇਕ ਵਿਅਕਤੀ ਗੋਲੀ ਚਲਾ ਰਿਹਾ ਹੈ। ਮਰਫੀ ਨੇ ਦੱਸਿਆ ਕਿ ਉਹ ਸਭ ਤੋਂ ਪਹਿਲਾਂ ਗੁਰਦੁਆਰੇ ਪਹੁੰਚਿਆ ਜਿਥੇ ਪਾਰਕਿੰਗ ਵਿਚ ਦੋ ਵਿਅਕਤੀ ਗੋਲੀਆਂ ਲੱਗਣ ਕਾਰਨ ਮਰੇ ਪਏ ਸਨ। ਉਦੋਂ ਹੀ ਉਸ ਨੇ ਕੰਟਰੋਲ ਰੂਮ ਨੂੰ ਐਂਬੂਲੈਂਸ ਭੇਜਣ ਲਈ ਕਿਹਾ ਪਰ ਉਸ ਨੂੰ ਹਮਲਾਵਰ ਕਿਤੇ ਨਜ਼ਰ ਨਹੀਂ ਆਇਆ। ਇਸ ਤੋਂ ਬਾਅਦ ਉਹ ਪਾਰਕਿੰਗ 'ਚ ਅੱਗੇ ਵਧਿਆ ਤੇ ਛੇਤੀ ਉਸ ਨੂੰ ਹਮਲਾਵਰ ਵੇਡ ਮਾਈਕਲ ਪੇਜ ਨਜ਼ਰ ਆ ਗਿਆ।

ਪੇਜ ਦੇ ਹੱਥ ਵਿਚ 9 ਐਮ ਐਮ ਬੋਰ ਵਾਲਾ ਸੈਮੀ-ਆਟੋਮੈਟਿਕ ਪਿਸਤੌਲ ਸੀ। ਉਹ ਹੋਰ ਨੇੜੇ ਹੋਇਆ ਤਾਂ ਪੇਜ ਨੇ ਆਪਣਾ ਪਿਸਤੌਲ ਉਸ ਵੱਲ ਸੇਧ ਕੇ ਗੋਲੀ ਦਾਗ ਦਿੱਤੀ। ਪੇਜ ਨੇ ਮਰਫੀ ਵੱਲ 12 ਗੋਲੀਆਂ ਚਲਾਈਆਂ। ਇਕ ਗੋਲੀ ਮਰਫੀ ਦੇ ਸਿਰ ਦੇ ਪਿਛਲੇ ਪਾਸੇ ਲੱਗੀ। ਜਦੋਂ ਦੂਜਾ ਪੁਲਿਸ ਅਫਸਰ ਸੈਮ ਉਥੇ ਪਹੁੰਚਿਆ ਜੋ ਕਿ ਵਧੀਆ ਨਿਸ਼ਾਨੇਬਾਜ਼ ਵੀ ਹੈ, ਤਾਂ ਉਸ ਨੂੰ ਕਾਰ ਦੀ ਵਿੰਡਸ਼ੀਲਡ ਟੁੱਟਣ ਦਾ ਧਮਾਕਾ ਸੁਣਿਆ। ਇਸ ਦੇ ਨਾਲ ਹੀ ਉਸ ਨੇ 60 ਗਜ਼ ਦੀ ਦੂਰੀ ਤੋਂ ਗੋਲੀ ਦਾਗ ਕੇ ਹਮਲਾਵਰ ਨੂੰ ਜ਼ਖ਼ਮੀ ਕਰ ਦਿੱਤਾ ਪਰ ਹਮਲਾਵਰ ਨੇ ਉਦੋਂ ਹੀ ਆਪਣੇ ਸਿਰ ਵਿਚ ਗੋਲੀ ਮਾਰ ਲਈ।

# ਡੀ ਸੀ ਵੀ ਕਰ ਸਕਣਗੇ ਪਰਵਾਸੀਆਂ ਦੇ ਮੁਖਤਾਰਨਾਮੇ ਤਸਦੀਕ

**ਚੰਡੀਗੜ੍ਹ:** ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਤਿੰਨ ਤੋਂ ਪੰਜ ਜਨਵਰੀ ਤੱਕ ਹੋਣ ਵਾਲੇ ਐਨ.ਆਰ.ਆਈ. ਸੰਮੇਲਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਪਿੱਛੋਂ ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਦੀ ਪਾਵਰ ਆਫ ਅਟਾਰਨੀ ਤਸਦੀਕ ਕਰਨ ਦਾ ਅਧਿਕਾਰ ਹੁਣ ਡਿਪਟੀ ਕਮਿਸ਼ਨਰਾਂ ਨੂੰ ਵੀ ਦੇ ਦਿੱਤਾ ਹੈ।

ਐਨ.ਆਰ. ਸਭਾ ਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮਜੀਠੀਆ ਨੇ ਕਿਹਾ ਕਿ ਸੰਮੇਲਨ ਦੌਰਾਨ ਵਿਦੇਸ਼ਾਂ ਤੋਂ ਚੁਣੇ ਹੋਏ ਸੰਸਦ ਮੈਂਬਰ, ਵਿਧਾਇਕ, ਮੇਅਰ, ਪੱਤਰਕਾਰ ਵੱਡੀ ਗਿਣਤੀ ਵਿਚ ਹਿੱਸਾ ਲੈਣਗੇ। ਡੈਲੀਗੇਟਾਂ ਦੀ ਸੁਰੱਖਿਆ ਲਈ ਪੈਸਕੋ (ਪੰਜਾਬ ਐਕਸ ਸਰਵਿਸ ਮੈਨ ਕਾਰਪੋਰੇਸ਼ਨ) ਨੂੰ ਜ਼ਿੰਮੇਵਾਰੀ ਦਿੱਤੀ ਜਾਵੇਗੀ ਤੇ ਪੰਜਾਬ ਦੇ ਇਤਿਹਾਸਕ ਸਥਾਨਾਂ ਜਿਵੇਂ ਵਿਰਾਸਤ-ਏ-ਖਾਲਸਾ, ਚੱਪੜਚਿੜੀ ਦਾ ਦੌਰਾ ਵੀ ਕਰਵਾਇਆ ਜਾਵੇਗਾ। ਪੰਜਾਬ ਸਰਕਾਰ ਨੇ ਪਰਵਾਸੀ ਭਾਰਤੀਆਂ ਦੀ ਪਾਵਰ ਆਫ ਅਟਾਰਨੀ ਤਸਦੀਕ ਕਰਨ ਦਾ ਅਧਿਕਾਰ ਹੁਣ ਡਿਪਟੀ ਕਮਿਸ਼ਨਰਾਂ ਨੂੰ ਵੀ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਸਭਾ ਦੀ ਚੋਣ 27 ਜਨਵਰੀ ਨੂੰ ਕਰਵਾਈ ਜਾਵੇਗੀ। ਮੰਤਰੀ ਨੇ ਸਲਾਹਕਾਰ ਕਮੇਟੀ ਤੇ ਪਰਵਾਸੀ ਭਾਰਤੀਆਂ ਦੀ ਮੰਗ 'ਤੇ ਸਭਾ ਦੀ ਚੋਣ ਲਈ ਪ੍ਰਚਲਿਤ ਵਿਵਸਥਾ ਨਾਮਨੀ ਵੋਟਿੰਗ (ਵਾਰਸ ਵੋਟਰ) ਨੂੰ ਬੰਦ ਕਰਨ ਦੇ ਵੀ ਹੁਕਮ ਦਿੱਤੇ ਹਨ। ਸਭਾ ਦੀ ਚੋਣ ਪਿੱਛੋਂ ਅਹੁਦੇਦਾਰਾਂ ਨੂੰ ਕੰਮ ਦੀ ਵੰਡ ਹੁਣ ਸਭਾ ਦੇ ਚੁਣੇ ਹੋਏ ਪ੍ਰਧਾਨ ਕਰੇਗਾ। ਪਹਿਲਾਂ ਅਹੁਦੇਦਾਰਾਂ ਨੂੰ ਕੰਮ ਦੀ ਵੰਡ ਸਭਾ ਦੇ ਚੇਅਰਮੈਨ ਵੱਲੋਂ ਕੀਤੀ ਜਾਂਦੀ ਸੀ।

ਪਰਵਾਸੀ ਭਾਰਤੀਆਂ ਦੇ ਝਗੜਿਆਂ ਦੇ ਹੱਲ ਲਈ ਰਾਜ ਦੇ ਹਰ ਜ਼ਿਲ੍ਹੇ ਵਿੱਚ ਐਨ.ਆਰ.ਆਈ. ਪੁਲੀਸ ਸਟੇਸ਼ਨ ਕਾਇਮ ਕੀਤੇ ਜਾਣ ਦਾ ਪ੍ਰਸਤਾਵ ਹੈ ਅਤੇ ਅੰਮ੍ਰਿਤਸਰ ਵਿਖੇ ਐਨ.ਆਰ.ਆਈ. ਪੁਲਿਸ ਥਾਣੇ ਲਈ ਯੋਜਨਾ ਤਿਆਰ ਕਰਕੇ ਗ੍ਰਹਿ ਵਿਭਾਗ ਨਾਲ ਲੋੜੀਂਦੀ ਕਾਰਵਾਈ ਮੁਕੰਮਲ ਕਰ ਲਈ ਹੈ। ਮਜੀਠੀਆ ਨੇ ਸਮੂਹ ਐਸ.ਐਸ. ਪੀਜ਼. ਨੂੰ ਕਿਹਾ ਕਿ ਕਿਸੇ ਵੀ ਪਰਵਾਸੀ ਭਾਰਤੀ ਦੀ ਜਾਇਦਾਦ 'ਤੇ ਕਬਜ਼ਾ ਆਦਿ ਕਰਨ ਦੇ ਮਾਮਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785
1816 Main Ave., Secramento CA, 95838

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

ਪੰਜਾਬ ਟਾਈਮਜ਼

*ਸਨਿਚਰਵਾਰ, 24 ਨਵੰਬਰ 2012*

## ਗੁਰੂਘਰ ਅਤੇ ਸਿਆਸਤ

ਪਹਿਲਾਂ ਯੂਬਾ ਸਿਟੀ (ਅਮਰੀਕਾ) ਅਤੇ ਹੁਣ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਵਿਚ ਹੋਈਆਂ ਝੜਪਾਂ ਨੇ ਸਿੱਖ ਭਾਈਚਾਰੇ ਨੂੰ ਇਕ ਵਾਰ ਫਿਰ ਧਰਮ ਦੇ ਨਾਂ ਹੇਠ ਕੀਤੀ ਜਾਂਦੀ ਨਿਰੋਲ ਸਿਆਸਤ ਬਾਰੇ ਸੋਚਣ ਲਾ ਦਿੱਤਾ ਹੈ। ਇਨ੍ਹਾਂ ਲੜਾਈਆਂ ਦਾ ਮੁੱਖ ਕਾਰਨ ਗੁਰਦੁਆਰਾ ਪ੍ਰਬੰਧਾਂ ਉਤੇ ਕਬਜ਼ਾ ਕਰਨਾ ਹੁੰਦਾ ਹੈ। ਅਜਿਹੇ ਉਪੱਦਰਾਂ ਨੇ ਦੇਸ਼-ਵਿਦੇਸ਼ ਵਿਚ ਸਿੱਖ ਭਾਈਚਾਰੇ ਦੀ ਬਹੁਤ ਹੇਠੀ ਕਰਵਾਈ ਹੈ ਪਰ ਸਬੰਧਤ ਧਿਰਾਂ ਇਸ ਸਭ ਕਾਸੇ ਤੋਂ ਅਜੇ ਵੀ ਕੋਈ ਸਬਕ ਸਿੱਖਣ ਲਈ ਤਿਆਰ ਨਹੀਂ ਹਨ। ਇਸ ਦਾ ਸਿਰਫ ਇਕ ਹੀ ਕਾਰਨ ਹੈ, ਉਹ ਇਹ ਕਿ ਗੁਰਦੁਆਰੇ ਹੁਣ ਧਰਮ ਪ੍ਰਚਾਰ ਜਾਂ ਚੇਤਨਾ ਕੇਂਦਰਾਂ ਦੀ ਥਾਂ ਮਹਿਜ਼ ਸਿਆਸਤ ਦਾ ਅਖਾੜਾ ਬਣ ਕੇ ਰਹਿ ਗਏ ਹਨ। ਜਿਹੜਾ ਧੜਾ ਇਕ ਵਾਰ ਪ੍ਰਬੰਧਾਂ ਉਤੇ ਕਾਬਜ਼ ਹੋ ਜਾਂਦਾ ਹੈ, ਉਹ ਹਰ ਹੀਲੇ ਅਤੇ ਹਰ ਹਾਲ ਪ੍ਰਬੰਧ ਆਪਣੇ ਕਬਜ਼ੇ ਵਿਚ ਹੀ ਰੱਖਣਾ ਚਾਹੁੰਦਾ ਹੈ। ਸਿਰਫ ਇਸੇ ਹੀ ਕਾਰਨ ਸ਼ਿਕਾਗੋ ਦੇ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕਾਂ ਨੇ ਗੁਰੂਘਰ ਦਾ ਕੋਈ ਤਿੰਨ ਲੱਖ ਡਾਲਰ ਵਕੀਲਾਂ ਦੇ ਲੇਖੇ ਲਾ ਦਿਤਾ। ਇਹ ਸਿਆਸਤ ਕਰਦਿਆਂ ਉਹ ਸਿੱਖੀ ਦਾ ਉਹ ਸੁਨੇਹਾ ਵੀ ਵਿਸਾਰ ਦਿੰਦਾ ਹੈ ਜਿਸ ਵਿਚ ਸਰਬੱਤ ਦੇ ਭਲੇ ਨੂੰ ਸਦਾ ਕੇਂਦਰ ਵਿਚ ਰੱਖਿਆ ਜਾਂਦਾ ਹੈ। ਗੁਰਦੁਆਰਾ ਰਕਾਬਗੰਜ ਵਾਲੀ ਝੜਪ ਦਾ ਮਸਲਾ ਸਿੱਧਾ ਇਨ੍ਹਾਂ ਨੁਕਤਿਆਂ ਨਾਲ ਹੀ ਜੁੜਿਆ ਹੋਇਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਦਾ ਯਤਨ ਕਰ ਰਹੀ ਹੈ। ਇਸ ਸੋਧ ਤਹਿਤ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੀ ਚੋਣ ਇਕ ਤਾਂ ਸਿੱਧੀ ਹੋਵੇਗੀ ਅਤੇ ਦੂਜੇ ਦੋ ਸਾਲ ਦੀ ਥਾਂ ਚਾਰ ਸਾਲਾਂ ਲਈ ਹੋਵੇਗੀ। ਇਸ ਸੋਧ ਨੂੰ ਦਿੱਲੀ ਦੀ ਸੂਬਾ ਸਰਕਾਰ ਨੇ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਅਗਾਂਹ ਕੇਂਦਰੀ ਗ੍ਰਿਹ ਮੰਤਰਾਲੇ ਨੇ ਕਾਰਵਾਈ ਕਰਨੀ ਹੈ। ਇਹ ਸੋਧ ਦਿੱਲੀ ਗੁਰਦੁਆਰਾ ਕਮੇਟੀ ਦੇ ਸੱਤਾਧਾਰੀ ਸਰਨਾ ਧੜੇ ਵੱਲੋਂ ਲਿਆਂਦੀ ਜਾ ਰਹੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਇਸ ਦਾ ਤਿੱਖਾ ਵਿਰੋਧ ਕਰ ਰਿਹਾ ਹੈ ਜਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਆਪ ਚਿਰਾਂ ਤੋਂ ਕਬਜ਼ਾ ਕੀਤਾ ਹੋਇਆ ਹੈ। ਗੁਰਦੁਆਰੇ ਵਿਚ ਹਿੰਸਕ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਦੀ ਬਿਆਨਬਾਜ਼ੀ ਚੱਲੀ ਹੈ ਜੋ ਹੁਣ ਤੱਕ ਵੀ ਜਾਰੀ ਹੈ, ਤੋਂ ਉਕਾ ਨਹੀਂ ਜਾਪਦਾ ਕਿ ਇਨ੍ਹਾਂ ਦਾ ਸਿੱਖੀ ਜਾਂ ਸਿੱਖੀ ਦੇ ਸੁਨੇਹੇ ਨਾਲ ਕੋਈ ਸਰੋਕਾਰ ਹੈ। ਸਿਆਸੀ ਮੁਫਾਦ ਸਿੱਖੀ ਦੇ ਸੁਨੇਹੇ ਨੂੰ ਦਰੜ ਕੇ ਅਗਾਂਹ ਲੰਘ ਗਏ ਜਾਪਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਤਾਂ ਇਸ ਮਾਮਲੇ ਵਿਚ ਬਾਦਲਾਂ ਦੇ ਹੱਕ ਵਿਚ ਨਿਤਰਨਾ ਹੀ ਸੀ, ਅਕਾਲ ਤਖਤ ਦੇ ਜਥੇਦਾਰ ਨੇ ਵੀ ਇਸ ਮਾਮਲੇ ਵਿਚ ਤੁਰੰਤ ਦਖਲ ਦਿੰਦਿਆਂ ਜਾਂਚ ਲਈ ਕਮੇਟੀ ਬਣਾ ਦਿੱਤੀ ਹੈ। ਇਸ ਬਿਆਨਬਾਜ਼ੀ ਵਿਚ ਦਿੱਲੀ ਦੀ ਕਾਂਗਰਸੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਵੀ ਕੁੱਦ ਪਈ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਜੋ ਹਾਲ ਹੀ ਵਿਚ ਹੋਈਆਂ ਝੜਪਾਂ ਵਿਚ ਫੱਟੜ ਵੀ ਹੋ ਗਏ ਸਨ, ਨੇ ਆਪਣੀ ਸਾਰੀ ਤਾਕਤ ਝੋਕੀ ਹੋਈ ਹੈ। ਇਥੇ ਜ਼ਿਕਰ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਪਿਤਾ ਅਤੇ ਦਿੱਲੀ ਦੇ ਕਹਿੰਦੇ-ਕਹਾਉਂਦੇ ਆਗੂ ਰਹੇ ਸੰਤੋਖ ਸਿੰਘ ਜੀ.ਕੇ. ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਖਾਸ-ਮ-ਖਾਸ ਰਹੇ ਹਨ। ਸਿੱਖ ਆਗੂਆਂ ਦੀ ਸਿਆਸੀ ਪੈਂਠ ਲਈ ਕੀਤੀਆਂ ਚਾਰਾਜੋਈਆਂ ਦਾ ਇਹੀ ਉਹ ਨੁਕਤਾ ਹੈ ਜੋ ਅੱਜ ਦੇ ਹਾਲਾਤ ਮੁਤਾਬਕ ਵੱਧ ਘੋਖ ਦੀ ਮੰਗ ਕਰਦਾ ਹੈ। ਦਰਅਸਲ ਇਹ ਮਸਲਾ ਹੁਣ ਇੰਨਾ ਪੇਚੀਦਾ ਹੋ ਗਿਆ ਹੈ ਕਿ ਕਿਸੇ ਨੂੰ ਵੀ ਇਸ ਦੀ ਤੰਦ ਨਹੀਂ ਲੱਭ ਰਹੀ। ਧਾਰਮਿਕ ਮਾਮਲਿਆਂ 'ਚ ਸਿਆਸਤ ਦੇ ਘੜਮੱਸ ਨੇ ਸਿੱਖੀ ਦੇ ਅਸਲ ਸਰੋਕਾਰਾਂ ਦੇ ਰਾਹ ਵੀ ਰੋਕ ਲਏ ਹੋਏ ਹਨ।

ਇਸ ਮਾਮਲੇ ਵਿਚ ਕੁਝ ਸਿੱਖ ਵਿਦਵਾਨਾਂ ਦੇ ਬਿਆਨਾਂ ਨੇ ਰਾਹ ਦਿਖਾਇਆ ਹੈ ਹਾਲਾਂਕਿ ਵਿਦਵਾਨਾਂ ਦੀ ਇਹ ਆਵਾਜ਼ ਸਿਆਸਤ ਦੇ ਰੌਲੇ ਵਿਚ ਦਬ ਕੇ ਰਹਿ ਗਈ ਹੈ। ਇਨ੍ਹਾਂ ਸਿੱਖ ਵਿਦਵਾਨਾਂ ਨੇ ਗੁਰਦੁਆਰਾ ਪ੍ਰਬੰਧਾਂ ਵਿਚ ਸਿਆਸੀ ਦਖਲ ਨੂੰ ਮੰਦਭਾਗਾ ਕਰਾਰ ਦਿੱਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਧਾਰਮਿਕ ਮਾਮਲਿਆਂ ਵਿਚ ਸਿਆਸੀ ਦਖਲ ਤੁਰੰਤ ਬੰਦ ਹੋਣਾ ਚਾਹੀਦਾ ਹੈ। ਇਨ੍ਹਾਂ ਮੁਤਾਬਕ ਇਸ ਦਖਲ ਕਰ ਕੇ ਹੀ ਗੁਰਦੁਆਰਿਆਂ ਵਿਚ ਹਿੰਸਕ ਝੜਪਾਂ ਹੁੰਦੀਆਂ ਹਨ ਅਤੇ ਭਾਈਚਾਰੇ ਦੀ ਬਦਨਾਮੀ ਹੁੰਦੀ ਹੈ। ਵਿਦਵਾਨਾਂ ਨੇ ਦੋ ਮਾਰਚ ਨੂੰ ਗੁਰਦੁਆਰਾ ਬਾਲਾ ਸਾਹਿਬ ਵਿਚ ਹੋਈ ਝੜਪ ਦਾ ਵੀ ਚੇਤਾ ਕਰਵਾਇਆ ਹੈ। ਦੱਸਣਾ ਜ਼ਰੂਰੀ ਹੈ ਕਿ ਗੁਰਦੁਆਰਾ ਬਾਲਾ ਸਾਹਿਬ ਦਾ ਮਾਮਲਾ ਵੀ ਅਕਾਲ ਤਖਤ ਦੇ ਵਿਚਾਰ ਅਧੀਨ ਹੈ ਪਰ ਅਜੇ ਤੱਕ ਇਸ ਮਾਮਲੇ ਵਿਚ ਕੋਈ ਪ੍ਰਗਤੀ ਨਹੀਂ ਹੋਈ ਹੈ। ਹੁਣ ਜਦੋਂ ਦਿੱਲੀ ਗੁਰਦੁਆਰਾ ਚੋਣਾਂ ਹੀ ਨਹੀਂ, ਦੇਸ਼ ਦੀਆਂ ਲੋਕ ਸਭਾ ਚੋਣਾਂ ਸਿਰ ਉਤੇ ਹਨ ਤਾਂ ਸਾਰੀਆਂ ਧਿਰਾਂ ਇਕ ਦਮ ਸਰਗਰਮ ਹੋ ਗਈਆਂ ਹਨ। ਇਨ੍ਹਾਂ ਮਾਮਲਿਆਂ ਦੇ ਨਾਲ ਹੀ ਸਿੱਖ ਵਿਦਵਾਨਾਂ ਨੇ ਇਕ ਹੋਰ ਅਹਿਮ ਮਸਲਾ ਵੀ ਛੇੜਿਆ ਹੈ, ਜਿਸ ਵੱਲ ਜ਼ਰਾ ਵੱਧ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਵਿਦਵਾਨਾਂ ਦੀ ਰਾਏ ਮੁਤਾਬਕ ਖੂਨੀ ਝੜਪਾਂ ਦਾ ਸਬੰਧ ਗੋਲਕ ਨਾਲ ਵੀ ਜੁੜਦਾ ਹੈ। ਗੋਲਕ ਬਾਰੇ ਪਹਿਲਾਂ ਵੀ ਕੁਝ ਵਿਦਵਾਨਾਂ ਦੀ ਰਾਏ ਆਈ ਸੀ ਕਿ ਗੁਰਦੁਆਰਿਆਂ ਵਿਚ ਵਧੇਰੇ ਸਿਆਸੀ ਦਖਲ ਦੇ ਮੱਦੇਨਜ਼ਰ ਸਿੱਖ ਸੰਗਤ ਨੂੰ ਹੁਣ ਇਨ੍ਹਾਂ ਲੜਾਈਆਂ ਦਾ ਹੱਲ ਆਪ ਕੱਢਣ ਲਈ ਮਾਇਆ ਚੜ੍ਹਾਉਣ ਦਾ ਅਮਲ ਬੰਦ ਕਰਨਾ ਚਾਹੀਦਾ ਹੈ। ਸੁਘੜ ਸੰਗਤ ਨੇ ਵੀ ਇਨ੍ਹਾਂ ਲੜਾਈਆਂ ਦਾ ਅਸਲ ਕਾਰਨ ਮਾਇਆ ਨੂੰ ਮੰਨਿਆ ਹੈ ਅਤੇ ਮਾਇਆ ਚੜ੍ਹਾਉਣ ਦੇ ਮਾਮਲੇ ਬਾਰੇ ਸੋਚਣ ਦਾ ਸੱਦਾ ਦਿੱਤਾ ਸੀ। ਅੱਜ ਦੇ ਲੋਭੀ ਲੀਡਰਾਂ ਦੀਆਂ ਕਾਰਗੁਜ਼ਾਰੀਆਂ ਕਾਰਨ ਹੀ ਸੰਗਤ ਦੇ ਮਨਾਂ ਵਿਚ ਸੋਚ ਦੀ ਇਹ ਲੜੀ ਤੁਰੀ ਹੈ। ਇਹ ਕੋਈ ਮਸਲੇ ਦਾ ਹੱਲ ਤਾਂ ਨਹੀਂ ਪਰ ਸੰਗਤ ਦੀ ਇਹ ਸੋਚ ਅਤੇ ਸਰਗਰਮੀ ਸਿਆਸੀ ਆਗੂਆਂ ਨੂੰ ਕੁਝ ਸੋਚਣ ਅਤੇ ਆਪਣੀ ਸਿਆਸਤ ਨੂੰ ਸਹੀ ਪਾਸੇ ਲਿਜਾਣ ਲਈ ਮਜਬੂਰ ਤਾਂ ਕਰ ਹੀ ਸਕਦੀ ਹੈ। ਹੁਣ ਸੰਗਤ ਨੂੰ ਇਸ ਪਾਸੇ ਤਿੱਖੀ ਸਰਗਰਮੀ ਕਰਨ ਦੀ ਲੋੜ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਢੀਠਾਂ ਦੇ ਸਿਰਤਾਜ!**

ਲੱਗੇ ਤੋੜ ਜਿਉਂ ਨਸ਼ੇ ਦੀ ਅਮਲੀਆਂ ਨੂੰ, ਪੁੱਟ ਸਕਦੇ ਇਕ ਵੀ ਡਿੰਗ ਨਾਹੀਂ।
ਚੁਗਲਬਾਜ਼ ਨਾ ਉਦੋਂ ਤਕ ਲਹਿਣ ਪਿੱਛੋਂ, ਜਦ ਤਕ ਫਸੇ ਦੋ ਧਿਰਾਂ ਦੀ ਝਿੰਗ ਨਾਹੀਂ।
ਭਾਨੀ ਮਾਰ ਕੇ ਤੋੜਦੇ ਜੁੜਦਿਆਂ ਨੂੰ, ਹੁੰਦੀ ਖਰਚ ਕੋਈ ਫਟਕੜੀ-ਹਿੰਗ ਨਾਹੀਂ।
ਲੱਗੇ ਕਲਹ-ਕਲੇਸ਼ ਦੀ ਗੱਲ ਸੋਹਣੀ, ਸੋਂਹਦੀ ਪਿਆਰ ਦੀ ਵੱਜਦੀ ਕਿੰਗ ਨਾਹੀਂ।
ਫਿੱਟ ਲਾਹਣਤਾਂ ਹੱਸ ਕੇ ਹਜ਼ਮ ਕਰਦੇ, ਲਗਦੇ ਉਨ੍ਹਾਂ ਨੂੰ ਕਦੇ ਤੜਿੰਗ ਨਾਹੀਂ।
ਪਿੰਡ ਵੱਖਰੇ ਹੋਣ ਨਾ ਲੁੱਚਿਆਂ ਦੇ, ਹੁੰਦੇ ਸਿਰੀਂ ਬੇਸ਼ਰਮਾਂ ਦੇ ਸਿੰਗ ਨਾਹੀਂ!

# ਰਾਸ਼ਟਰਪਤੀ ਚੋਣਾਂ: ਕੀ ਸਿੱਖ ਵੀ ਕੁਝ ਸਿੱਖਣਗੇ?

***ਗੁਰੂ ਨਾਨਕ ਨੇ ਸੱਚ ਦਾ ਸੁਨੇਹਾ ਵੰਡਿਆ, ਸਿੱਖੀ ਦਾ ਬੂਟਾ ਲਾਇਆ; ਗੁਰੂ ਗੋਬਿੰਦ ਸਿੰਘ ਨੇ ਇਸ ਬੂਟੇ ਨੂੰ ਅੰਮ੍ਰਿਤ ਦੀ ਪਿਉਂਦ ਦਿੱਤੀ, ਪੰਜ ਕਕਾਰਾਂ ਦੀ ਬਖ਼ਸ਼ਿਸ਼ ਕਰ ਕੇ ਦੁਨੀਆ ਦੇ ਰੰਗਮੰਚ ਉਪਰ ਨਿਆਰੇ ਰੂਪ ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ। ਜਦ ਕਿਤੇ ਗੁਰੂ ਸਹਿਬਾਨ ਦੇ ਬਖ਼ਸ਼ਿਸ਼ ਕੀਤੇ ਸਰੂਪ, ਸੋਹਣੀ ਦਸਤਾਰ ਸਜਾਈ ਖੁੱਲ੍ਹੇ ਦਾੜ੍ਹੇ ਵਾਲੇ ਕਿਸੇ ਸਿੱਖ ਦੇ ਦਰਸ਼ਨ ਹੁੰਦੇ ਹਨ ਤਾਂ ਜਾਪਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਦੇ ਗੁਲਦਸਤੇ ਦੇ ਦਰਸ਼ਨ ਹੋ ਰਹੇ ਹੋਣ। ਗੁਲਦਸਤੇ ਵਿਚੋਂ ਗੁਰੂ ਜੀ ਦੀਆਂ ਬਖ਼ਸ਼ੀਆਂ ਦਾਤਾਂ ਪਿਆਰ, ਸਤਿਕਾਰ ਮਿਠਾਸ ਅਤੇ ਤਿਆਗ ਦੀ ਮਹਿਕ ਆਉਣੀ ਚਾਹੀਦੀ ਹੈ। ਇਹ ਮਹਿਕ ਦੂਜਿਆਂ ਦੇ ਸੀਨੇ ਤਾਂ ਠਾਰੇਗੀ ਹੀ, ਪਹਿਲਾਂ ਉਸ ਦੇ ਅੰਦਰ-ਬਾਹਰ ਨੂੰ ਖੇੜਾ ਬਖ਼ਸ਼ੇਗੀ। ਜੇ ਉਸ ਗੁਲਦਸਤੇ ਵਿਚੋਂ ਈਰਖਾ ਅਤੇ ਸੜੇਂਵਾਂ ਨਿਕਲੇਗਾ ਤਾਂ ਉਸ ਦਾ ਅੰਦਰ-ਬਾਹਰ ਤਾਂ ਸੜਿਆ ਹੀ ਰਹੇਗਾ, ਉਹ ਹੋਰਨਾਂ ਨੂੰ ਵੀ ਸਾੜੇਗਾ।***

ਅਮਰੀਕਾ ਵਿਚ 6 ਨਵੰਬਰ ਨੂੰ ਚੋਣਾਂ ਹੋਈਆਂ ਜਿਸ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਦੂਜੀ ਵਾਰ ਜਿੱਤ ਗਏ। ਉਹ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਸਨ। ਸਾਰੇ ਦੇਸ਼ ਵਿਚ ਸੈਨੇਟਰਾਂ ਅਤੇ ਕਾਂਗਰਸਮੈਨ ਦੀ ਵੀ ਚੋਣ ਸੀ ਜਿਸ ਵਿਚ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀਆਂ ਦੇ ਉਮੀਦਵਾਰ ਬਰਾਬਰ ਜੇਤੂ ਰਹੇ ਅਤੇ ਸਥਿਤੀ ਜਿਉਂ ਦੀ ਤਿਉਂ ਹੀ ਹੈ। ਬਾਕੀ ਗੱਲਾਂ ਤਾਂ ਬਾਅਦ ਵਿਚ, ਸਭ ਤੋਂ ਪਹਿਲਾਂ ਤਾਂ ਸ਼ਾਂਤਮਈ ਚੋਣਾਂ ਲਈ ਸਮੂਹ ਅਮਰੀਕਨ ਵਧਾਈ ਦੇ ਹੱਕਦਾਰ ਹਨ। ਕਿਸੇ ਵੀ ਬੂਥ ਉਪਰ ਪੁਲਿਸ ਦਾ ਇਕ ਵੀ ਅਫ਼ਸਰ ਨਹੀਂ ਸੀ, ਸਾਰੇ ਥਾਈਂ ਸੋਸ਼ਲ ਵਰਕਰ ਕੰਮ ਕਰ ਰਹੇ ਸਨ। ਇਥੇ ਤਾਂ ਉਚੀ ਬੋਲਣਾ ਵੀ ਘਟੀਆ ਸ਼ਿਸ਼ਟਾਚਾਰ ਸਮਝਿਆ ਜਾਂਦਾ ਹੈ। ਮੈਂ ਆਪ ਰਿਪਬਲਿਕਨ ਉਮੀਦਵਾਰ ਮਿੱਟ ਰੋਮਨੀ ਨੂੰ ਵੋਟ ਪਾਈ ਸੀ। ਹੁਣ ਮੈਂ ਸਮੂਹ ਡੈਮੋਕ੍ਰੇਟਿਕਾਂ ਨੂੰ ਉਨ੍ਹਾਂ ਦਾ ਉਮੀਦਵਾਰ ਜਿੱਤਣ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦੁਬਾਰਾ ਜਿੱਤਣ ਦੀ ਲੱਖ-ਲੱਖ ਵਧਾਈ ਦਿੰਦਾ ਹਾਂ। ਉਮੀਦ ਕਰਦਾ ਹਾਂ ਕਿ ਉਨ੍ਹਾਂ ਨੇ ਦੇਸ਼ ਵਾਸੀਆਂ ਨਾਲ ਜੋ ਵਾਅਦੇ ਕੀਤੇ ਹਨ, ਉਨ੍ਹਾਂ ਉਪਰ ਉਹ ਪੂਰੇ ਉਤਰਨਗੇ।

ਦਲੀਪ ਸਿੰਘ ਮੰਜਰ
ਫੋਨ: 559-824-1983

ਹੁਣ ਆਉਂਦੇ ਹਾਂ ਆਪਣੇ ਪਾਸੇ, ਮਤਲਬ ਹੁਣ ਰਤਾ ਕੁ ਪੰਜਾਬੀਆਂ ਦੀ ਗੱਲ ਕਰ ਲਈਏ। ਇੱਥੋਂ ਦੇ ਲੀਡਰ ਬਹੁਤ ਵਾਰ ਪੰਜਾਬ ਦੇ ਲੀਡਰਾਂ ਨੂੰ ਇੱਥੇ ਸੱਦਦੇ ਹਨ, ਇਸ ਆਸ ਨਾਲ ਕਿ ਉਹ ਇਥੋਂ ਦਾ ਸਿਸਟਮ ਦੇਖਣਗੇ ਅਤੇ ਪੰਜਾਬ ਨੂੰ ਸੱਚ-ਮੁੱਚ ਕੈਲੇਫੋਰਨੀਆ ਬਣਾ ਦੇਣਗੇ। ਪੰਜਾਬ ਦੇ ਲੀਡਰ ਇੱਥੇ ਆਉਂਦੇ ਜ਼ਰੂਰ ਹਨ, ਪਰ ਮੁਫ਼ਤ ਸੈਰਾਂ ਕਰ ਕੇ ਅਤੇ ਦਾਅਵਤਾਂ ਛਕ ਕੇ ਵਾਪਸ ਚਲੇ ਜਾਂਦੇ ਹਨ। ਸੋਚਣ-ਵਿਚਾਰਨ ਵਾਲੀ ਗੱਲ ਇਹ ਹੈ ਕਿ ਉਹ 10 ਦਿਨ ਵਿਚ ਭਲਾ ਕੀ ਸਿੱਖ ਜਾਣਗੇ? ਇਕ ਗੱਲ ਹੋਰ, ਉਨ੍ਹਾਂ ਦੀ ਤਾਂ ਇਸ ਪਾਸੇ ਕੋਈ ਦਿਲਚਸਪੀ ਵੀ ਨਹੀਂ ਹੁੰਦੀ! ਸਾਡੇ ਆਪਣੇ ਬਾਰੇ ਤਾਂ ਇਹੀ ਸੱਚ ਹੈ ਕਿ ਅਸੀਂ ਦਹਾਕਿਆਂ ਤੋਂ ਇਥੇ ਰਹਿੰਦਿਆਂ ਨੇ ਇੱਥੋਂ ਦੀਆਂ ਮਾੜੀਆਂ ਗੱਲਾਂ ਜ਼ਰੂਰ ਅਪਣਾਈਆਂ ਹਨ ਪਰ ਚੰਗੀਆਂ ਗੱਲਾਂ ਤੋਂ ਸਦਾ ਪਾਸਾ ਹੀ ਵੱਟਿਆ ਹੈ।

ਹੁਣ ਮੈਂ ਗੁਰਦੁਆਰਾ ਸਾਹਿਬਾਨ ਬਾਰੇ ਕੁਝ ਗੱਲਾਂ ਕਰਾਂਗਾ ਜਿੱਥੇ ਅਕਸਰ ਧਮੱਚੜ ਪਿਆ ਰਹਿੰਦਾ ਹੈ। ਇਹ ਗੱਲ ਉਕਾ ਹੀ ਵੱਖਰੀ ਹੈ ਕਿ ਹੋਰ ਕਿਤੇ ਜਾ ਕੇ ਅਸੀਂ ਲਾਈਨ ਤੋੜਨ ਬਾਰੇ ਸੋਚ ਵੀ ਨਹੀਂ ਸਕਦੇ ਪਰ ਗੁਰਦੁਆਰੇ ਦੇ ਲੰਗਰ ਹਾਲ ਵਿਚ ਅਸੀਂ ਜ਼ਰੂਰ ਅਜਿਹਾ ਕਰਦੇ ਹਾਂ। ਚੰਗੀ ਗੱਲ ਸਿੱਖਣ ਲਈ ਪਤਾ ਨਹੀਂ ਕਿਉਂ, ਅਸੀਂ ਪਿਛਾਂਹ ਰਹਿ ਗਏ!...ਖੈਰ! ਗੱਲ ਸ਼ੁਰੂ ਹੋਈ ਸੀ ਚੋਣਾਂ ਤੋਂ, ਗੁਰਦੁਆਰਿਆਂ ਦੀਆਂ ਚੋਣਾਂ ਅਵੱਲੀਆਂ ਹੀ ਹੁੰਦੀਆਂ ਹਨ। ਇੱਥੇ ਬਹੁਤੇ ਗੁਰਦੁਆਰਿਆਂ ਵਿਚ ਵੋਟਾਂ ਪਾ ਕੇ ਪ੍ਰਬੰਧਕ ਚੁਣੇ ਜਾਂਦੇ ਹਨ। ਜੋ ਵੀ ਪ੍ਰਬੰਧਕ ਆਉਂਦੇ ਹਨ, ਉਹ ਸੰਵਿਧਾਨ ਨੂੰ ਮੋਮ ਦੇ ਨੱਕ ਵਾਂਗ ਮੋੜ ਕੇ ਆਪਣੇ ਹਿਸਾਬ ਵਿਚ ਕਰਨਾ ਚਾਹੁੰਦੇ ਹਨ; ਉਹ ਸੋਚਦੇ ਹਨ ਕਿ ਹੁਣ ਤਾਂ ਆਪਣਾ ਰਾਜ ਆ ਗਿਆ, ਸਾਰੀ ਉਮਰ ਕੋਲ ਹੀ ਰਹੇ, ਕਿਤੇ ਕਿਸੇ ਹੋਰ ਕੋਲ ਨਾ ਚਲਿਆ ਜਾਵੇ। ਬੱਸ, ਇੱਥੋਂ ਹੀ ਮਸਲੇ ਆਰੰਭ ਹੁੰਦੇ ਹਨ; ਜ਼ੋਰ-ਅਜ਼ਮਾਈ ਹੁੰਦੀ ਹੈ। ਵਿਰੋਧੀ ਅਦਾਲਤਾਂ ਵਿਚ ਜਾਂਦੇ ਹਨ, ਵਕੀਲ ਦੋਹੀਂ ਹੱਥੀਂ ਲੁੱਟਦੇ ਹਨ। ਪ੍ਰਬੰਧਕ ਸੰਗਤ ਦੇ ਪੈਸੇ ਨੂੰ ਅਤੇ ਵਿਰੋਧੀ ਧੜੇ ਵਾਲੇ ਥੋੜੇ ਪਿਛਲੀ ਲੁੱਟ ਜਾਂ ਅਗਲੀ ਲੁੱਟ ਦੀ ਤਾਕ ਵਿਚ ਪੈਸਾ ਤੰਗਲੀ ਨਾਲ ਉਡਾਉਂਦੇ ਹਨ। ਨਾਲ ਹੀ ਸਾਰੇ ਭਾਈਚਾਰੇ ਦੀ ਖਿੱਲੀ ਉਡਦੀ ਹੈ। ਪੇਪਰਾਂ ਵਿਚ ਇਕ ਦੂਜੇ ਦੇ ਖ਼ਿਲਾਫ਼ ਇਲਜ਼ਾਮ ਲਾ ਕੇ ਵਰਕਿਆਂ ਦੇ ਵਰਕੇ ਭਰ ਕੇ ਆਪਣੇ ਮਨ ਦੀ ਭੜਾਸ ਕੱਢਦੇ ਹਨ। ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਬੱਸ ਅਸੀਂ ਹੀ ਦੁੱਧ ਧੋਤੇ ਹਾਂ; ਵਿਰੋਧੀ ਤਾਂ ਔਗੁਣਾਂ ਨਾਲ ਭਰੇ ਹੋਏ ਹਨ। ਇਲਜ਼ਾਮ ਵੀ ਕਿਹੋ ਜਿਹੇ ਹੁੰਦੇ ਹਨ?...ਜਿਸ ਤਰ੍ਹਾਂ ਬੱਚੇ ਮਾਸਟਰ ਜੀ ਨੂੰ ਦੱਸਦੇ ਹਨ ਕਿ ਫਲਾਣੇ ਨੇ ਮੇਰੀ ਦਵਾਤ ਵਿਚ ਡੁਬਕਾ ਲਾ ਲਿਆ।...ਕੋਈ ਕਹਿੰਦਾ-ਉਥੇ ਸਿਗਰਟਾਂ ਪਈਆਂ ਸੀ, ਕੋਈ ਕਹਿੰਦਾ ਇਸ ਨੇ ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਕਰ ਲਈ।...ਕੋਈ ਗੱਲ ਬਣੀ?

ਕਈ ਕਈ ਸਾਲ ਅਦਾਲਤਾਂ ਵਿਚ ਖੱਜਲ ਹੋਣ ਤੋਂ ਬਾਅਦ ਫਿਰ ਚੋਣਾਂ ਆ ਜਾਂਦੀਆਂ ਹਨ। ਉਸ ਵਿਚ ਵੀ ਧਾਂਦਲੀਆਂ! ਹੋਰ ਇਲਾਕਿਆਂ ਵਿਚ ਵਸਦੇ ਸਕੇ-ਸਬੰਧੀਆਂ ਦੀਆਂ ਵੋਟਾਂ ਆਪਣੇ ਇਲਾਕੇ ਵਿਚ ਬਣਾ ਲਈਆਂ ਜਾਂਦੀਆਂ ਹਨ। ਜਿੱਥੇ ਤਿੰਨ ਵੋਟਾਂ ਹਨ, ਉਥੇ 13 ਬਣੀਆਂ ਹੁੰਦੀਆਂ ਹਨ। ਵੋਟਾਂ ਵਿਚ ਇਕ ਨੇ ਤਾਂ ਜਿੱਤਣਾ ਹੀ ਹੈ।




***ਅਮਰੀਕਾ ਦਾ ਸਭ ਤੋਂ ਪਹਿਲਾ ਸਟਾਕਟਨ ਗੁਰਦੁਆਰਾ (ਕੈਲੀਫੋਰਨੀਆ) ਜੋ 100 ਸਾਲ ਪਹਿਲਾਂ 1912 ਵਿਚ ਬਣਾਇਆ ਗਿਆ ਸੀ। ਇਹ ਗੁਰਦੁਆਰਾ ਗਦਰੀਆਂ ਦੇ ਗੁਰਦੁਆਰੇ ਵਜੋਂ ਮਸ਼ਹੂਰ ਹੈ।***

ਜਿੱਤਣ ਵਾਲੇ ਖਰੂਦ ਪਾਉਂਦੇ ਹਨ, ਹਾਰਨ ਵਾਲੇ ਇਲਜ਼ਾਮ ਲਾਉਂਦੇ ਹਨ ਕਿ ਵੋਟਾਂ ਵਿਚ ਹੇਰਾ-ਫੇਰੀ ਹੋਈ ਹੈ। ਫਿਰ ਸ਼ੁਰੂ ਹੁੰਦਾ ਹੈ ਪੱਗਾਂ ਅਤੇ ਦਾੜ੍ਹੀਆਂ ਦੀ ਬੇਅਦਬੀ ਦਾ ਸਿਲਸਿਲਾ। ਜਿੱਤਣ ਵਾਲੇ ਵਿਰੋਧੀਆਂ ਨੂੰ ਜਲੀਲ ਕਰਨ ਦੀ ਹਰ ਕੋਸ਼ਿਸ਼ ਕਰਦੇ ਹਨ। ਵਿਰੋਧੀ ਕਿਹੜਾ ਘੱਟ ਹਨ! ਉਹ ਹਰ ਠੀਕ ਗਲਤ ਕੰਮ ਵਿਚ ਲੱਤ ਅੜਾਉਂਦੇ ਹਨ। ਪੁਲਿਸ ਆਉਂਦੀ ਹੈ, ਹੋਰ ਕੌਮਾਂ ਦੇ ਲੋਕ ਟੀ.ਵੀ. ਅਤੇ ਅਖਬਾਰਾਂ ਰਾਹੀਂ ਇਹ ਸਭ ਦੇਖਦੇ ਹਨ। ਉਹ ਜ਼ਰੂਰ ਸੋਚਦੇ ਹੋਣਗੇ ਕਿ ਇਹ ਹੋ ਕੀ ਰਿਹਾ ਹੈ? ਅਸੀਂ ਸ਼ਾਂਤੀ ਦੇ ਪੁੰਜ ਆਪਣੇ ਗੁਰਦੁਆਰਿਆਂ ਨੂੰ ਪਾਣੀਪਤ ਦਾ ਮੈਦਾਨ ਬਣਾ ਧਰਦੇ ਹਾਂ। ਇਸ ਦੀ ਸ਼ੁਰੂਆਤ ਸ਼ਾਇਦ ਸਰੀ (ਕੈਨੇਡਾ) ਤੋਂ ਹੋਈ ਸੀ ਜੋ ਹੁਣ ਤੱਕ ਜਾਰੀ ਹੈ।

ਇਥੇ ਸਿਰਫ ਇਕ ਹੀ ਮਿਸਾਲ ਦੇਵਾਂਗਾ, ਸਭ ਤਾਣਾ-ਬਾਣਾ ਸਮਝ ਪੈ ਜਾਵੇਗਾ। ਚਲੋ, ਸ਼ਹਿਰ ਦਾ ਨਾਂ ਵੀ ਨਹੀਂ ਲੈਂਦਾ ਅਤੇ ਪ੍ਰਧਾਨ ਦਾ ਨਾਂ ਵੀ ਨਹੀਂ ਦੱਸਦਾ।...ਪ੍ਰਧਾਨ ਜੀ ਸਰਬਸੰਮਤੀ ਨਾਲ ਚੁਣੇ ਗਏ। ਦੋ ਸਾਲ ਉਨ੍ਹਾਂ ਵਾਹਵਾ ਪ੍ਰਧਾਨਗੀ ਕੀਤੀ। ਜਦੋਂ ਪ੍ਰਧਾਨਗੀ ਛੱਡਣ ਦਾ ਸਮਾਂ ਆਇਆ ਤਾਂ ਕਹਿੰਦੇ ਕਿ ਸਰਬਸੰਮਤੀ ਦੀ ਥਾਂ ਵੋਟਾਂ ਪੈਣੀਆਂ ਚਾਹੀਦੀਆਂ ਹਨ। ਅਖੇ, ਸੰਗਤ ਨੂੰ ਵੋਟ ਦਾ ਹੱਕ ਮਿਲਣਾ ਚਾਹੀਦਾ ਹੈ। ਪ੍ਰਧਾਨਗੀ ਲੈਣ ਵੇਲੇ ਸਰਬਸੰਮਤੀ ਠੀਕ ਸੀ ਪਰ ਛੱਡਣ ਵੇਲੇ ਸੰਗਤ ਦੇ ਹੱਕ ਯਾਦ ਆ ਗਏ! ਹੁਣ ਸੰਗਤ ਦੱਸੇ, ਕਿ ਇਸ ਸਭ ਕੁਝ ਦਾ ਸਿੱਖੀ ਨਾਲ ਕੋਈ ਸਬੰਧ ਹੈ?

ਗੁਰੂ ਪਿਆਰਿਓ! ਗੁਰੂ ਨਾਨਕ ਨੇ ਸੱਚ ਦਾ ਸੁਨੇਹਾ ਵੰਡਿਆ, ਸਿੱਖੀ ਦਾ ਬੂਟਾ ਲਾਇਆ; ਗੁਰੂ ਗੋਬਿੰਦ ਸਿੰਘ ਨੇ ਇਸ ਬੂਟੇ ਨੂੰ ਅੰਮ੍ਰਿਤ ਦੀ ਪਿਉਂਦ ਦਿੱਤੀ, ਪੰਜ ਕਕਾਰਾਂ ਦੀ ਬਖ਼ਸ਼ਿਸ਼ ਕਰ ਕੇ ਦੁਨੀਆ ਦੇ ਰੰਗਮੰਚ ਉਪਰ ਨਿਆਰੇ ਰੂਪ ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ। ਜਦ ਕਿਤੇ ਗੁਰੂ ਸਹਿਬਾਨ ਦੇ ਬਖ਼ਸ਼ਿਸ਼ ਕੀਤੇ ਸਰੂਪ, ਸੋਹਣੀ ਦਸਤਾਰ ਸਜਾਈ ਖੁੱਲ੍ਹੇ ਦਾੜ੍ਹੇ ਵਾਲੇ ਕਿਸੇ ਸਿੱਖ ਦੇ ਦਰਸ਼ਨ ਹੁੰਦੇ ਹਨ ਤਾਂ ਜਾਪਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਦੇ ਗੁਲਦਸਤੇ ਦੇ ਦਰਸ਼ਨ ਹੋ ਰਹੇ ਹੋਣ। ਗੁਲਦਸਤੇ ਵਿਚੋਂ ਗੁਰੂ ਜੀ ਦੀਆਂ ਬਖ਼ਸ਼ੀਆਂ ਦਾਤਾਂ ਪਿਆਰ, ਸਤਿਕਾਰ ਮਿਠਾਸ ਅਤੇ ਤਿਆਗ ਦੀ ਮਹਿਕ ਆਉਣੀ ਚਾਹੀਦੀ ਹੈ। ਇਹ ਮਹਿਕ ਦੂਜਿਆਂ ਦੇ ਸੀਨੇ ਤਾਂ ਠਾਰੇਗੀ ਹੀ, ਪਹਿਲਾਂ ਉਸ ਦੇ ਅੰਦਰ-ਬਾਹਰ ਨੂੰ ਖੇੜਾ ਬਖ਼ਸ਼ੇਗੀ। ਜੇ ਉਸ ਗੁਲਦਸਤੇ ਵਿਚੋਂ ਈਰਖਾ ਅਤੇ ਸੜੇਂਵਾਂ ਨਿਕਲੇਗਾ ਤਾਂ ਉਸ ਦਾ ਅੰਦਰ-ਬਾਹਰ ਤਾਂ ਸੜਿਆ ਹੀ ਰਹੇਗਾ, ਉਹ ਹੋਰਨਾਂ ਨੂੰ ਵੀ ਸਾੜੇਗਾ।

ਇਸ ਲਈ ਸਭ ਨੂੰ ਬੇਨਤੀ ਹੈ ਕਿ ਗੁਰੂ ਦੇ ਸਿੱਖ ਬਣੋ, ਸਰਬੱਤ ਦੇ ਭਲੇ ਦੀ ਸੋਚੋ। ਗੁਰੂ ਦੇ ਸਿੱਖਾਂ ਦਾ ਤਾਂ ਇਕੋ ਪਿਓ, ਇਕੋ ਮਾਂ ਹੁੰਦੀ ਹੈ। ਫਿਰ ਭਰਾਵਾਂ ਵਿਚਕਾਰ ਲੜਾਈ ਕਿਸ ਗੱਲ ਦੀ ਹੈ? ਗੁਰੂ ਦੇ ਸਿੱਖ ਬਣੋਗੇ ਤਾਂ ਮਸਲੇ ਇਕ ਦਿਨ ਵਿਚ ਨਿੱਬੜ ਜਾਣਗੇ। ਤੁਹਾਡੇ ਅਤੇ ਸੰਗਤ ਦੇ ਮਨਾਂ ਵਿਚ ਠੰਢਕ ਪੈ ਜਾਵੇਗੀ। ਚੋਣਾਂ ਨੂੰ ਸਭ ਜਣੇ ਭੁੱਲ ਹੀ ਜਾਣਗੇ। ਫਿਰ ਇਸ ਤੋਂ ਵੱਧ ਹੋਰ ਸਾਨੂੰ ਚਾਹੀਦਾ ਕੀ ਹੈ?

ਹਾਂ, ਇਹ ਵੀ ਜ਼ਰੂਰੀ ਨਹੀਂ ਕਿ ਸੱਤ ਭੈਣਾਂ, ਭਰਾਵਾਂ ਦੀ ਮੱਤ ਮਿਲਦੀ ਹੋਵੇ...ਆਪਾਂ ਘਰ ਵਿਚ ਵੀ ਕਿਸੇ ਮਸਲੇ ਬਾਰੇ ਫੈਸਲਾ ਕਰਨ ਲੱਗਿਆਂ ਕਹਿ ਲੈਂਦੇ ਹਾਂ ਕਿ ਵੋਟਾਂ ਪਾ ਕੇ ਦੇਖ ਲਓ! ਸੋ, ਜੇ ਚੋਣਾਂ ਜ਼ਰੂਰੀ ਹੋਣ ਤਾਂ ਉਹ ਵੀ ਵਰਤ ਲਓ ਪਰ ਇਹ ਢੰਗ ਸ਼ਾਂਤਮਈ ਹੋਣਾ ਚਾਹੀਦਾ ਹੈ। ਇਕ-ਦੂਜੇ ਦੀ ਜਿੱਤ-ਹਾਰ ਨੂੰ ਬਰਦਾਸ਼ਤ ਕਰਨਾ ਸਿੱਖੋ।...ਖਾਸ ਕਰ ਪ੍ਰਬੰਧਕਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਥੋਂ ਦੀਆਂ ਅਸੈਂਬਲੀਆਂ ਦੀ ਕਾਰਵਾਈ ਜ਼ਰੂਰ ਦੇਖਿਆ ਕਰਨ...ਕਿੰਨਾ ਸ਼ਾਂਤਮਈ ਮਾਹੌਲ ਹੁੰਦਾ ਹੈ। ਬਥੇਰੇ ਮਸਲੇ ਹੁੰਦੇ ਹਨ ਜਿਨ੍ਹਾਂ ਉਪਰ ਸਹਿਮਤੀ ਨਹੀਂ ਬਣਦੀ। ਇਨ੍ਹਾਂ ਨੂੰ ਬੈਠ ਕੇ ਸ਼ਾਂਤਮਈ ਤਰੀਕੇ ਨਾਲ ਨਿਬੇੜਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਬਹੁਤੇ ਕਾਨੂੰਨ ਵਿਰੋਧੀਆਂ ਦੀ ਸਹਿਮਤੀ ਤੋਂ ਬਗੈਰ ਵੀ ਤਾਂ ਪਾਸ ਹੁੰਦੇ ਹੀ ਹਨ, ਪਰ ਉਹ ਆਪਣੀ ਘੱਟ-ਗਿਣਤੀ ਹੋਂਦ ਨੂੰ ਸਵੀਕਾਰਦੇ ਹਨ, ਅਸੈਂਬਲੀ ਦਾ ਸਤਿਕਾਰ ਕਰਦੇ ਹਨ ਅਤੇ ਆਪਣੀ ਹਾਰ ਨੂੰ ਕਬੂਲਦੇ ਹਨ। ਆਸ ਕਰਨੀ ਚਾਹੀਦੀ ਹੈ ਕਿ ਅਮਰੀਕਾ ਵਿਚ ਹੋਈਆਂ ਸ਼ਾਂਤਮਈ ਚੋਣਾਂ ਤੋਂ ਅਸੀਂ ਸਾਰੇ ਪੂਰਾ ਸਬਕ ਸਿੱਖਾਂਗੇ। ਹੁਣ ਦੱਸਣ ਦੀ ਤਾਂ ਲੋੜ ਨਹੀਂ ਨਾ, ਕਿ ਇਸ ਨੂੰ ਜਮਹੂਰੀਅਤ ਕਹਿੰਦੇ ਹਨ। ਸਾਨੂੰ 'ਪੰਚਾਂ ਵਿਚ ਪਰਮੇਸ਼ਰ' ਵਾਲੀ ਗੱਲ ਵੀ ਕਦੀ ਨਹੀਂ ਭੁੱਲਣੀ ਚਾਹੀਦੀ।

# ਪੰਜਾਬ 'ਚ ਜਮਹੂਰੀ ਹੱਕਾਂ ਲਈ ਲਹਿਰ ਦੀ ਸੁਰਜੀਤੀ

ਦੇਸ-ਪਰਦੇਸ

*ਜਦੋਂ 1983 ਵਿਚ ਕੁਲਵੰਤ ਸਿੰਘ ਨਾਗੋਕੇ ਦਾ (ਉਸ ਦੌਰ ਦਾ) ਪਹਿਲਾ ਫਰਜ਼ੀ ਪੁਲਿਸ ਮੁਕਾਬਲਾ ਬਣਾਇਆ ਗਿਆ ਤਾਂ ਇਹ ਜਮਹੂਰੀ ਅਧਿਕਾਰ ਸਭਾ ਹੀ ਸੀ ਜਿਸ ਨੇ ਤੁਰੰਤ ਜਾਂਚ ਕਰ ਕੇ ਝੂਠੇ ਮੁਕਾਬਲੇ ਦੇ ਤੱਥ ਸਾਹਮਣੇ ਲਿਆਂਦੇ ਸਨ। ਇਸੇ ਤਰ੍ਹਾਂ ਸਾਕਾ ਨੀਲਾ ਤਾਰਾ, 1984 ਵਿਚ ਸਿੱਖਾਂ ਦੇ ਘਾਣ ਅਤੇ ਬੇਸ਼ੁਮਾਰ ਪੁਲਿਸ ਮੁਕਾਬਲਿਆਂ ਸਮੇਤ ਹਕੂਮਤੀ ਦਹਿਸ਼ਤਗਰਦੀ ਦੇ ਪੂਰੇ ਵਰਤਾਰੇ ਬਾਰੇ ਤੁਰੰਤ ਰਿਪੋਰਟਾਂ ਜਾਰੀ ਕੀਤੀਆਂ ਗਈਆਂ, ਪਰ ਸਾਵੀਂ ਅਤੇ ਭਰਵੀਂ ਸਮਝ ਤਹਿਤ। ਹਾਲਾਂਕਿ ਖ਼ਾਲਿਸਤਾਨੀ ਧੜਿਆਂ ਵਲੋਂ ਵਿੱਢੀ ਅੰਨ੍ਹੀ ਕਤਲੋਗ਼ਾਰਤ ਨੇ ਇਸ ਕਾਰਜ ਨੂੰ ਬਹੁਤ ਮੁਸ਼ਕਿਲ ਤੇ ਟੇਢਾ ਬਣਾ ਦਿੱਤਾ ਸੀ। ਇਸ ਤਰ੍ਹਾਂ ਦੀ ਕਤਲੋਗ਼ਾਰਤ 'ਚ ਗਲਤਾਨ ਕਿਸੇ ਤਹਿਰੀਕ ਨੂੰ ਹਕੂਮਤੀ ਦਹਿਸ਼ਤਗਰਦੀ ਰਾਹੀਂ ਕੁਲਚਣਾ ਹੁਕਮਰਾਨਾਂ ਲਈ ਕਿਤੇ ਵੱਧ ਸੁਖਾਲਾ ਹੋ ਜਾਂਦਾ ਹੈ ਜਦਕਿ ਇਸ ਤਰ੍ਹਾਂ ਦੇ ਹਾਲਾਤ 'ਚ ਹਕੂਮਤੀ ਦਹਿਸ਼ਤਗਰਦੀ ਨੂੰ .ਗਲਤ ਸਾਬਤ ਕਰਨਾ ਜਮਹੂਰੀ ਤਾਕਤਾਂ ਲਈ ਹੋਰ ਵੀ ਮੁਸ਼ਕਿਲ ਬਣ ਜਾਂਦਾ ਹੈ। ਖ਼ਾਲਿਸਤਾਨ ਲਹਿਰ ਨੇ ਅਜਿਹੀ ਗੁੰਜਾਇਸ਼ ਵਸੀਹ ਪੈਮਾਨੇ 'ਤੇ ਪੈਦਾ ਕਰ ਦਿੱਤੀ ਸੀ।*

ਬਰਨਾਲਾ ਵਿਖੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਸੂਬਾਈ ਅਜਲਾਸ (17-18 ਨਵੰਬਰ) ਕਾਮਯਾਬੀ ਨਾਲ ਨੇਪਰੇ ਚੜ੍ਹਨਾ, ਨਾ ਸਿਰਫ਼ ਪੰਜਾਬ ਲਈ, ਸਗੋਂ ਮੁਲਕ ਦੀ ਸਮੁੱਚੀ ਜਮਹੂਰੀ ਤਹਿਰੀਕ ਲਈ ਸੁਲੱਖਣੀ ਖ਼ਬਰ ਹੈ। ਸੁਲੱਖਣੀ ਇਸ ਲਈ ਕਿਉਂਕਿ ਪਿਛਲੇ ਇਕ ਦਹਾਕੇ ਤੋਂ ਸਭਾ ਦੀ ਸੂਬਾ ਪੱਧਰ ਦੀ ਸਰਗਰਮੀ ਜਥੇਬੰਦਕ ਕਮਜ਼ੋਰੀ ਕਾਰਨ ਲਗਭਗ ਜਾਮ ਹੋ ਚੁੱਕੀ ਸੀ ਅਤੇ ਸੂਬੇ ਵਿਚ ਅਜਿਹੀ ਕੋਈ ਹੋਰ ਜਥੇਬੰਦੀ ਨਹੀਂ ਸੀ ਜੋ ਜਮਹੂਰੀ ਹੱਕਾਂ ਉੱਪਰ ਹਮਲਿਆਂ ਬਾਰੇ ਦਰੁਸਤ ਤੇ ਢੁਕਵੀਂ ਦਖ਼ਲਅੰਦਾਜ਼ੀ ਕਰਨ ਦੇ ਸਮਰੱਥ ਹੋਵੇ। ਪੰਜਾਬ ਵਿਚ ਸ਼ਹਿਰੀ ਆਜ਼ਾਦੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਨਾਂ ਹੇਠ ਕੁਝ ਹੋਰ ਜਥੇਬੰਦੀਆਂ ਮੌਜੂਦ ਹਨ। ਇਨ੍ਹਾਂ ਦੇ ਪ੍ਰੋਗਰਾਮ ਅਤੇ ਉਦੇਸ਼ ਅਜਿਹੇ ਹਨ ਜੋ ਕੁਝ ਕੁ ਮੁੱਦਿਆਂ ਬਾਰੇ ਦਖ਼ਲਅੰਦਾਜ਼ੀ ਦਾ ਆਧਾਰ ਤਾਂ ਬਣਦੇ ਹਨ, ਪਰ ਇਹ ਸਮਾਜ ਨੂੰ ਘੱਟੋਘੱਟ ਮਨੁੱਖ

ਬੂਟਾ ਸਿੰਘ
ਫ਼ੋਨ: 91-94634-74342

ਦੇ ਜਿਉਣ ਦੇ ਕਾਬਲ ਅਤੇ ਬਿਹਤਰ ਬਣਾਉਣ ਦੇ ਜਮਹੂਰੀ ਹੱਕਾਂ ਦੀ ਸੋਝੀ ਦੇਣ ਤੇ ਇਸ ਦਾ ਪਸਾਰਾ ਕਰਨ ਦਾ ਸਾਧਨ ਨਹੀਂ ਬਣਦੇ। ਇਨ੍ਹਾਂ ਦੇ ਪ੍ਰੋਗਰਾਮ ਜਾਂ ਤਾਂ ਘਚੋਲੇ ਭਰੇ ਹਨ ਜਾਂ ਐਨੇ ਸੌੜੇ ਤੇ ਸਥਾਨਕ ਕਿ ਇਕ ਖ਼ਾਸ ਭਾਈਚਾਰੇ ਨਾਲ ਜੁੜੇ ਮੁੱਦਿਆਂ ਦੀ ਗੱਲ ਕਰਨ ਤੱਕ ਹੀ ਮਹਿਦੂਦ ਰਹਿੰਦੇ ਹਨ; ਸਮਾਜ ਦੇ ਸਾਰੇ ਦੱਬੇ-ਕੁਚਲੇ ਹਿੱਸਿਆਂ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਜੁੜਦਾ।

ਕੁਝ ਜਥੇਬੰਦੀਆਂ ਸ਼ਹਿਰੀ ਆਜ਼ਾਦੀਆਂ ਦੀ ਗੱਲ ਕਰਦੀਆਂ ਹਨ। ਇਨ੍ਹਾਂ ਦਾ ਸਰੋਕਾਰ ਸਿਰਫ਼ ਸੰਵਿਧਾਨ 'ਚ ਦਰਜ ਨਾਗਰਿਕ ਆਜ਼ਾਦੀਆਂ ਨਾਲ ਹੈ। ਭਾਰਤ ਵਰਗੇ ਮੁਲਕਾਂ 'ਚ ਜਮਹੂਰੀਅਤ ਮਹਿਜ਼ ਰਸਮੀ ਹੈ, ਉੱਥੇ ਪੱਛਮੀ ਮੁਲਕਾਂ ਵਾਂਗ ਯੁੱਗ ਪਲਟਾਊ ਸੰਘਰਸ਼ਾਂ ਰਾਹੀਂ ਰਾਜ ਢਾਂਚੇ ਅਤੇ ਸਮਾਜੀ ਤਾਣੇ-ਬਾਣੇ ਦਾ ਖ਼ਰਾ ਜਮਹੂਰੀਕਰਨ ਨਹੀਂ ਹੋਇਆ। ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਨੂੰ ਖ਼ਤਮ ਕਰਨ ਵਿਰੁੱਧ ਸੰਘਰਸ਼ ਵਿਚੋਂ ਜਮਹੂਰੀ ਹੱਕਾਂ ਦੀ ਸੋਝੀ ਦੀ ਜਾਗ ਲੱਗੀ ਅਤੇ ਇਹ ਮੁੱਢਲੀ ਸੋਝੀ ਕਾਂਗਰਸੀ ਆਗੂਆਂ ਉੱਪਰ 1947 ਤੋਂ ਬਾਅਦ ਸੰਵਿਧਾਨ ਅੰਦਰ ਇਨ੍ਹਾਂ ਹੱਕਾਂ ਦੀ ਗਾਰੰਟੀ ਦੇਣ ਲਈ ਜ਼ਬਰਦਸਤ ਦਬਾਅ ਬਣੀ। ਇਹ ਦਬਾਅ ਹੀ ਸੀ ਜਿਸ ਤਹਿਤ 1930 'ਚ ਕਾਂਗਰਸ ਵੱਲੋਂ 'ਸੰਪੂਰਨ ਆਜ਼ਾਦੀ' ਦਾ ਪ੍ਰਣ ਲੈਣ ਸਮੇਂ ਮਹਾਤਮਾ ਗਾਂਧੀ ਨੂੰ ਇਹ ਕਹਿਣਾ ਪਿਆ ਸੀ: "ਜਿਹੜੀ ਹਕੂਮਤ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਨਹੀਂ ਦੇ ਸਕਦੀ, ਉਸ ਨੂੰ ਨਾ ਸਿਰਫ਼ ਬਦਲਣ ਦਾ ਸਗੋਂ ਖ਼ਤਮ ਕਰਨ ਦਾ ਜਮਹੂਰੀ ਹੱਕ ਹੈ।" 1950 ਦੇ ਸੰਵਿਧਾਨ ਰਾਹੀਂ ਬਰਾਬਰੀ, ਜਮਹੂਰੀਅਤ, ਸਮਾਜਵਾਦ ਦੇ ਰਸਮੀ ਵਾਅਦੇ ਜ਼ਰੂਰ ਕੀਤੇ ਗਏ ਪਰ 65 ਸਾਲ ਬਾਅਦ ਵੀ ਇਹ ਨਿਰਦੇਸ਼ਕ ਸਿਧਾਂਤਾਂ ਤੱਕ ਹੀ ਸੀਮਤ ਹਨ। ਇਹ ਸੱਚੇ ਬੁਨਿਆਦੀ ਹੱਕ ਹਾਲੇ ਤੱਕ ਨਹੀਂ ਬਣੇ। ਅੰਗਰੇਜ਼ਾਂ ਦੇ ਜ਼ਮਾਨੇ ਦਾ ਭਾਰਤ ਸਰਕਾਰ ਐਕਟ-1935 ਅਤੇ ਇਸ ਤੋਂ ਪਹਿਲਾਂ ਦੀਆਂ ਸੈਂਕੜੇ ਜ਼ਾਲਮ ਕਾਨੂੰਨੀ ਮੱਦਾਂ ਹੂ-ਬ-ਹੂ ਮੌਜੂਦਾ ਸੰਵਿਧਾਨ 'ਚ ਸ਼ੁਮਾਰ ਹਨ। ਇਹੀ ਨਹੀਂ, ਸੰਵਿਧਾਨ ਨੂੰ ਨਵੇਂ ਤੋਂ ਨਵੇਂ ਵੱਧ ਜ਼ਾਲਮ ਕਾਨੂੰਨਾਂ ਨਾਲ ਘੋਰ ਜਾਬਰ ਬਣਾਇਆ ਗਿਆ ਹੈ। ਅਜਿਹੇ ਹਾਲਾਤ 'ਚ ਹੁਕਮਰਾਨ ਆਪਣੇ ਸੌੜੇ ਸਵਾਰਥਾਂ ਲਈ ਸ਼ਹਿਰੀ ਆਜ਼ਾਦੀਆਂ ਨੂੰ ਮੌਜ ਨਾਲ ਹੀ ਅਗਵਾ ਕਰ ਲੈਂਦੇ ਹਨ ਅਤੇ ਦਾਬਾ ਵਧਾਉਣ ਦੀ ਬਦਨੀਅਤ ਨਾਲ ਬਣਾਏ ਜਾਬਰ ਕਾਨੂੰਨਾਂ ਨੂੰ ਆਪਣੇ ਹਿੱਤ 'ਚ ਸੁਖਾਲਿਆਂ ਹੀ ਭੁਗਤਾ ਲੈਂਦੇ ਹਨ। ਇਸ ਤਰ੍ਹਾਂ ਬੁਨਿਆਦੀ ਮਸਲਾ ਮਹਿਜ਼ ਸ਼ਹਿਰੀ ਆਜ਼ਾਦੀਆਂ ਦਾ ਨਹੀਂ ਹੈ।

ਦੂਜੇ ਪਾਸੇ, 1947 ਤੋਂ ਬਾਅਦ ਮੁੜ ਜਥੇਬੰਦ ਕੀਤੇ ਗਏ ਭਾਰਤੀ ਰਾਜ ਦਾ ਸੁਭਾਅ ਧੁਰ ਅੰਦਰੋਂ ਗ਼ੈਰਜਮਹੂਰੀ ਤੇ ਫਾਸ਼ੀਵਾਦੀ ਹੋਣ ਕਾਰਨ ਮਨੁੱਖੀ ਹੱਕਾਂ ਦਾ ਅਕਸਰ ਹੀ ਵਿਆਪਕ ਘਾਣ ਹੁੰਦਾ ਹੈ। 65 ਸਾਲ ਦਾ ਇਤਿਹਾਸ ਇਸ ਦਾ ਗਵਾਹ ਹੈ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਇਸ ਰਾਜਨੀਤਕ ਖਿੱਤੇ ਦਾ ਕੋਈ ਖੇਤਰ ਅਜਿਹਾ ਨਹੀਂ ਜਿੱਥੇ ਰਾਜ ਨੇ ਆਪਣੇ ਹੀ ਲੋਕਾਂ ਵਿਰੁੱਧ ਜੰਗ ਨਾ ਛੇੜੀ ਹੋਵੇ, ਮੁਲਕ ਦੀ ਰਾਖੀ ਲਈ ਬਣਾਈਆਂ ਹਥਿਆਰਬੰਦ ਤਾਕਤਾਂ ਨੂੰ ਆਪਣੇ ਹੀ ਲੋਕਾਂ ਨੂੰ ਕੁਚਲਣ ਲਈ ਨਾ ਝੋਕਿਆ ਹੋਵੇ ਅਤੇ ਜਿੱਥੇ ਮਖੌਟਾਧਾਰੀ ਹਾਕਮ ਜਮਾਤਾਂ ਦਾ ਮੱਧਯੁਗੀ ਜ਼ਮਾਨੇ ਦੇ ਸੁਲਤਾਨਾਂ ਵਾਲਾ ਧਾੜਵੀ ਕਿਰਦਾਰ ਤੇ ਫਾਸ਼ੀਵਾਦੀ ਸੁਭਾਅ ਜੱਗ ਜ਼ਾਹਿਰ ਨਾ ਹੋਇਆ ਹੋਵੇ। ਇਨ੍ਹਾਂ ਹਾਲਾਤ 'ਚ ਮਨੁੱਖੀ ਜ਼ਿੰਦਗੀ ਦੀ ਰਾਖੀ, ਭਾਵ ਰਾਜ ਨੂੰ ਕਿਸੇ ਨਾਗਰਿਕ ਤੋਂ ਉਸ ਦੀ ਜ਼ਿੰਦਗੀ ਖੋਹਣ ਦੇ ਵਰਤਾਰੇ ਨੂੰ ਖ਼ਤਮ ਕਰਨ ਦਾ ਸਵਾਲ ਅਵਾਮ ਲਈ ਬਹੁਤ ਹੀ ਅਹਿਮ ਮੁੱਦਾ ਬਣਿਆ ਹੋਇਆ ਹੈ ਪਰ ਮਸਲਾ ਮਹਿਜ਼ ਮਨੁੱਖੀ ਹੱਕਾਂ ਤੱਕ ਹੀ ਮਹਿਦੂਦ ਨਹੀਂ ਹੈ। ਜਦੋਂ ਮਨੁੱਖੀ ਹੱਕਾਂ ਦੀ ਗੱਲ ਵੀ ਸਿਰਫ਼ ਇਕ ਖ਼ਾਸ ਫਿਰਕੇ, ਇਕ ਖ਼ਾਸ ਕੌਮੀਅਤ ਜਾਂ ਘੱਟਗਿਣਤੀ ਤੱਕ ਸੀਮਤ ਕਰ ਦਿੱਤੀ ਜਾਂਦੀ ਹੈ ਤਾਂ ਇਨ੍ਹਾਂ ਜਥੇਬੰਦੀਆਂ ਦੀ ਭੂਮਿਕਾ ਹੋਰ ਵੀ ਸੌੜੀ ਹੋ ਜਾਂਦੀ ਹੈ। ਕਈ ਵਾਰ ਤਾਂ ਇਹ ਨਾਂਹਪੱਖੀ ਵੀ ਹੋ ਨਿੱਬੜਦੀ ਹੈ। ਲਿਹਾਜ਼ਾ ਮੁੱਦਾ ਸਿਰਫ਼ ਮਨੁੱਖੀ ਜ਼ਿੰਦਗੀ ਦੀ ਰਾਖੀ ਤੱਕ ਸੀਮਤ ਨਹੀਂ ਹੈ ਸਗੋਂ ਜ਼ਿੰਦਗੀ ਤੇ ਸਮਾਜ ਨੂੰ ਜਿਉਣ ਦੇ ਕਾਬਲ ਬਣਾਉਣ ਲਈ ਨਿਜ਼ਾਮ ਨੂੰ ਮੁੱਢੋਂ ਬਦਲਣ ਦਾ ਜਮਹੂਰੀ ਹੱਕ ਹਾਸਲ ਕਰਨ ਅਤੇ ਇਸ ਦੀ ਮਜ਼ਬੂਤੀ ਦਾ ਹੈ ਜਿਸ ਨੂੰ ਮਨੁੱਖੀ ਜ਼ਿੰਦਗੀ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਸਥਾਪਤੀ ਦੀਆਂ ਨੀਤੀਆਂ ਦੀ ਆਲੋਚਨਾ ਕਰਨਾ ਅਤੇ ਆਪਣੇ ਹਿੱਤਾਂ ਤੇ ਅਧਿਕਾਰਾਂ ਦੀ ਹੱਕ-ਜਤਾਈ ਅਵਾਮ ਦਾ ਇਹ ਅਨਿੱਖੜ ਬੁਨਿਆਦੀ ਜਮਹੂਰੀ ਹੱਕ ਹਮੇਸ਼ਾ ਰਾਜ ਦੇ ਹਮਲੇ ਦੀ ਤਿੱਖੀ ਅਤੇ ਵਸੀਹ ਮਾਰ ਹੇਠ ਰਹਿੰਦਾ ਹੈ। ਜਮਹੂਰੀ ਅਧਿਕਾਰ ਸਭਾ ਦੇ ਬਾਨੀਆਂ ਨੇ ਇਨ੍ਹਾਂ ਤਿੰਨ ਤਰ੍ਹਾਂ ਦੇ ਹੱਕਾਂ ਦੀ ਸਪਸ਼ਟ ਨਿਸ਼ਾਨਦੇਹੀ ਕਰ ਕੇ ਸਭਾ ਦੀ ਪੁਖ਼ਤਾ ਭੂਮਿਕਾ ਤੈਅ ਕੀਤੀ ਸੀ। ਸਭਾ ਵਰਤਾਰਿਆਂ ਨੂੰ ਇਸ ਨੁਕਤਾ-ਨਜ਼ਰ ਨਾਲ ਦੇਖਦੀ ਹੈ ਕਿ ਰਾਜ ਦੀਆਂ ਨੀਤੀਆਂ ਦੇ ਅਵਾਮ ਦੇ ਜਮਹੂਰੀ ਹੱਕਾਂ ਉੱਪਰ ਕੀ ਪ੍ਰਭਾਵ ਪੈਂਦੇ ਹਨ। ਇਸ ਨਿੱਤਰਵੀਂ ਸਮਝ ਅਨੁਸਾਰ ਹੀ ਸਭਾ ਵਲੋਂ ਐਮਰਜੈਂਸੀ ਦੇ ਕਾਲੇ ਦੌਰ ਪਿੱਛੋਂ ਦੇ ਹਾਲਾਤ 'ਚ ਦਖ਼ਲਅੰਦਾਜ਼ੀ ਸ਼ੁਰੂ ਕੀਤੀ ਗਈ ਅਤੇ ਜਮਹੂਰੀ ਹੱਕਾਂ ਉੱਪਰ ਰਾਜ ਦੇ ਫਾਸ਼ੀਵਾਦੀ ਹਮਲਿਆਂ ਦੇ ਮੁੱਦਿਆਂ ਨੂੰ ਉਠਾਉਣਾ ਸ਼ੁਰੂ ਕੀਤਾ ਗਿਆ।

ਪੰਜਾਬ 'ਚ ਕੁਝ ਮਨੁੱਖੀ ਅਧਿਕਾਰ ਜਥੇਬੰਦੀਆਂ ਭਾਰਤੀ ਹਕੂਮਤ ਵਲੋਂ ਸਿੱਖ ਨੌਜਵਾਨਾਂ ਦੇ ਵਿਆਪਕ ਘਾਣ ਬਾਰੇ ਤਾਂ ਇਕਤਰਫ਼ਾ ਆਵਾਜ਼ ਉਠਾਉਂਦੀਆਂ ਰਹੀਆਂ ਹਨ (ਅਤੇ ਹੁਣ ਵੀ ਉਠਾਉਂਦੀਆਂ ਹਨ) ਜੋ ਉਠਾਉਣੀ ਵੀ ਬਣਦੀ ਸੀ, ਪਰ "ਖਾੜਕੂ" ਗਰੁੱਪਾਂ ਵਲੋਂ ਵੱਖਰੇ ਸਿਆਸੀ ਵਿਚਾਰਾਂ ਵਾਲੇ ਵਿਅਕਤੀਆਂ ਦੇ ਘ੍ਰਿਣਤ ਕਤਲਾਂ, ਹਿੰਦੂ ਫਿਰਕੇ ਦੇ ਲੋਕਾਂ ਦੀ ਅੰਨ੍ਹੀ ਕਤਲੋਗ਼ਾਰਤ ਅਤੇ ਪੰਜਾਬੀ ਸਮਾਜ ਉੱਪਰ ਆਪਣੇ ਮਨਪਸੰਦ ਸੁਧਾਰ ਬੰਦੂਕ ਦੇ ਜ਼ੋਰ ਥੋਪਣ ਦੇ ਜ਼ਾਹਿਰਾ ਦਹਿਸ਼ਤਪਾਊ ਵਰਤਾਰੇ ਬਾਰੇ ਇਹ ਪੂਰੀ ਤਰ੍ਹਾਂ ਖ਼ਾਮੋਸ਼ ਰਹੀਆਂ ਹਨ ਅਤੇ ਅੱਜ ਵੀ ਖ਼ਾਮੋਸ਼ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਉਭਾਰ ਸਮੇਂ ਹੀ ਗਰਮ-ਖ਼ਿਆਲ ਸਿੱਖ ਧੜੇ ਵਲੋਂ ਕਮਿਊਨਿਸਟਾਂ ਤੇ ਹਿੰਦੂ ਅਵਾਮ ਨੂੰ ਭਾਰਤੀ ਹੁਕਮਰਾਨਾਂ ਦੇ ਬਰਾਬਰ ਦੁਸ਼ਮਣ ਮਿੱਥ ਲਿਆ ਗਿਆ ਸੀ ਅਤੇ ਫਿਰ ਛੇਤੀ ਹੀ ਵਸੀਹ ਪੈਮਾਨੇ 'ਤੇ ਸੋਚੇ-ਸਮਝੇ ਕਤਲਾਂ ਦਾ ਅਮੁੱਕ ਸਿਲਸਿਲਾ ਸ਼ੁਰੂ ਹੋ ਗਿਆ ਜੋ ਪੂਰਾ ਇਕ ਦਹਾਕਾ ਜਾਰੀ ਰਿਹਾ। ਇਹ ਕਤਲੋਗ਼ਾਰਤ ਵੀ ਮਨੁੱਖੀ ਹੱਕਾਂ ਦਾ ਘਾਣ ਸੀ ਜੋ ਫਾਸ਼ੀਵਾਦੀ ਰੁਚੀ ਵਿਚੋਂ ਜਨਮਿਆ ਸੀ, ਪਰ ਇਸ ਬਾਬਤ ਜਾਂ ਤਾਂ ਖ਼ਾਮੋਸ਼ੀ ਧਾਰੀ ਗਈ ਜਾਂ ਫਿਰ ਕਈ ਸਭ ਤੋਂ ਘਿਣਾਉਣੇ ਕਤਲ ਕਾਂਡਾਂ ਲਈ 'ਕਾਲੀਆਂ ਬਿੱਲੀਆਂ' ਜਾਂ ਸਰਕਾਰੀ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ। ਕਿਸੇ ਤਹਿਰੀਕ ਦੇ ਉਭਾਰ ਦੌਰਾਨ ਕਮਜ਼ੋਰ ਅਤੇ ਨਿੱਘਰੇ ਹੋਏ ਅਨਸਰ ਤਹਿਰੀਕ ਦੀ ਓਟ ਲੈ ਕੇ ਮਿੱਥੇ ਨਿਸ਼ਾਨੇ ਤੋਂ ਉਲਟ ਕੁਝ ਇਕ ਕਾਰਵਾਈਆਂ ਕਰ ਹੀ ਸਕਦੇ ਹਨ। ਹਕੂਮਤੀ ਏਜੰਸੀਆਂ ਕਿਸੇ ਤਹਿਰੀਕ ਨੂੰ ਬਦਨਾਮ ਕਰਨ ਲਈ ਇਕਾ-ਦੁੱਕਾ ਕਤਲ ਕਾਂਡਾਂ ਨੂੰ ਅੰਜਾਮ ਦੇ ਹੀ ਸਕਦੀਆਂ ਹਨ, ਇਸ ਤੋਂ ਕੋਈ ਵੀ ਆਦਰਸ਼ਕ ਤੋਂ ਆਦਰਸ਼ਕ ਤਹਿਰੀਕ ਵੀ ਅਣਭਿੱਜ ਨਹੀਂ ਰਹਿ ਸਕਦੀ। (ਮਾਓਵਾਦੀ ਲਹਿਰ ਇਸ ਦੀ ਮਿਸਾਲ ਹੈ) ਪਰ ਜੇ ਸਬੰਧਤ ਤਹਿਰੀਕ ਦੀ ਲੀਡਰਸ਼ਿਪ ਇਮਾਨਦਾਰ ਤੇ ਦਿਆਨਤਦਾਰ ਹੋਵੇ ਅਤੇ ਅਜਿਹੀਆਂ ਕਾਰਵਾਈਆਂ ਨੂੰ ਸਿਧਾਂਤਕ-ਯੁੱਧਨੀਤਕ ਤੌਰ 'ਤੇ ਗ਼ਲਤ ਸਮਝਦੀ ਹੋਵੇ ਤਾਂ ਇਨ੍ਹਾਂ ਕਾਰਵਾਈਆਂ ਨੂੰ ਰੋਕਣਾ ਬਹੁਤਾ ਮੁਸ਼ਕਲ ਨਹੀਂ ਹੁੰਦਾ; ਪਰ ਪੰਜਾਬ ਵਿਚ ਸਮਾਜ ਦੇ ਖ਼ਾਸ ਹਿੱਸਿਆਂ ਦੀ ਧਰਮ ਅਤੇ ਵਿਚਾਰਾਂ ਦੇ ਆਧਾਰ 'ਤੇ ਕਤਲੋਗ਼ਾਰਤ ਪੂਰਾ ਇਕ ਦਹਾਕਾ ਇਸ ਕਰਕੇ ਜਾਰੀ ਰਹੀ ਕਿਉਂਕਿ ਖ਼ਾਲਿਸਤਾਨੀ ਤਹਿਰੀਕ ਦੀ ਲੀਡਰਸ਼ਿਪ ਉਨ੍ਹਾਂ ਨੂੰ ਖ਼ਾਲਿਸਤਾਨ ਬਣਾਉਣ ਦੇ ਆਪਣੇ ਰਾਜਸੀ ਏਜੰਡੇ ਦੇ ਰਾਹ 'ਚ ਮੁੱਖ ਰੋੜਾ ਸਮਝਦੀ ਸੀ। ਇਹ ਉਨ੍ਹਾਂ ਨੂੰ ਵਿਚਾਰਧਾਰਕ-ਸਿਆਸੀ ਸੰਵਾਦ ਨਾਲ ਜਿੱਤਣ ਦੀ ਥਾਂ ਗੋਲੀਆਂ ਨਾਲ ਖ਼ਾਮੋਸ਼ ਕਰਨ 'ਚ ਵਿਸ਼ਵਾਸ ਰੱਖਦੀ ਸੀ। ਇਹ ਪੂਰੀ ਤਰ੍ਹਾਂ ਸੁਚੇਤ ਨੀਤੀ ਸੀ। ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਇਹ ਹਕੀਕਤ ਭਲੀਭਾਂਤ ਪਤਾ ਸੀ, ਫਿਰ ਵੀ ਜੇ ਇਸ ਬਾਰੇ ਕੁਝ ਵਲੋਂ ਸਪਸ਼ਟ ਪੁਜੀਸ਼ਨ ਨਹੀਂ ਲਈ ਗਈ ਤਾਂ ਇਹ ਅਣਭੋਲ ਹੋਈ ਗ਼ਲਤੀ ਨਹੀਂ, ਸਗੋਂ ਸੁਚੇਤ ਪੈਂਤੜਾ ਸੀ।


ਇਸ ਦੇ ਉਲਟ, ਜਦੋਂ 1983 ਵਿਚ ਕੁਲਵੰਤ ਸਿੰਘ ਨਾਗੋਕੇ ਦਾ (ਉਸ ਦੌਰ ਦਾ) ਪਹਿਲਾ ਫਰਜ਼ੀ ਪੁਲਿਸ ਮੁਕਾਬਲਾ ਬਣਾਇਆ ਗਿਆ ਤਾਂ ਇਹ ਜਮਹੂਰੀ ਅਧਿਕਾਰ ਸਭਾ ਹੀ ਸੀ ਜਿਸ ਨੇ ਤੁਰੰਤ ਜਾਂਚ ਕਰ ਕੇ ਝੂਠੇ ਮੁਕਾਬਲੇ ਦੇ ਤੱਥ ਸਾਹਮਣੇ ਲਿਆਂਦੇ ਸਨ। ਇਸੇ ਤਰ੍ਹਾਂ ਸਾਕਾ ਨੀਲਾ ਤਾਰਾ, 1984 ਵਿਚ ਸਿੱਖਾਂ ਦੇ ਘਾਣ ਅਤੇ ਬੇਸ਼ੁਮਾਰ ਪੁਲਿਸ ਮੁਕਾਬਲਿਆਂ ਸਮੇਤ ਹਕੂਮਤੀ ਦਹਿਸ਼ਤਗਰਦੀ ਦੇ ਪੂਰੇ ਵਰਤਾਰੇ ਬਾਰੇ ਤੁਰੰਤ ਰਿਪੋਰਟਾਂ ਜਾਰੀ ਕੀਤੀਆਂ ਗਈਆਂ, ਪਰ ਸਾਵੀਂ ਅਤੇ ਭਰਵੀਂ ਸਮਝ ਤਹਿਤ। ਹਾਲਾਂਕਿ ਖ਼ਾਲਿਸਤਾਨੀ ਧੜਿਆਂ ਵਲੋਂ ਵਿੱਢੀ ਅੰਨ੍ਹੀ ਕਤਲੋਗ਼ਾਰਤ ਨੇ ਇਸ ਕਾਰਜ ਨੂੰ ਬਹੁਤ ਮੁਸ਼ਕਿਲ ਤੇ ਟੇਢਾ ਬਣਾ ਦਿੱਤਾ ਸੀ। ਇਸ ਤਰ੍ਹਾਂ ਦੀ ਕਤਲੋਗ਼ਾਰਤ 'ਚ ਗਲਤਾਨ ਕਿਸੇ ਤਹਿਰੀਕ ਨੂੰ ਹਕੂਮਤੀ ਦਹਿਸ਼ਤਗਰਦੀ ਰਾਹੀਂ ਕੁਲਚਣਾ ਹੁਕਮਰਾਨਾਂ ਲਈ ਕਿਤੇ ਵੱਧ ਸੁਖਾਲਾ ਹੋ ਜਾਂਦਾ ਹੈ ਜਦਕਿ ਇਸ ਤਰ੍ਹਾਂ ਦੇ ਹਾਲਾਤ 'ਚ ਹਕੂਮਤੀ ਦਹਿਸ਼ਤਗਰਦੀ ਨੂੰ ਗ਼ਲਤ ਸਾਬਤ ਕਰਨਾ ਜਮਹੂਰੀ ਤਾਕਤਾਂ ਲਈ ਹੋਰ ਵੀ ਮੁਸ਼ਕਿਲ ਬਣ ਜਾਂਦਾ ਹੈ। ਖ਼ਾਲਿਸਤਾਨ ਲਹਿਰ ਨੇ ਅਜਿਹੀ ਗੁੰਜਾਇਸ਼ ਵਸੀਹ ਪੈਮਾਨੇ 'ਤੇ ਪੈਦਾ ਕਰ ਦਿੱਤੀ ਸੀ। ਪੰਜਾਬ ਦੀ ਕਮਿਊਨਿਸਟ ਲਹਿਰ ਦਾ ਵੱਡਾ ਹਿੱਸਾ (ਅਤੇ ਨਕਸਲੀ ਲਹਿਰ ਦਾ ਖਾਸਾ ਹਿੱਸਾ) ਰਾਸ਼ਟਰਵਾਦੀ ਭਟਕਾਅ ਦਾ ਸ਼ਿਕਾਰ ਹੋਣ ਕਾਰਨ ਫਾਸ਼ੀਵਾਦੀ ਹੁਕਮਰਾਨ ਜਮਾਤਾਂ ਦੇ "ਕੌਮੀ ਏਕਤਾ ਤੇ ਅਖੰਡਤਾ" ਦੇ ਘ੍ਰਿਣਤ ਏਜੰਡੇ ਦਾ ਵਾਹਕ ਬਣ ਗਿਆ ਸੀ ਕਿਉਂਕਿ ਇਨ੍ਹਾਂ ਨੂੰ ਜਚ ਗਿਆ ਸੀ ਕਿ ਕਤਲੋਗ਼ਾਰਤ ਵਿਚ ਗਲਤਾਨ ਖ਼ਾਲਿਸਤਾਨੀਆਂ ਨੂੰ ਠੱਲ੍ਹ ਪਾਉਣ ਲਈ ਇਨ੍ਹਾਂ ਨੂੰ ਫ਼ੌਜੀ ਤਾਕਤ ਨਾਲ ਕੁਚਲਣਾ ਦੇਸ਼ ਭਗਤੀ ਹੈ। ਇਹ ਅਹਿਮ ਇਤਿਹਾਸਕ ਸਬਕ ਹੈ ਜਿਸ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

ਬਾਕੀ ਮਨੁੱਖੀ ਅਧਿਕਾਰ ਜਥੇਬੰਦੀਆਂ ਦਾ ਉਸ ਸਮੁੱਚੀ ਢਾਂਚਾਗਤ ਹਿੰਸਾ ਨਾਲ ਵੀ ਕੋਈ ਸਰੋਕਾਰ ਨਹੀਂ ਹੈ ਜੋ ਰੋਜ਼ਮਰਾ ਵਾਪਰਦੀ ਹੈ। ਖੁੱਲ੍ਹੀ ਮੰਡੀ ਦੇ ਵਿਕਾਸ ਮਾਡਲ ਵਲੋਂ ਮਚਾਈ ਬਹੁ-ਪਰਤੀ ਤਬਾਹੀ ਦੀ ਹਿੰਸਾ ਕਿਸੇ ਸਬੂਤ ਦੀ ਮੁਥਾਜ ਨਹੀਂ ਹੈ। ਜਾਤਪਾਤੀ ਜ਼ੁਲਮ, ਔਰਤਾਂ ਵਿਰੁੱਧ ਨਿੱਤ ਦੀ ਹਿੰਸਾ, ਬਿਹਾਰ-ਝਾਰਖੰਡ 'ਚ ਜਗੀਰੂ ਸੈਨਾਵਾਂ, ਆਂਧਰਾ ਪ੍ਰਦੇਸ਼ 'ਚ ਗਰੇਅ ਹਾਊਂਡਜ਼ ਅਤੇ ਸਥਾਪਤੀ ਵਲੋਂ ਬਣਾਏ ਹੋਰ ਲਾਕਾਨੂੰਨੀ ਹਥਿਆਰਬੰਦਗ੍ਰੋਹ, ਛੱਤੀਸਗੜ੍ਹ 'ਚ ਸਲਵਾ ਜੁਡਮ ਅਤੇ ਮਾਓਵਾਦੀ ਲਹਿਰ ਵਿਰੁੱਧ ਦਸ ਸੂਬਿਆਂ 'ਚ ਓਪਰੇਸ਼ਨ ਗ੍ਰੀਨ ਹੰਟ ਜਾਂ ਹੋਰ ਸ਼ਕਲਾਂ 'ਚ ਲੋਕਾਂ ਵਿਰੁੱਧ ਜੰਗ ਅਤੇ ਇਸ ਅੰਦਰ ਮਨੁੱਖੀ ਤੇ ਜਮਹੂਰੀ ਹੱਕਾਂ ਦਾ ਵਸੀਹ ਪੈਮਾਨੇ 'ਤੇ ਘਾਣ, ਕਸ਼ਮੀਰ ਤੇ ਉੱਤਰ-ਪੂਰਬ 'ਚ ਕੌਮੀਅਤਾਂ ਦੇ ਘਾਣ, ਗੁਜਰਾਤ ਅਤੇ ਹੋਰ ਥਾਈਂ ਹਿੰਦੂਤਵੀ ਦਹਿਸ਼ਤਗਰਦਾਂ ਵਲੋਂ ਮੁਸਲਮਾਨਾਂ ਦੇ ਕਤਲੇਆਮ, ਈਸਾਈਆਂ ਦੇ ਕਤਲਾਂ, ਸਮਾਜ ਦੇ ਵੱਖ-ਵੱਖ ਹਿੱਸਿਆਂ ਦੇ ਆਪਣੇ ਗੁਜ਼ਾਰੇ ਦੇ ਸਾਧਨ ਜਲ-ਜੰਗਲ-ਜ਼ਮੀਨ ਖੋਹੇ ਜਾਣ ਵਿਰੁੱਧ ਸੰਘਰਸ਼ਾਂ ਦਾ ਹਥਿਆਰਬੰਦ ਤਾਕਤਾਂ ਅਤੇ ਜ਼ਾਲਮ ਕਾਨੂੰਨਾਂ ਰਾਹੀਂ ਦਮਨ, ਪੂਰੇ ਮੁਲਕ 'ਚ ਜੇਲ੍ਹਾਂ 'ਚ ਡੱਕੇ ਸਿਆਸੀ ਕੈਦੀਆਂ ਦੀ ਅਣਮਨੁੱਖੀ ਹਾਲਤ, ਦੇਸ਼ਧ੍ਰੋਹ, ਰਾਜ ਵਿਰੁੱਧ ਜੰਗ ਤੇ ਹੋਰ ਜ਼ਾਲਮ ਕਾਨੂੰਨਾਂ ਤਹਿਤ ਜੇਲ੍ਹਾਂ 'ਚ ਡੱਕੀਆਂ ਹਜ਼ਾਰਾਂ ਆਦਿਵਾਸੀ ਤੇ ਗ਼ਰੀਬ ਔਰਤਾਂ ਸਮੇਤ ਬੇਸ਼ੁਮਾਰ ਆਦਿਵਾਸੀਆਂ, ਕਿਸਾਨਾਂ, ਖੇਤ ਮਜ਼ਦੂਰਾਂ, ਮੁਸਲਮਾਨਾਂ, ਕਲਾਕਾਰਾਂ, ਪੱਤਰਕਾਰਾਂ ਵਗੈਰਾ ਦੇ ਮਾਮਲੇ ਬਹੁਤ ਹੀ ਉੱਘੜਵੇਂ ਮਾਮਲੇ ਹਨ; ਪਰ ਇਨ੍ਹਾਂ ਬਾਰੇ ਇਹ ਮਨੁੱਖੀ ਅਧਿਕਾਰ ਜਥੇਬੰਦੀਆਂ ਅਕਸਰ ਖ਼ਾਮੋਸ਼ ਰਹਿੰਦੀਆਂ ਹਨ। ਇਹ ਉਨ੍ਹਾਂ ਲਈ ਕੋਈ ਮੁੱਦੇ ਨਹੀਂ ਹਨ। ਸਿੱਖ ਨੌਜਵਾਨਾਂ ਨੂੰ ਫਾਂਸੀ ਦੀ ਸਜ਼ਾ ਰੱਦ ਕੀਤੇ ਜਾਣ ਦੀ ਮੰਗ ਤਾਂ ਕੀਤੀ ਜਾਂਦੀ ਹੈ ਪਰ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਤਮਾਮ ਲੋਕਾਂ ਦੀ ਫਾਂਸੀ/ਮੌਤ ਦੀ ਸਜ਼ਾ ਖ਼ਤਮ ਕਰਨ ਦੀ ਗੱਲ ਕਦੇ ਨਹੀਂ ਕੀਤੀ ਜਾਂਦੀ। ਲਾਵਾਰਿਸ ਲਾਸ਼ਾਂ ਦੇ ਨਾਕਾਬਲੇ-ਮੁਆਫ਼ੀ ਜੁਰਮ ਨੂੰ ਨੰਗਾ ਕਰਨਾ ਬਿਲਕੁਲ ਸਹੀ ਤੇ ਬਾਵਕਤ ਕਦਮ ਸੀ ਪਰ ਇਸ ਨਾਲ ਮਿਲਦੇ-ਜੁਲਦੇ ਸੁਭਾਅ ਵਾਲੇ ਹੋਰ ਜੁਰਮਾਂ ਬਾਰੇ ਖ਼ਾਮੋਸ਼ੀ ਦੀ ਕੋਈ ਵਾਜਬੀਅਤ ਨਹੀਂ ਹੈ। ਇਉਂ ਆਪਣੇ ਘੜੇ ਸੌੜੇ ਚੌਖਟਿਆਂ 'ਚ ਬੰਦ ਰਹਿਣਾ ਇਨ੍ਹਾਂ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੀ ਗੰਭੀਰ ਸਮੱਸਿਆ ਹੈ।


ਜਮਹੂਰੀ ਅਧਿਕਾਰ ਸਭਾ ਦਾ ਪ੍ਰੋਗਰਾਮ ਇਨ੍ਹਾਂ ਤਮਾਮ ਮੁੱਦਿਆਂ ਤੇ ਮਸਲਿਆਂ ਨੂੰ ਵੱਖਰੇ ਨੁਕਤਾ-ਨਜ਼ਰ ਤੋਂ ਮੁਖ਼ਾਤਿਬ ਹੁੰਦਾ ਹੈ। ਸਭਾ ਗੱਲੀਂਬਾਤੀਂ ਸਰਬੱਤ ਦੇ ਭਲੇ, ਪਰ ਇਸ ਦੀ ਆੜ ਹੇਠ ਵੱਖਰੇ ਸਿਆਸੀ ਵਿਚਾਰਾਂ ਦੇ ਫਾਸ਼ੀਵਾਦੀ ਦਮਨ ਦੀ ਸਿਆਸਤ ਦੀ ਅੱਖਾਂ ਮੀਟ ਕੇ ਪ੍ਰੋੜਤਾ ਨਹੀਂ ਕਰਦੀ, ਸਗੋਂ ਮਲਕ ਭਾਗੋਆਂ ਦੇ ਰਾਜ ਨੂੰ ਚੁਣੌਤੀ ਦੇਣ, ਸਮਾਜ ਦੇ ਸੱਚੇ ਜਮਹੂਰੀਕਰਨ, ਸਭ ਲਈ ਬਰਾਬਰ ਵਿਕਾਸ ਦੇ ਮੌਕਿਆਂ, ਬਰਾਬਰ ਸਿਹਤ ਤੇ ਸਿੱਖਿਆ ਸਹੂਲਤਾਂ, ਪੱਕੇ ਰੁਜ਼ਗਾਰ, ਨਿੱਜੀ ਅਕੀਦੇ ਦੀ ਆਜ਼ਾਦੀ ਅਤੇ ਸਨਮਾਨਜਨਕ ਜ਼ਿੰਦਗੀ ਲਈ ਜੂਝਣ ਦੇ ਬੁਨਿਆਦੀ ਹੱਕ ਦੀ ਝੰਡਾਬਰਦਾਰ ਸੰਸਥਾ ਹੈ। ਇਸੇ ਕਾਰਨ ਇਸ ਸਭਾ ਦੀ ਮੁੜ-ਸੁਰਜੀਤੀ ਪ੍ਰਸੰਗਿਕ ਹੈ।

## ਅਜਮੇਰ ਔਲਖ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਬਣੇ

ਜਮਹੂਰੀ ਅਧਿਕਾਰ ਸਭਾ, ਪੰਜਾਬ ਨੂੰ ਅਗਵਾਈ ਦੇਣ ਲਈ 35 ਮੈਂਬਰੀ ਨਵੀਂ ਸੂਬਾਈ ਕਾਰਜਕਾਰਨੀ ਦੀ ਚੋਣ ਕੀਤੀ ਗਈ ਜਿਸ ਤਹਿਤ ਪ੍ਰੋਫੈਸਰ ਅਜਮੇਰ ਸਿੰਘ ਔਲਖ ਨੂੰ ਪ੍ਰਧਾਨ ਅਤੇ ਪ੍ਰੋਫੈਸਰ ਜਗਮੋਹਣ ਸਿੰਘ ਨੂੰ ਜਨਰਲ ਸਕੱਤਰ ਨੂੰ ਚੁਣਿਆ ਗਿਆ। ਇਨ੍ਹਾਂ ਦੇ ਨਾਲ-ਨਾਲ ਬੱਗਾ ਸਿੰਘ ਬਠਿੰਡਾ ਨੂੰ ਮੀਤ ਪ੍ਰਧਾਨ, ਪ੍ਰੋਫੈਸਰ ਏ.ਕੇ. ਮਲੇਰੀ ਨੂੰ ਦਫ਼ਤਰ ਸਕੱਤਰ, ਮਾਸਟਰ ਤਰਸੇਮ ਲਾਲ ਨੂੰ ਵਿੱਤ ਸਕੱਤਰ, ਨਰਭਿੰਦਰ ਸਿੰਘ ਨੂੰ ਜਥੇਬੰਦਕ ਸਕੱਤਰ, ਬੂਟਾ ਸਿੰਘ ਨਵਾਂਸ਼ਹਿਰ ਨੂੰ ਪ੍ਰੈੱਸ ਸਕੱਤਰ, ਪ੍ਰਿਤਪਾਲ ਸਿੰਘ ਨੂੰ ਪਬਲੀਕੇਸ਼ਨ ਸਕੱਤਰ, ਡਾਕਟਰ ਪਰਮਿੰਦਰ ਸਿੰਘ ਨੂੰ ਤਾਲਮੇਲ ਸਕੱਤਰ ਚੁਣ ਕੇ 9 ਮੈਂਬਰੀ ਸਕੱਤਰੇਤ ਬਣਾਇਆ ਗਿਆ।



ਪ੍ਰੋ. ਅਜਮੇਰ ਸਿੰਘ ਔਲਖ




ਪ੍ਰੋ. ਜਗਮੋਹਣ ਸਿੰਘ

ਬਰਨਾਲਾ ਦੀ ਅਗਰਵਾਲ ਧਰਮਸ਼ਾਲਾ 'ਚ ਹੋਏ ਦੋ ਦਿਨਾ ਸੂਬਾਈ ਅਜਲਾਸ ਦੀ ਸਮਾਪਤੀ ਸਮੇਂ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਸਭਾ ਦੀ ਸਥਾਪਨਾ ਦੇ ਸਮੇਂ ਤੋਂ ਹੀ ਇਸ ਦਾ ਜਮਹੂਰੀ ਹੱਕਾਂ ਦੀ ਉਲੰਘਣਾ ਵਿਰੁੱਧ ਆਵਾਜ਼ ਉਠਾਉਣ ਅਤੇ ਇਸ ਪੱਖੋਂ ਅਵਾਮ ਨੂੰ ਜਾਗਰੂਕ ਕਰਨ ਦਾ ਲੰਮਾ ਸ਼ਾਨਾਮੱਤਾ ਇਤਿਹਾਸ ਰਿਹਾ ਹੈ। ਸਭਾ ਨੇ ਕਾਲੇ ਦੌਰ ਦੇ ਸੰਤਾਪ ਸਮੇਂ ਵੀ ਸਾਵੀਂ ਸੋਚ ਅਪਣਾ ਕੇ ਹਕੂਮਤੀ ਦਹਿਸ਼ਤਗਰਦੀ ਅਤੇ ਫਿਰਕੂ ਅਤਿਵਾਦ ਪਿੱਛੇ ਕਾਰਜਸ਼ੀਲ ਸੌੜੀ ਭੂਮਿਕਾ ਨੂੰ ਨੰਗਾ ਕੀਤਾ। ਉੱਥੇ ਨਾਟਕਕਾਰ ਪ੍ਰੋਫੈਸਰ ਅਜਮੇਰ ਸਿੰਘ ਔਲਖ ਨੇ ਕਿਹਾ ਕਿ ਸਭਾ ਦਾ ਗ਼ੈਰ-ਸਰਗਰਮ ਰਹਿਣਾ ਹਰ ਜਮਹੂਰੀਅਤਪਸੰਦ ਲਈ ਫਿਕਰ ਵਾਲੀ ਗੱਲ ਸੀ। ਸੱਜਰੇ ਹੰਭਲੇ ਨੇ ਇਹ ਨਾਖੁਸ਼ਗਵਾਰ ਹਾਲਤ ਬਦਲ ਦਿੱਤੀ ਹੈ। ਹੁਣ ਹਾਕਮ ਜਮਾਤਾਂ ਦੀ ਆਰਥਿਕ ਨੀਤੀਆਂ, ਕਾਲੇ ਕਾਨੂੰਨਾਂ ਅਤੇ ਪੁਲਿਸ ਤੇ ਨੀਮ ਫ਼ੌਜੀ ਤਾਕਤਾਂ ਰਾਹੀਂ ਲੋਕਾਂ ਵਿਰੁੱਧ ਵਿੱਢੀ ਜੰਗ ਵਿਰੁੱਧ ਪਾਏਦਾਰ ਭੂਮਿਕਾ ਨਿਭਾਏ ਜਾਣ ਦੀ ਆਸ ਬੱਝੀ ਹੈ।

ਅਜਲਾਸ 'ਚ ਪਾਸ ਕੀਤੇ ਮਤਿਆਂ 'ਚ ਹੁਕਮਰਾਨਾਂ ਦੇ ਮੌਜੂਦਾ ਵਿਕਾਸ ਮਾਡਲ ਨੂੰ ਲੋਕ ਵਿਰੋਧੀ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਵਾਪਸ ਲੈਣ, ਯੂ.ਏ.ਪੀ.ਏ., ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਖ਼ਤਮ ਕਰਨ, ਓਪਰੇਸ਼ਨ ਗ੍ਰੀਨ ਹੰਟ ਸਮੇਤ ਹਰ ਤਰ੍ਹਾਂ ਦੇ ਹਮਲੇ ਬੰਦ ਕਰਨ, ਸ਼ਰੁਤੀ ਨੂੰ ਉਸ ਦੇ ਮਾਪਿਆਂ ਦੇ ਹਵਾਲੇ ਕਰਨ ਅਤੇ ਹਕੂਮਤ ਤੇ ਗੁੰਡਿਆਂ ਦੇ ਨਾਪਾਕ ਗੱਠਜੋੜ ਨੂੰ ਬੇਨਕਾਬ ਕਰਨ ਲਈ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ, ਸਿਆਸੀ ਵਿਚਾਰਾਂ ਦੇ ਆਧਾਰ 'ਤੇ ਅਤੇ ਆਪਣੇ ਰੋਜ਼ੀ ਦੇ ਸਾਧਨਾਂ ਲਈ ਸੰਘਰਸ਼ ਕਰਦੇ ਲੋਕਾਂ ਵਿਰੁੱਧ ਦਰਜ ਦੇਸ਼ਧ੍ਰੋਹ ਤੇ ਹੋਰ ਮੁਕੱਦਮੇ ਤੁਰੰਤ ਰੱਦ ਕਰਨ, ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ, ਮਨੀਪੁਰ 'ਚ 13 ਸਾਲ ਤੋਂ ਅਫਸਪਾ ਕਾਨੂੰਨ ਹਟਾਉਣ ਦੀ ਮੰਗ ਲੈ ਕੇ ਮਰਨ ਵਰਤ 'ਤੇ ਬੈਠੀ ਇਰੋਮ ਸ਼ਰਮੀਲਾ ਦੀ ਮੰਗ ਤੁਰੰਤ ਮੰਨਣ, ਲੱਚਰ ਸੱਭਿਆਚਾਰ ਅਤੇ ਨਸ਼ਿਆਂ ਰਾਹੀਂ ਸਮਾਜਕ ਤਾਣੇ-ਬਾਣੇ ਨੂੰ ਪਲੀਤ ਕਰਨ ਦਾ ਅਮਲ ਬੰਦ ਕਰਨ ਅਤੇ ਰਜਬ ਅਲੀ ਦੀਆਂ ਰਚਨਾਵਾਂ ਛਾਪਣ ਵਾਲੇ ਪ੍ਰਕਾਸ਼ਕਾਂ ਤੇ ਸੰਪਾਦਕਾਂ ਵਿਰੁੱਧ ਦਰਜ ਕੇਸ ਵਾਪਸ ਲੈਣ ਦੀ ਮੰਗ ਕੀਤੀ।

# ਵੇਲੇ ਤੋਂ ਪਹਿਲਾਂ ਲੋਕ ਸਭਾ ਚੋਣਾਂ ਦੇ ਰੌਲੇ ਪਿੱਛੇ ਲੁਕਵੀਂ ਚਾਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਅੰਦਾਜ਼ੇ ਹਰ ਕੋਈ ਲਾ ਸਕਦਾ ਹੈ ਤੇ ਇਨ੍ਹਾਂ ਉਤੇ ਕੋਈ ਰੋਕ ਨਹੀਂ ਹੁੰਦੀ। ਇਹੋ ਜਿਹੇ ਅੰਦਾਜ਼ੇ ਪਿਛਲੀ ਵਾਰ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਵੀ ਲਾਏ ਸਨ ਕਿ ਬਾਦਲ ਸਰਕਾਰ ਨੇ ਪੰਜ ਸਾਲ ਨਹੀਂ ਕੱਢ ਸਕਣੇ, ਤੇ ਉਹ ਪੰਜ ਸਾਲ ਕੱਢ ਕੇ ਦੋਬਾਰਾ ਪੰਜ ਸਾਲ ਰਾਜ ਕਰਨ ਲਈ ਅੱਗੇ ਆ ਗਈ ਹੈ। ਹੁਣ ਕਾਂਗਰਸ ਦੀ ਇੱਕ ਬੀਬੀ ਕਹਿ ਰਹੀ ਹੈ ਕਿ ਬਾਦਲ ਸਰਕਾਰ ਨੇ ਪੰਜ ਸਾਲ ਨਹੀਂ ਕੱਢ ਸਕਣੇ। ਅੰਦਾਜ਼ੇ ਹੀ ਤਾਂ ਹਨ, ਜਿਨ੍ਹਾਂ ਉਤੇ ਕੋਈ ਰੋਕ ਨਹੀਂ। ਕੇਂਦਰ ਦੀ ਸਰਕਾਰ ਬਾਰੇ ਵੀ ਭਾਜਪਾ ਦੇ ਲੀਡਰ ਉਦੋਂ ਤੋਂ ਇਹ ਕਹਿ ਰਹੇ ਹਨ ਕਿ ਇਸ ਨੇ ਆਪਣੀ ਮਿਆਦ ਪੂਰੀ ਨਹੀਂ ਕਰ ਸਕਣੀ, ਜਦੋਂ ਉਸ ਨੂੰ ਬਣੀ ਨੂੰ ਹਾਲੇ ਇੱਕ ਸਾਲ ਨਹੀਂ ਸੀ ਹੋਇਆ। ਇਸ ਦੇ ਬਾਵਜੂਦ ਇਹ ਸਰਕਾਰ ਨਾ ਸਿਰਫ ਚੱਲਦੀ ਰਹੀ, ਸਗੋਂ ਇਹ ਆਪਣੇ ਉਤੇ ਆਜ਼ਾਦੀ ਮਿਲਣ ਦੇ ਦਿਨ ਤੋਂ ਬਾਅਦ ਦੇ ਸਭ ਤੋਂ ਵੱਡੇ ਸਿਆਸੀ ਹਮਲਿਆਂ ਦੇ ਬਾਵਜੂਦ ਚੱਲਦੀ ਰਹੀ ਹੈ। ਜਿਵੇਂ ਹੁਣ ਤੱਕ ਚੱਲਦੀ ਰਹੀ ਹੈ, ਉਵੇਂ ਹੀ ਇਹ ਸਰਕਾਰ ਅੱਗੇ ਵੀ ਚੱਲਦੀ ਰਹਿ ਸਕਦੀ ਹੈ।*

ਜੇ ਸਾਰਾ ਕੁਝ ਆਮ ਵਾਂਗ ਚੱਲਦਾ ਰਹੇ ਤਾਂ ਲੋਕਾਂ ਵੱਲੋਂ ਸਿੱਧੀ ਵੋਟ ਨਾਲ ਚੁਣੇ ਜਾਂਦੇ ਭਾਰਤੀ ਪਾਰਲੀਮੈਂਟ ਦੇ ਹੇਠਲੇ ਸਦਨ, ਲੋਕ ਸਭਾ, ਲਈ ਚੋਣਾਂ ਅਗਲੇਰੇ ਸਾਲ 2014 ਦੇ ਮਈ ਮਹੀਨੇ ਵਿਚ ਹੋਣਗੀਆਂ। ਇਸ ਲਿਹਾਜ ਨਾਲ ਅਜੇ 18 ਮਹੀਨੇ ਬਾਕੀ ਰਹਿੰਦੇ ਹਨ ਪਰ ਅੰਦਾਜ਼ੇ ਇਸ ਤਰ੍ਹਾਂ ਦੇ ਲੱਗਣ ਲੱਗ ਪਏ ਹਨ, ਜਿਵੇਂ ਚੋਣਾਂ ਨੇ ਉਦੋਂ ਤੀਕ ਉਡੀਕ ਨਹੀਂ ਕਰਨੀ ਤੇ ਅਗਾਊਂ ਹੀ ਆ ਕੇ ਕੁੰਡਾ ਖੜਕਾ ਦੇਣਾ ਹੈ। ਅਸੀਂ ਇਹ ਗੱਲ ਯਕੀਨੀ ਨਹੀਂ ਕਹਿ ਸਕਦੇ। ਇਸ ਸਬੰਧੀ ਜੋ ਅੰਦਾਜ਼ੇ ਲਾਏ ਜਾਂਦੇ ਹਨ, ਉਹ ਕੇਂਦਰ ਸਰਕਾਰ ਦੀ ਅਗਵਾਈ ਕਰਦੀ ਕਾਂਗਰਸ ਪਾਰਟੀ ਅਤੇ ਉਸ ਦੇ ਨਿਕਟ ਸਹਿਯੋਗੀਆਂ ਦੀਆਂ ਹਰਕਤਾਂ ਤੋਂ ਲੱਗਣ ਲੱਗੇ ਹਨ।

ਕਾਂਗਰਸ ਪਾਰਟੀ ਇਸ ਵਕਤ ਪੰਜਵੇਂ ਗੇਅਰ ਵਿਚ ਚੱਲ ਰਹੀ ਜਾਪਦੀ ਹੈ। ਕਾਫੀ ਸਮਾਂ ਇਹ ਪਾਰਟੀ ਇੰਜ ਸੁਸਤ ਜਿਹੀ, ਤੇ ਕਈ ਵਾਰੀ ਬੇਹਰਕਤ ਵੀ, ਜਾਪਦੀ ਰਹੀ, ਜਿਸ ਤੋਂ ਸਰਕਾਰ ਅਤੇ ਸਿਆਸਤ ਦਾ ਸਾਰਾ ਕੰਮ ਰੱਬ ਆਸਰੇ ਚੱਲਦਾ ਹੋਣ ਦਾ ਪ੍ਰਭਾਵ ਬਣਨ ਲੱਗ ਪਿਆ ਸੀ। ਫਿਰ ਇਸ ਦੇ ਖਿਲਾਫ ਰਾਜਸੀ ਹਮਲੇ ਸ਼ੁਰੂ ਹੋ ਗਏ। ਕਈ ਲੋਕ ਇਹ ਕਹਿਣ ਲੱਗ ਪਏ, ਜਿਨ੍ਹਾਂ ਵਿਚ ਅਸੀਂ ਵੀ ਸ਼ਾਮਲ ਸਾਂ ਕਿ ਕਾਂਗਰਸ ਪਾਰਟੀ ਹਿੰਦੁਸਤਾਨ ਦੀ ਅੱਜ ਤੱਕ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਦੀ ਅਗਵਾਈ ਕਰ ਰਹੀ ਹੈ। ਅਚਾਨਕ ਇਸ ਰੌਲੇ ਵਿਚ ਮੋੜ ਆ ਗਿਆ। ਆਪਣੇ ਪੱਲੇ ਉਤੇ ਲੱਗੇ ਦਾਗ ਤਾਂ ਕਾਂਗਰਸ ਪਾਰਟੀ ਏਡੀ ਛੇਤੀ ਨਾ ਧੋ ਸਕਦੀ ਸੀ ਤੇ ਨਾ ਧੋ ਸਕੀ, ਪਰ ਇਸ ਦੇ ਵਿਰੋਧ ਦੀ ਮੁੱਖ ਧਿਰ ਮੰਨੀ ਜਾਂਦੀ ਭਾਰਤੀ ਜਨਤਾ ਪਾਰਟੀ ਦਾ ਖਿਲਾਰਾ ਇੰਨਾ ਵਧ ਗਿਆ ਕਿ ਕਾਂਗਰਸ ਦੀ ਬਜਾਏ ਲੋਕਾਂ ਵਿਚ ਉਸ ਦੀ ਚਰਚਾ ਵੱਧ ਚੱਲ ਪਈ। ਭਾਜਪਾ ਦਾ ਕੌਮੀ ਪ੍ਰਧਾਨ ਨਿਤਿਨ ਗਡਕਰੀ ਇੱਕ ਪਿੱਛੋਂ ਦੂਸਰੇ ਸਕੈਂਡਲ ਦੀ ਮਾਰ ਹੇਠ ਆਉਂਦਾ ਗਿਆ ਤੇ ਉਸ ਦਾ ਬਚਾਅ ਕਰਨ ਦੇ ਯਤਨ ਵਿਚ ਭਾਜਪਾ ਆਪਣੀ ਸਥਿਤੀ ਹੋਰ ਖਰਾਬ ਕਰ ਬੈਠੀ। ਇਹ ਉਹ ਮੌਕਾ ਸੀ, ਜਦੋਂ ਕਾਂਗਰਸ ਇੱਕ ਦਮ ਸੁਸਤੀ ਛੱਡ ਕੇ ਦੁੜਕੀ ਚਾਲੇ ਤੁਰ ਪਈ।

ਪਹਿਲ ਇਸ ਨੇ ਕੀਤੀ ਸਰਕਾਰ ਦੀ ਭੰਨ-ਤੋੜ ਤੋਂ, ਜਿਸ ਵਿਚੋਂ ਕੁਝ ਪੁਰਾਣੇ ਕੱਢ ਕੇ ਕੁਝ ਨਵੇਂ ਵਜ਼ੀਰ ਪਾ ਲਏ ਅਤੇ ਇਸ ਦੀ ਦਿੱਖ ਸੁਧਾਰਨ ਵਾਲਾ ਪ੍ਰਭਾਵ ਪਾਉਣ ਦਾ ਯਤਨ ਕੀਤਾ। ਇਸ ਯਤਨ ਵਿਚ ਸਲਮਾਨ ਖੁਰਸ਼ੀਦ ਤੇ ਸ੍ਰੀਪ੍ਰਕਾਸ਼ ਜਾਇਸਵਾਲ ਦੇ ਵਜ਼ੀਰੀ ਅਹੁਦੇ ਕਾਇਮ ਰੱਖਣ ਕਾਰਨ ਜਦੋਂ ਬਹੁਤ ਜ਼ਿਆਦਾ ਫਰਕ ਪਿਆ ਨਾ ਲੱਭਾ ਤਾਂ ਉਸ ਨੇ ਇਸ ਦੇ ਮਗਰੇ-ਮਗਰ ਸੂਰਜ ਕੁੰਡ ਦੇ ਸੈਰ-ਸਪਾਟਾ ਅਸਥਾਨ ਉਤੇ ਆਪਣੇ ਵੱਡੇ ਲੀਡਰਾਂ ਦੀ ਸੰਵਾਦ ਬੈਠਕ ਨਾਲ ਇਹ ਗੱਲ ਹੋਰ ਅੱਗੇ ਵਧਾ ਦਿੱਤੀ ਕਿ ਉਹ ਹੁਣ ਸਰਗਰਮ ਹੋ ਰਹੀ ਹੈ। ਹਾਲੇ ਚਾਰ ਦਿਨ ਵੀ ਨਹੀਂ ਸਨ ਹੋਏ ਕਿ ਉਸ ਨੇ ਦਿੱਲੀ ਤੋਂ ਇਹ ਐਲਾਨ ਕਰ ਦਿੱਤਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਪੁੱਤਰ ਰਾਹੁਲ ਗਾਂਧੀ ਨੂੰ ਇੱਕ ਵੱਡੀ ਭੂਮਿਕਾ ਨਿਭਾਉਣ ਲਈ ਤਿਆਰ ਕੀਤਾ ਗਿਆ ਹੈ ਤੇ ਉਹ ਅਗਲੀਆਂ ਪਾਰਲੀਮੈਂਟ ਚੋਣਾਂ ਲਈ ਤਾਲਮੇਲ ਕਮੇਟੀ ਦੇ ਮੁਖੀ ਦੀ ਜ਼ਿੰਮੇਵਾਰੀ ਨਿਭਾਵੇਗਾ, ਜਿਸ ਵਿਚ ਕਈ ਸੀਨੀਅਰ ਆਗੂ ਵੀ ਹੋਣਗੇ। ਚੋਣਾਂ ਦੇ 18 ਮਹੀਨੇ ਪਹਿਲਾਂ ਹੀ ਜਦੋਂ ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਕਾਂਗਰਸ ਨੇ ਚੋਣ ਤਾਲਮੇਲ ਕਮੇਟੀ ਵੀ ਬਣਾ ਲਈ ਤੇ ਰਾਹੁਲ ਗਾਂਧੀ ਨੂੰ ਅੱਗੇ ਵੀ ਜੋੜ ਲਿਆ, ਚੋਣਾਂ ਦੀ ਚਰਚਾ ਨੂੰ ਇਸ ਨਾਲ ਬਲ ਮਿਲ ਗਿਆ ਹੈ।

ਇਸ ਚਰਚਾ ਨੂੰ ਦੂਸਰਾ ਹੁਲਾਰਾ ਸਮਾਜਵਾਦੀ ਪਾਰਟੀ ਨੇ ਦੇ ਦਿੱਤਾ ਹੈ, ਜਿਹੜੀ ਉਤਰ ਪ੍ਰਦੇਸ਼ ਵਿਚ ਕਾਂਗਰਸ ਨਾਲ ਆਢਾ ਲਾਉਣ ਦਾ ਕੰਮ ਵੀ ਕਰੀ ਜਾਂਦੀ ਹੈ ਤੇ ਕੇਂਦਰ ਵਿਚ ਜਦੋਂ ਲੋੜ ਪਵੇ, ਉਸ ਦੀ ਸਰਕਾਰ ਚੱਲਦੀ ਰੱਖਣ ਲਈ ਸਾਥ ਵੀ ਦਿੰਦੀ ਰਹਿੰਦੀ ਹੈ। ਉਸ ਨੇ ਲੋਕ ਸਭਾ ਲਈ ਆਪਣੇ 55 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਅੱਜ ਕੱਲ੍ਹ ਭਾਰਤ ਵਿਚ ਇਹ ਧਾਰਨਾ ਬਣਦੀ ਜਾ ਰਹੀ ਹੈ ਕਿ ਜਿਹੜੀ ਪਾਰਟੀ ਆਪਣੇ ਉਮੀਦਵਾਰਾਂ ਦਾ ਐਲਾਨ ਪਹਿਲਾਂ ਕਰ ਦੇਵੇ, ਉਹ ਬਾਕੀਆਂ ਤੋਂ ਅੱਗੇ ਨਿਕਲ ਜਾਂਦੀ ਹੈ। ਵੋਟਰਾਂ ਦੇ ਮੂਡ ਦਾ ਭਾਵੇਂ ਕੋਈ ਵੀ ਪਤਾ ਨਹੀਂ ਲੱਗ ਸਕਦਾ, ਪਰ ਸਮਾਜਵਾਦੀ ਪਾਰਟੀ ਨੇ ਇਸ ਧਾਰਨਾ ਨੂੰ ਵਰਤਣ ਦਾ ਯਤਨ ਕੀਤਾ ਜਾਪਦਾ ਹੈ।

ਕਾਂਗਰਸ ਪਾਰਟੀ ਦੇ ਪੱਕੇ ਜੋਟੀਦਾਰ ਐਨ ਸੀ ਪੀ ਪਾਰਟੀ ਵਾਲੇ ਸ਼ਰਦ ਪਵਾਰ ਹੁਣ ਦਿੱਲੀ ਵਿਚ ਥੋੜ੍ਹਾ ਸਮਾਂ ਦੇ ਕੇ ਬਹੁਤਾ ਆਪਣੇ ਰਾਜ ਮਹਾਰਾਸ਼ਟਰ ਦੀ ਰਾਜਨੀਤੀ ਵਿਚ ਦੇ ਰਹੇ ਹਨ। ਕਾਰਨ ਸਿਰਫ ਭਤੀਜੇ ਅਜੀਤ ਪਵਾਰ ਦੀ ਖਾਲੀ ਕੀਤੀ ਥਾਂ ਮੱਲ ਕੇ ਆਪਣੀ ਧੀ ਸੁਪ੍ਰਿਆ ਸੂਲੇ ਨੂੰ ਰਾਜ ਦੀ ਰਾਜਨੀਤੀ ਵਿਚ ਉਹਦੀ ਥਾਂ ਦਿਵਾਉਣਾ ਨਹੀਂ, ਸਗੋਂ ਇਹ ਵੀ ਹੈ ਕਿ ਕੇਂਦਰ ਵਿਚ ਉਸ ਦੀ ਪੁੱਛਗਿੱਛ ਤਦੇ ਹੋਣੀ ਹੈ, ਜੇ ਉਸ ਨੂੰ ਆਪਣੇ ਰਾਜ ਵਿਚੋਂ ਪਾਰਲੀਮੈਂਟ ਲਈ ਕੁਝ ਸੀਟਾਂ ਮਿਲ ਜਾਣਗੀਆਂ। ਇਹ ਪਾਰਟੀ ਮਹਾਰਾਸ਼ਟਰ ਤੋਂ ਬਾਹਰ ਕਿਤੇ ਹੈ ਨਹੀਂ। ਇਸ ਪੱਖੋਂ ਮਹਾਰਾਸ਼ਟਰ ਦੇ ਅੰਦਰ ਸ਼ਰਦ ਪਵਾਰ ਦੀ ਵਧੀ ਹੋਈ ਸਰਗਰਮੀ ਵੀ ਲੋਕ ਸਭਾ ਚੋਣਾਂ ਨੇੜੇ ਹੋਣ ਦਾ ਪ੍ਰਭਾਵ ਦੇ ਰਹੀ ਹੈ।

ਵਿਰੋਧੀ ਪਾਰਟੀਆਂ ਵਿਚੋਂ ਸਭ ਤੋਂ ਵੱਧ ਇਹ ਪ੍ਰਭਾਵ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਕਬੂਲਿਆ ਹੈ ਤੇ ਉਹ ਧਮਕੜੇ ਨੱਸ ਤੁਰੇ ਹਨ। ਅਗਲੇ ਮਹੀਨੇ ਦੋ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੋਣ ਨਤੀਜੇ ਆਉਣੇ ਹਨ। ਹਿਮਾਚਲ ਪ੍ਰਦੇਸ਼ ਵਿਚ ਸ਼ਾਇਦ ਬਹੁਤਾ ਕੁਝ ਪੱਲੇ ਨਾ ਪਵੇ, ਗੁਜਰਾਤ ਤੋਂ ਉਨ੍ਹਾਂ ਨੂੰ ਵੱਡੀ ਝਾਕ ਹੈ ਪਰ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਜਿਹੜਾ ਗੁਜਰਾਤ ਸੀਟਾਂ ਦੇ ਪੱਖ ਤੋਂ ਆਸ ਬੰਨ੍ਹਾਉਂਦਾ ਹੈ, ਅਗਵਾਈ ਲਈ ਨਰਿੰਦਰ ਮੋਦੀ ਦੀ ਉਠਾਣ ਦੇ ਪੱਖ ਤੋਂ ਉਹੋ ਗੁਜਰਾਤ ਕੰਬਣੀ ਛੇੜ ਰਿਹਾ ਹੈ। ਇਸ ਸੰਕਟ ਵਿਚੋਂ ਨਿਕਲਣ ਲਈ ਉਸ ਨੇ ਆਪਣੇ ਕੇਂਦਰੀ ਲੀਡਰਾਂ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੇ ਵਿਰੁਧ ਸਾਰੇ ਦੇਸ਼ ਵਿਚ 'ਹੱਲਾ ਬੋਲ' ਦਾ ਪ੍ਰੋਗਰਾਮ ਉਲੀਕ ਦਿੱਤਾ ਹੈ, ਤਾਂ ਕਿ ਗੁਜਰਾਤ ਦੇ ਬਾਹਰੋਂ ਏਨੀਆਂ ਕੁ ਸੀਟਾਂ ਜਿੱਤਣ ਦਾ ਜ਼ੋਰ ਲਾਇਆ ਜਾਵੇ ਕਿ ਅੰਤਲੇ ਲੇਖੇ ਵਿਚ ਨਰਿੰਦਰ ਮੋਦੀ ਨੂੰ ਸ਼ੀਸ਼ਾ ਵਿਖਾਇਆ ਜਾ ਸਕੇ। ਇਸ ਤਰ੍ਹਾਂ ਉਹ ਪਾਰਟੀ ਹੁਣ ਕਾਂਗਰਸ ਨੂੰ ਨਿਸ਼ਾਨਾ ਮੰਨ ਕੇ ਚੱਲਣ ਦੀ ਬਜਾਏ ਆਪਣੇ ਘਰ ਵਿਚ ਪੈਦਾ ਹੋਏ ਟਕਰਾਵਾਂ ਦੇ ਕਾਰਨ ਆਪਸੀ ਨਿਸ਼ਾਨੇ ਫੁੰਡਣ ਦੀ ਉਸ ਤਿਆਰੀ ਵਿਚ ਜੁੱਟ ਗਈ ਹੈ, ਜਿਸ ਤੋਂ ਉਸ ਨੂੰ ਚੋਣਾਂ ਵਿਚ ਫਾਇਦਾ ਹੋਣ ਦੀ ਖੁਦ ਨੂੰ ਹੀ ਆਸ ਘੱਟ ਨਜ਼ਰ ਆਉਂਦੀ ਹੈ।

ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਹੁਣ 'ਹੱਲਾ ਬੋਲ' ਵਰਗਾ ਪ੍ਰੋਗਰਾਮ ਮਿਥਣ ਦਾ ਕਾਰਨ ਸਿਰਫ ਕਾਂਗਰਸ ਜਾਂ ਨਰਿੰਦਰ ਮੋਦੀ ਦਾ ਵਿਰੋਧ ਨਹੀਂ, ਇੱਕ ਪੱਖ ਹੋਰ ਵੀ ਹੈ। ਇੱਕ ਪਾਸੇ ਬਾਬਾ ਅੰਨਾ ਹਜ਼ਾਰੇ ਨਵਾਂ ਮੋਰਚਾ ਲਾਉਣ ਤੁਰ ਪਿਆ ਹੈ, ਜਿਹੜਾ ਭਾਜਪਾ ਨਾਲ ਲਿਹਾਜ ਰੱਖਦੀ ਕਿਰਨ ਬੇਦੀ ਦੇ ਆਪਣੇ ਨਾਲ ਖੜੀ ਹੁੰਦਿਆਂ ਵੀ ਇਸ ਵਾਰੀ ਕਾਂਗਰਸ ਅਤੇ ਭਾਜਪਾ-ਦੋਵਾਂ ਬਾਰੇ ਬਰਾਬਰ ਗੁਬਾਰ ਕੱਢ ਰਿਹਾ ਹੈ। ਦੂਸਰੇ ਪਾਸੇ ਰਾਜਨੀਤੀ ਦੇ ਖੇਤਰ ਵਿਚ ਅਰਵਿੰਦ ਕੇਜਰੀਵਾਲ ਆ ਵੜਿਆ ਹੈ। ਉਹ ਜਦੋਂ ਬਾਬਾ ਅੰਨਾ ਦੇ ਨਾਲ ਖੜੋ ਕੇ ਕਾਂਗਰਸ ਦੇ ਕੇਂਦਰੀ ਮੰਤਰੀਆਂ ਤੇ ਹੋਰ ਆਗੂਆਂ ਦੇ ਖਿਲਾਫ ਚਾਂਦਮਾਰੀ ਕਰਦਾ ਸੀ, ਭਾਜਪਾ ਦੇ ਆਗੂ ਇਹ ਸਮਝਦੇ ਸਨ ਕਿ ਉਹ ਜਿੰਨੀ ਤਿੱਖੀ ਤੋਰ ਤੁਰੇਗਾ, ਓਨਾ ਕਾਂਗਰਸ ਦਾ ਨੁਕਸਾਨ ਹੋਵੇਗਾ ਤੇ ਇਸ ਦਾ ਰਾਜਸੀ ਲਾਭ ਵਿਰੋਧੀ ਧਿਰ ਦੀ ਮੁੱਖ ਪਾਰਟੀ ਹੋਣ ਕਰ ਕੇ ਅਸੀਂ ਹੀ ਲਵਾਂਗੇ। ਹੁਣ ਇਹ ਗੱਲ ਨਹੀਂ ਰਹਿ ਗਈ। ਸਾਰੇ ਦੇਸ਼ ਵਿਚ ਇਹ ਗੱਲ ਜ਼ੋਰ ਫੜ ਗਈ ਹੈ ਕਿ ਜਿਹੜਾ ਕੰਮ ਵਿਰੋਧੀ ਧਿਰ ਦੀ ਮੁੱਖ ਪਾਰਟੀ ਵਜੋਂ ਭਾਜਪਾ ਨੂੰ ਕਰਨਾ ਬਣਦਾ ਸੀ, ਜੇ ਉਹ ਕਰਦੀ ਹੁੰਦੀ ਤਾਂ ਬਾਹਰ ਇਹ ਅੰਦੋਲਨ ਅੰਨਾ ਹਜ਼ਾਰੇ ਤੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਨਹੀਂ ਚੱਲਣੇ ਸਨ। ਭਾਜਪਾ ਦੀ ਅਗਵਾਈ ਗਲੀਆਂ ਅਤੇ ਬਾਜ਼ਾਰਾਂ ਵਿਚ ਨਾ ਸਹੀ, ਪਾਰਲੀਮੈਂਟ ਵਿਚ ਵੀ ਖਾਸ ਨਹੀਂ ਦਿੱਸੀ। ਆਪਣੇ ਖਿਲਾਫ ਬਣੇ ਇਸ ਪ੍ਰਭਾਵ ਨੂੰ ਦੂਰ ਕਰਨ ਲਈ ਵੀ ਭਾਜਪਾ ਲੀਡਰਸ਼ਿਪ ਨੂੰ ਸਰਗਰਮ ਹੋਣਾ ਪਿਆ ਹੈ। ਇਸ ਮੋੜ ਉਤੇ ਆ ਕੇ ਉਸ ਦੀ ਸਰਗਰਮੀ ਲੋਕਾਂ ਵਿਚ ਇਹ ਪ੍ਰਭਾਵ ਵਧਾਉਣ ਵਾਲੀ ਸਾਬਤ ਹੋਈ ਹੈ ਕਿ ਚੋਣਾਂ ਇਸ ਵਾਰ ਵੇਲੇ ਤੋਂ ਪਹਿਲਾਂ ਆ ਜਾਣੀਆਂ ਹਨ।

ਅੰਦਾਜ਼ੇ ਹਰ ਕੋਈ ਲਾ ਸਕਦਾ ਹੈ ਤੇ ਇਨ੍ਹਾਂ ਉਤੇ ਕੋਈ ਰੋਕ ਨਹੀਂ ਹੁੰਦੀ। ਇਹੋ ਜਿਹੇ ਅੰਦਾਜ਼ੇ ਪਿਛਲੀ ਵਾਰ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਵੀ ਲਾਏ ਸਨ ਕਿ ਬਾਦਲ ਸਰਕਾਰ ਨੇ ਪੰਜ ਸਾਲ ਨਹੀਂ ਕੱਢ ਸਕਣੇ, ਤੇ ਉਹ ਪੰਜ ਸਾਲ ਕੱਢ ਕੇ ਦੋਬਾਰਾ ਪੰਜ ਸਾਲ ਰਾਜ ਕਰਨ ਲਈ ਅੱਗੇ ਆ ਗਈ ਹੈ। ਹੁਣ ਕਾਂਗਰਸ ਦੀ ਇੱਕ ਬੀਬੀ ਕਹਿ ਰਹੀ ਹੈ ਕਿ ਬਾਦਲ ਸਰਕਾਰ ਨੇ ਪੰਜ ਸਾਲ ਨਹੀਂ ਕੱਢ ਸਕਣੇ। ਅੰਦਾਜ਼ੇ ਹੀ ਤਾਂ ਹਨ, ਜਿਨ੍ਹਾਂ ਉਤੇ ਕੋਈ ਰੋਕ ਨਹੀਂ। ਕੇਂਦਰ ਦੀ ਸਰਕਾਰ ਬਾਰੇ ਵੀ ਭਾਜਪਾ ਦੇ ਲੀਡਰ ਉਦੋਂ ਤੋਂ ਇਹ ਕਹਿ ਰਹੇ ਹਨ ਕਿ ਇਸ ਨੇ ਆਪਣੀ ਮਿਆਦ ਪੂਰੀ ਨਹੀਂ ਕਰ ਸਕਣੀ, ਜਦੋਂ ਉਸ ਨੂੰ ਬਣੀ ਨੂੰ ਹਾਲੇ ਇੱਕ ਸਾਲ ਨਹੀਂ ਸੀ ਹੋਇਆ। ਇਸ ਦੇ ਬਾਵਜੂਦ ਇਹ ਸਰਕਾਰ ਨਾ ਸਿਰਫ ਚੱਲਦੀ ਰਹੀ, ਸਗੋਂ ਇਹ ਆਪਣੇ ਉਤੇ ਆਜ਼ਾਦੀ ਮਿਲਣ ਦੇ ਦਿਨ ਤੋਂ ਬਾਅਦ ਦੇ ਸਭ ਤੋਂ ਵੱਡੇ ਸਿਆਸੀ ਹਮਲਿਆਂ ਦੇ ਬਾਵਜੂਦ ਚੱਲਦੀ ਰਹੀ ਹੈ। ਜਿਵੇਂ ਹੁਣ ਤੱਕ ਚੱਲਦੀ ਰਹੀ ਹੈ, ਉਵੇਂ ਹੀ ਇਹ ਸਰਕਾਰ ਅੱਗੇ ਵੀ ਚੱਲਦੀ ਰਹਿ ਸਕਦੀ ਹੈ।

ਕਾਂਗਰਸ ਪਾਰਟੀ ਨੇ ਜੇ ਮਿਆਦ ਪੂਰੀ ਕਰਨ ਤੋਂ ਪਹਿਲਾਂ ਲੋਕ ਸਭਾ ਚੋਣਾਂ ਦਾ ਖਤਰਾ ਹੀ ਸਹੇੜਨਾ ਹੋਵੇ ਤਾਂ ਉਹ ਸਿਰਫ ਦੋ ਗੱਲਾਂ ਕਰ ਕੇ ਸਹੇੜ ਸਕਦੀ ਹੈ। ਪਹਿਲੀ ਇਹ ਕਿ ਉਸ ਦੇ ਸਾਥੀ ਉਸ ਦਾ ਸਾਥ ਛੱਡਣਾ ਸ਼ੁਰੂ ਕਰ ਦੇਣ ਤੇ ਸਰਕਾਰ ਚਲਾਉਣੀ ਔਖੀ ਹੋ ਜਾਵੇ। ਇਹ ਖਤਰਾ ਹਾਲ ਦੀ ਘੜੀ ਨਜ਼ਰ ਨਹੀਂ ਆ ਰਿਹਾ। ਬਸਪਾ ਦੀ ਮੁਖੀ ਬੀਬੀ ਮਾਇਆਵਤੀ ਨੇ ਇਹੋ ਜਿਹਾ ਕੋਈ ਸੰਕੇਤ ਨਹੀਂ ਦਿੱਤਾ ਕਿ ਉਹ ਮਨਮੋਹਨ ਸਿੰਘ ਸਰਕਾਰ ਤੋਂ ਕੁਝ ਦੂਰੀ ਪਾ ਜਾਵੇਗੀ ਜਾਂ ਉਸ ਨੂੰ ਡੇਗਣ ਵਾਲਿਆਂ ਨਾਲ ਜਾ ਖੜੋਵੇਗੀ। ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਨੇ ਆਪਣੇ 55 ਉਮੀਦਵਾਰ ਐਲਾਨ ਕਰਨ ਸਮੇਂ ਵੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਵਾਲੇ ਦੋ ਹਲਕੇ ਛੱਡ ਦਿੱਤੇ ਹਨ, ਕਿਉਂਕਿ ਜਦੋਂ ਉਸ ਦੀ ਨੂੰਹ ਡਿੰਪਲ ਯਾਦਵ ਨੇ ਚੋਣ ਲੜੀ ਸੀ, ਕਾਂਗਰਸ ਨੇ ਉਸ ਦੇ ਮੁਕਾਬਲੇ ਕਿਸੇ ਨੂੰ ਖੜਾ ਨਹੀਂ ਸੀ ਕੀਤਾ ਤੇ ਉਸ ਦੀ ਜਿੱਤ ਸੌਖੀ ਬਣਾ ਦਿੱਤੀ ਸੀ। ਜਦੋਂ ਉਨ੍ਹਾਂ ਦੀ ਉਤਰ ਪ੍ਰਦੇਸ਼ ਵਿਚ ਇਹੋ ਜਿਹੀ ਸਾਂਝ ਚੱਲ ਰਹੀ ਹੈ ਤਾਂ ਕੇਂਦਰ ਦੀ ਸਰਕਾਰ ਦਾ ਫੱਟਾ ਵੀ ਛੇਤੀ ਨਹੀਂ ਖਿੱਚਣ ਲੱਗੇ। ਕੇਂਦਰ ਦੀ ਸਰਕਾਰ ਨੂੰ ਜਦੋਂ ਤੱਕ ਦੋ ਆਪੋ ਵਿਚ ਵਿਰੋਧੀ ਆਗੂਆਂ ਮਾਇਆਵਤੀ ਤੇ ਮੁਲਾਇਮ ਸਿੰਘ ਦਾ ਸਾਥ ਹਾਸਲ ਹੈ, ਉਹ ਸਰਕਾਰ ਟੁੱਟਣ ਨਹੀਂ ਲੱਗੀ।

ਅਗਾਊਂ ਚੋਣਾਂ ਦਾ ਖਤਰਾ ਸਹੇੜਨ ਲਈ ਦੂਸਰਾ ਪੱਖ ਇਹ ਹੋ ਸਕਦਾ ਹੈ ਕਿ ਕਾਂਗਰਸ ਪਾਰਟੀ ਨੂੰ ਹਵਾ ਦਾ ਰੁਖ ਆਪਣੇ ਵੱਲ ਜਾਪਦਾ ਹੋਵੇ। ਇਸ ਪੱਖੋਂ ਬਿਲਕੁਲ ਹੀ ਕਾਟਾ ਵੱਜ ਜਾਂਦਾ ਹੈ। ਕਾਂਗਰਸ ਪਾਰਟੀ ਲਈ ਇਹ ਸਾਲ ਬਹੁਤਾ ਚੰਗਾ ਨਹੀਂ ਰਿਹਾ। ਪੰਜਾਬ ਵਿਚ ਉਹ ਜਿੱਤੀ ਹੋਈ ਬਾਜ਼ੀ ਹਾਰ ਗਈ ਸੀ। ਗੋਆ ਉਸ ਦੇ ਹੱਥੋਂ ਨਿਕਲ ਗਿਆ। ਜਿਸ ਰਾਹੁਲ ਗਾਂਧੀ ਨੂੰ ਹੁਣ ਚੋਣ ਤਾਲਮੇਲ ਕਮੇਟੀ ਦਾ ਮੁਖੀ ਬਣਾਇਆ ਹੈ, ਉਸ ਦੀ ਪਰਖ ਦੀ ਕਸਵੱਟੀ ਵਜੋਂ ਪੇਸ਼ ਕੀਤੇ ਗਏ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਚੜ੍ਹਤ ਦੀ ਝਾਕ ਨੂੰ ਫਲ ਨਹੀਂ ਲੱਗ ਸਕਿਆ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਨਾਲ ਮਿਲ ਕੇ ਕੁਝ ਸੀਟਾਂ ਆ ਸਕਦੀਆਂ ਸਨ, ਪਰ ਉਸ ਦੇ ਨਾਲ ਨਿਭ ਨਹੀਂ ਸਕੀ ਤੇ ਉਸ ਨਾਲੋਂ ਟੁੱਟ ਕੇ ਜਿਹੜਾ ਹਾਲ ਹੋਣਾ ਹੈ, ਉਸ ਦਾ ਪਤਾ ਰਾਸ਼ਟਰਪਤੀ ਪ੍ਰਣਬ ਮੁਕਰਜੀ ਦੇ ਪੁੱਤਰ ਵੱਲੋਂ ਆਪਣੇ ਪਿਤਾ ਦੀ ਛੱਡੀ ਹੋਈ ਸੀਟ ਰਿੜ-ਖੁੜ ਕੇ ਜਿੱਤਣ ਤੋਂ ਲੱਗ ਸਕਦਾ ਹੈ। ਆਂਧਰਾ ਪ੍ਰਦੇਸ਼ ਵਿਚ ਪਿਛਲੀਆਂ ਸੀਟਾਂ ਵਿਚੋਂ ਅੱਧੀਆਂ ਵੀ ਇਸ ਵਾਰੀ ਨਹੀਂ ਆ ਸਕਣੀਆਂ ਤੇ ਤਾਮਿਲਨਾਡੂ ਵਿਚ ਨਾ ਉਸ ਦੇ ਆਪਣੇ ਪੱਲੇ ਕੁਝ ਦਿੱਸਦਾ ਹੈ ਅਤੇ ਨਾ ਉਸ ਦੀ ਸਹਿਯੋਗੀ ਡੀ ਐਮ ਕੇ ਪਾਰਟੀ ਦੇ ਪੱਲੇ ਕੁਝ ਪੈ ਸਕਣਾ ਹੈ।

ਇਹੋ ਜਿਹੇ ਹਾਲਾਤ ਵਿਚ ਵੇਲੇ ਤੋਂ ਪਹਿਲਾਂ ਪਾਰਲੀਮੈਂਟ ਚੋਣਾਂ ਕਰਵਾ ਲੈਣ ਦਾ ਰਿਸਕ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਕਿਉਂ ਲਵੇਗੀ, ਇਸ ਦਾ ਕੋਈ ਕਾਰਨ ਸਾਨੂੰ ਦਿਖਾਈ ਨਹੀਂ ਦਿੰਦਾ। ਇਸ ਦੇ ਬਾਵਜੂਦ ਚੋਣਾਂ ਲਈ ਤਿਆਰ ਹੋ ਜਾਣ ਦਾ ਰੌਲਾ ਹਰ ਪਾਸੇ ਸੁਣਾਈ ਦੇ ਰਿਹਾ ਹੈ ਤਾਂ ਕਾਰਨ ਚੋਣਾਂ ਨਹੀਂ, ਇੱਕ ਖਾਸ ਤਰ੍ਹਾਂ ਦੀ ਰਾਜਨੀਤੀ ਹੋ ਸਕਦੀ ਹੈ। ਰਾਜ ਕਰਦੀ ਧਿਰ ਦੀ ਅਗਵਾਨੂੰ ਪਾਰਟੀ ਇਹ ਪ੍ਰਭਾਵ ਪੈਦਾ ਕਰਕੇ ਸਾਰਿਆਂ ਦਾ ਧਿਆਨ ਉਸ ਪਾਸੇ ਲਾ ਸਕਦੀ ਹੈ ਕਿ ਹੁਣ ਬਾਕੀ ਗੱਲਾਂ ਲਈ ਐਵੇਂ ਸਿੰਗ ਫਸਾਈ ਜਾਣ ਦਾ ਫਾਇਦਾ ਨਹੀਂ ਰਿਹਾ, ਚੋਣਾਂ ਹੋਣ ਵਾਲੀਆਂ ਹਨ, ਸਾਰਾ ਜ਼ੋਰ ਉਧਰ ਲਾਇਆ ਜਾਵੇ। ਕਾਂਗਰਸ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਏਨੀ ਸਿਆਣੀ ਜਾਪਦੀ ਤਾਂ ਨਹੀਂ, ਪਰ ਜੇ ਇਸ ਵਾਰ ਉਹ ਇਹ ਦਾਅ ਖੇਡ ਗਈ ਹੋਵੇ ਤਾਂ ਮੰਨਣਾ ਪੈ ਜਾਵੇਗਾ ਕਿ ਰਾਜਸੀ ਪੱਖ ਤੋਂ ਇੱਕ ਸਫਲ ਚਾਲ ਉਸ ਨੇ ਚੱਲ ਲਈ ਹੈ, ਜਿਸ ਨਾਲ ਉਸ ਨੇ ਕਈਆਂ ਨੂੰ ਬਿਨਾਂ ਸ਼ਿਕਾਰ ਨਿਕਲੇ ਤੋਂ ਦੌੜਾਂ ਲਾਉਣ ਲਾ ਦਿੱਤਾ ਹੈ।

#

# ਜ਼ੁਲਮ

ਬੌਬ ਖਹਿਰਾ, ਮਿਸ਼ੀਗਨ
ਫੋਨ: 734-925-0177

ਦੁਨੀਆਂ ਹੋਂਦ ਵਿਚ ਆਉਣ ਸਾਰ ਹੀ ਜ਼ੁਲਮ ਵੀ ਸ਼ੁਰੂ ਹੋ ਗਿਆ ਸੀ। ਪਸ਼ੂ ਹੋਵੇ ਜਾਂ ਪੰਛੀ, ਜਾਨਵਰ ਜਾਂ ਬੰਦਾ, ਤੇ ਭਾਵੇਂ ਪਾਣੀ ਅੰਦਰ ਰਹਿਣ ਵਾਲੇ ਜੀਵ ਹੋਣ-ਸਭ ਇਸ ਜ਼ੁਲਮ ਦੇ ਹਿੱਸੇਦਾਰ ਹਨ। ਹਮੇਸ਼ਾ ਤਕੜੇ ਵੱਲੋਂ ਮਾੜੇ ਉਤੇ ਜ਼ੁਲਮ ਕੀਤਾ ਗਿਆ। ਬੰਦੇ ਨੂੰ ਛੱਡ ਕੇ ਬਾਕੀ ਦੇ ਸਭ ਜੀਵ ਆਪਣੇ ਢਿੱਡ ਖਾਤਰ ਦੂਜਿਆਂ ਉਤੇ ਜ਼ੁਲਮ ਕਰਦੇ ਹਨ। ਕੁਝ ਕੁ ਜੀਵ ਹਨ ਜਿਨ੍ਹਾਂ ਵਿਚ ਕੁਝ ਨਰ ਜੀਵ ਆਪਣੀ ਸਰਦਾਰੀ ਲਈ ਦੂਜਿਆਂ 'ਤੇ ਜ਼ੁਲਮ ਕਰਦੇ ਹਨ। ਸਿਰਫ ਬੰਦਾ ਹੀ ਹੈ ਜੋ ਸਭ ਸੋਚ ਸਮਝ ਕੇ ਦੂਜਿਆਂ ਉਤੇ ਜ਼ੁਲਮ ਕਰਦਾ ਹੈ ਜਿਸ ਵਿਚ ਚੌਧਰ ਵੀ ਹੁੰਦੀ ਹੈ ਤੇ ਲਾਲਚ ਵੀ। ਕਈ ਵਾਰ ਤਾਂ ਬੰਦਾ ਬਹੁਤ ਨਿੱਕੀ ਜਿਹੀ ਗੱਲ ਤੋਂ ਹੀ ਬਹੁਤ ਵੱਡਾ ਜ਼ੁਲਮ ਕਰ ਜਾਂਦਾ ਹੈ। ਜ਼ੁਲਮ ਸਿਰਫ ਸਰੀਰਕ ਨਹੀਂ ਹੁੰਦਾ, ਮਾਨਸਿਕ ਵੀ ਹੁੰਦਾ ਹੈ।

ਅੱਜ ਦੁਨੀਆਂ ਦੇ ਕਿੰਨੇ ਹੀ ਦੇਸ਼ਾਂ ਵਿਚ ਯੁੱਧ ਛਿੜੇ ਹੋਏ ਹਨ ਤੇ ਉਥੇ ਆਮ ਨਾਗਰਿਕਾਂ ਉਤੇ ਕਿੰਨਾ ਜ਼ੁਲਮ ਹੋ ਰਿਹਾ ਹੈ! ਮੰਨਣਾ ਪਵੇਗਾ ਕਿ ਇਨਸਾਨ ਵਿਚ ਧਰਮ ਦੇ ਨਾਂ ਉਤੇ ਬਹੁਤ ਜ਼ਿਆਦਾ ਵੰਡੀਆਂ ਪਾਈਆਂ ਗਈਆਂ ਹਨ; ਇਸੇ ਕਾਰਨ ਥਾਂ ਥਾਂ ਧਰਮ ਦੇ ਨਾਮ ਉਪਰ ਲੜਾਈਆਂ ਹੋ ਰਹੀਆਂ ਹਨ, ਇਨਸਾਨੀਅਤ ਦਾ ਘਾਣ ਹੋ ਰਿਹਾ ਹੈ। ਦੁਨੀਆਂ ਦੇ ਹਰ ਮੁਲਕ ਵਿਚ ਘਰੇਲੂ ਜ਼ੁਲਮ ਹੋ ਰਹੇ ਹਨ, ਔਰਤਾਂ ਅਤੇ ਮਾਸੂਮ ਬੱਚੇ ਇਨ੍ਹਾਂ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਇਸ ਹਾਲਤ ਵਿਚ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਨਸਾਨ ਨੇ ਬਹੁਤ ਤਰੱਕੀ ਕਰ ਲਈ ਹੈ? ਅਸਲ ਵਿਚ ਸਾਇੰਸ ਨੇ ਤਰੱਕੀ ਤਾਂ ਬਹੁਤ ਕੀਤੀ ਹੈ, ਪਰ ਧਰਮਾਂ ਨੇ ਬੰਦੇ ਦੀ ਸੋਚ ਨੂੰ ਦਬਾ ਕੇ ਰੱਖਿਆ ਹੋਇਆ ਹੈ। ਫਰਾਂਸ ਦੇ ਸਾਇੰਸਦਾਨ ਗਲੀਲੀਓ ਨੇ 400 ਸਾਲ ਪਹਿਲਾਂ ਦੱਸਿਆ ਸੀ ਕਿ ਧਰਤੀ ਘੁੰਮਦੀ ਹੈ ਪਰ ਈਸਾਈ ਧਰਮ ਵਾਲਿਆਂ ਨੇ ਉਸ ਨੂੰ ਬਹੁਤ ਬੁਰੀ ਮੌਤ ਦਿੱਤੀ। ਬਾਬੇ ਨਾਨਕ ਨੇ ਜਦੋਂ ਤਰਕ ਦੀਆਂ ਗੱਲਾਂ ਕੀਤੀਆਂ ਤਾਂ ਹਿੰਦੂ ਧਰਮ ਦੇ ਕੱਟੜ ਲੋਕਾਂ ਨੇ ਉਨ੍ਹਾਂ ਦਾ ਕਿੰਨਾ ਵਿਰੋਧ ਕੀਤਾ। ਇਸਲਾਮ ਧਰਮ ਵਾਲਿਆਂ ਨੇ ਵੀ ਕਾਫਿਰ ਕਿਹਾ।

ਹੁਣ ਅੱਜ ਦੀ ਗੱਲ। ਅੱਜ ਤਰਕਸ਼ੀਲ ਲੋਕ, ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਣ ਲਈ ਯਤਨਸ਼ੀਲ ਹਨ ਪਰ ਕਈ ਕੱਟੜ ਲੋਕ ਕੁਝ ਨਵਾਂ ਸਿੱਖਣ ਦੀ ਬਜਾਏ ਇਨ੍ਹਾਂ ਦਾ ਵਿਰੋਧ ਕਰਦੇ ਹਨ। ਅਸਲ ਵਿਚ ਬਹੁਤ ਲੋਕ ਹਨ ਜੋ ਆਪਣੇ ਦਿਮਾਗ ਨਾਲ ਨਹੀਂ ਸੋਚਦੇ, ਸਗੋਂ ਉਹ ਕਿਸੇ ਨਾ ਕਿਸੇ ਦੇ ਪ੍ਰਭਾਵ ਹੇਠ ਆਏ ਹੁੰਦੇ ਹਨ। ਫਿਰ ਉਹ ਉਹੀ ਕਰਦੇ ਹਨ, ਜੋ ਉਨ੍ਹਾਂ ਦੇ ਆਕਾ ਕਹਿੰਦੇ ਹਨ। ਇਸੇ ਕਰ ਕੇ ਇਹ ਲੋਕ ਇਨ੍ਹਾਂ ਕੱਟੜ ਲੋਕਾਂ ਦੇ ਪ੍ਰਭਾਵ ਹੇਠ ਜ਼ੁਲਮ ਦੀ ਹੱਦ ਕਰ ਜਾਂਦੇ ਹਨ। ਸੋਚੋ, ਜਦੋਂ ਵੀ ਕਦੇ ਦੰਗੇ ਭੜਕਦੇ ਹਨ ਤੇ ਹਜ਼ਾਰਾਂ ਲੋਕ ਇਨ੍ਹਾਂ ਦੀ ਭੇਟ ਚੜ੍ਹ ਜਾਂਦੇ ਹਨ, ਕੀ ਉਹ ਜ਼ੁਲਮ ਨਹੀਂ ਹੈ? ਪਹਿਲੀ ਨਵੰਬਰ 1984 ਨੂੰ ਜੋ ਕੁਝ ਹੋਇਆ, ਕਿਸੇ ਨੂੰ ਭੁੱਲਿਆ ਨਹੀਂ ਹੈ। ਕੀ ਅੱਜ ਇਹ ਗੱਲ ਸਭ ਨੂੰ ਪਤਾ ਨਹੀਂ ਹੈ ਕਿ ਇਹ ਸਭ ਸੋਚੀ ਸਮਝੀ ਚਾਲ ਸੀ। ਨਹੀਂ ਤਾਂ ਕਿਸ ਤਰ੍ਹਾਂ ਇੰਨੀ ਭੀੜ ਇਕ ਦਮ ਇਕੱਠੀ ਹੋ ਗਈ, ਬੰਦਿਆਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ? ਕਿਵੇਂ ਇਕ ਦਮ ਉਨ੍ਹਾਂ ਦੇ ਹੱਥਾਂ ਵਿਚ ਵੋਟਰ ਸੂਚੀਆਂ ਆ ਗਈਆਂ ਅਤੇ ਸਿੱਖਾਂ ਦੇ ਘਰ ਲੱਭੇ ਗਏ? ਔਰਤਾਂ ਨਾਲ ਜ਼ਬਰਦਸਤੀ ਕੀਤੀ ਗਈ। ਕੀ ਇਹ ਜ਼ੁਲਮ ਦੀ ਇੰਤਾਹ ਨਹੀਂ ਸੀ?

ਮੈਂ ਇਸ ਸਾਰੇ ਦੁਖਾਂਤ ਬਾਰੇ ਫਿਲਮ ਬਣਾ ਰਿਹਾ ਹਾਂ। ਇਸੇ ਸਿਲਸਿਲੇ ਵਿਚ ਮੈਂ ਦਿੱਲੀ ਕੁਝ ਔਰਤਾਂ ਨੂੰ ਮਿਲਿਆ। ਇਨ੍ਹਾਂ ਪੀੜਤ ਔਰਤਾਂ ਨੇ ਜਿਹੜੀਆਂ ਹੱਡਬੀਤੀਆਂ ਬਿਆਨ ਕੀਤੀਆਂ, ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਇਕ ਬੀਬੀ ਕਹਿਣ ਲੱਗੀ ਕਿ ਕਿਸੇ ਵੀ ਸਿੱਖ ਸੰਸਥਾ ਨੇ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਕੋਈ ਮਦਦ ਨਹੀਂ ਕੀਤੀ। ਹੁਣ ਦਰਬਾਰ ਸਾਹਿਬ ਅੰਦਰ ਯਾਦਗਾਰ ਬਣਾਈ ਜਾ ਰਹੀ ਹੈ। ਦਿੱਲੀ ਵਿਚ ਵੀ ਯਾਦਗਾਰ ਬਣਾਉਣ ਬਾਰੇ ਕਹਿ ਦਿੱਤਾ ਗਿਆ ਹੈ ਪਰ ਉਨ੍ਹਾਂ ਬਾਰੇ ਕਿਸੇ ਨੇ ਵੀ ਨਾ ਸੋਚਿਆ। ਇਸ ਬੀਬੀ ਨੇ ਬਹੁਤ ਸਵਾਲ ਕੀਤੇ ਅਤੇ ਰੋ ਰੋ ਕੇ ਭੜਾਸ ਕੱਢੀ। ਪਤਾ ਨਹੀਂ ਇੰਨੇ ਸਾਲਾਂ ਵਿਚ ਗੁਰਦੁਆਰਿਆਂ ਵਿਚ ਕਿੰਨੇ ਕਰੋੜਾਂ ਅਰਬਾਂ ਰੁਪਏ ਇਕੱਠੇ ਹੋਏ ਹੋਣਗੇ ਪਰ ਕਿਸੇ ਨੇ ਪੀੜਤਾਂ ਦੀ ਸਾਰ ਨਹੀਂ ਲਈ। ਇਸ ਤੋਂ ਵੱਡਾ ਜ਼ੁਲਮ ਹੋਰ ਕੀ ਹੋ ਸਕਦਾ ਹੈ?

ਹੁਣ ਸਵਾਲ ਇਹ ਹੈ ਕਿ ਅਸੀਂ ਇਸ ਜ਼ੁਲਮ ਵਿਚ ਖੁਦ ਕਿੰਨੇ ਹਿੱਸੇਦਾਰ ਹਾਂ? ਕੀ ਅਸੀਂ ਇਸ ਤੋਂ ਕੋਈ ਸਬਕ ਸਿੱਖਿਆ ਹੈ ਜਾਂ ਨਹੀਂ? ਜੇ ਅਸੀਂ ਸਬਕ ਸਿੱਖਿਆ ਹੁੰਦਾ ਤਾਂ ਸਾਡੀ ਸੋਚ ਕੁਝ ਕੁ ਜ਼ਰੂਰ ਬਦਲਦੀ; ਅੱਜ ਵੀ ਉਹੀ ਹਾਲ ਹੈ-ਲੀਡਰ ਵਿਕ ਰਹੇ ਹਨ ਅਤੇ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਗਲ ਰਹੀ ਹੈ। ਜਦੋਂ ਵੀ ਕਦੇ ਕੋਈ ਇਨ੍ਹਾਂ ਗੱਲਾਂ ਬਾਰੇ ਸੋਚਣ ਲੱਗਦਾ ਹੈ ਤਾਂ ਇਹ ਲੀਡਰ ਜਾਂ ਧਾਰਮਿਕ ਲੋਕ, ਕੋਈ ਨਾ ਕੋਈ ਅਜਿਹਾ ਮਸਲਾ ਖੜ੍ਹਾ ਕਰ ਦਿੰਦੇ ਹਨ ਕਿ ਲੋਕਾਂ ਦਾ ਧਿਆਨ ਉਧਰੋਂ ਹਟ ਜਾਵੇ। ਸਿੱਖਾਂ ਦਾ ਸ਼ੁਮਾਰ ਬਹਾਦਰ ਕੌਮਾਂ ਵਿਚ ਕੀਤਾ ਜਾਂਦਾ ਹੈ ਪਰ ਅੱਜ ਪੂਰੀ ਦੁਨੀਆਂ ਵਿਚ ਅਸੀਂ ਕੀ ਹਾਂ ਅਤੇ ਕਿੱਥੇ ਹਾਂ? ਗੁਰਦੁਆਰਿਆਂ ਦੀਆਂ ਲੜਾਈ ਹੀ ਨਹੀਂ ਮੁੱਕ ਰਹੀਆਂ। ਅਸੀਂ ਨਿੱਕੀ ਨਿੱਕੀ ਗੱਲ 'ਤੇ ਗੁਰਦੁਆਰਿਆਂ ਵਿਚ ਲੜਾਈਆਂ ਕਰਦੇ ਹਾਂ; ਜਾਂ ਹੋਰ ਮਾੜੇ ਕੰਮ ਕਰਦੇ ਹਾਂ। ਇਹ ਸਭ ਕਰ ਕੇ ਅਸੀਂ ਕਿਤੇ ਆਉਣ ਵਾਲੀਆਂ ਨਸਲਾਂ ਨਾਲ ਜ਼ੁਲਮ ਤਾਂ ਨਹੀਂ ਕਰ ਰਹੇ?

# ਲਿਖੇ ਮੂਸਾ, ਪੜ੍ਹੇ ਖ਼ੁਦਾ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਚੰਗਾ ਰਹੇਗਾ ਜੇ ਸਿਰਲੇਖ ਬਣਾਈ ਗਈ ਕਹਾਵਤ ਦਾ ਭਾਵ ਅਰਥ ਸਮਝਣ ਲਈ ਪਹਿਲਾਂ ਇਕ ਲਤੀਫਾ ਸੁਣ ਲਈਏ। ਕਿਸੇ ਕੁੜੀ ਦੀ ਨਵੀਂ ਨਵੀਂ ਮੰਗਣੀ ਹੋਈ ਸੀ। ਉਹ ਆਪਣੀਆਂ ਸਹੇਲੀਆਂ 'ਤੇ ਰੋਅਬ ਜਮਾਉਣ ਲਈ ਹੁੱਬ ਹੁੱਬ ਦੱਸ ਰਹੀ ਸੀ ਕਿ ਉਹ ਡਾਕਟਰ ਨਾਲ ਮੰਗੀ ਗਈ ਹੈ। ਬਾਕੀ ਦੀਆਂ ਕੁੜੀਆਂ ਤਾਂ ਉਹਦੇ ਵੱਲ ਬੜੇ ਰਸ਼ਕ ਨਾਲ ਦੇਖਣ ਲੱਗੀਆਂ ਪਰ ਇਕ ਚਲਾਕ ਜਿਹੀ ਕੁੜੀ ਮੂੰਹ ਬਣਾ ਕੇ ਕਹਿੰਦੀ, "ਪਤੀ ਦੇਵ ਡਾਕਟਰ ਸਾ'ਬ ਦੀਆਂ ਲਿਖੀਆਂ ਚਿੱਠੀਆਂ ਪੜ੍ਹਾਉਣ ਲਈ, ਮੈਡੀਕਲ ਸਟੋਰਾਂ 'ਤੇ ਗੇੜੇ ਮਾਰਦੀ ਰਿਹਾ ਕਰੇਂਗੀ।"

ਕੋਈ ਐਸਾ ਵਿਅਕਤੀ ਨਹੀਂ ਹੋਣਾ ਜਿਸ ਦਾ ਕਦੇ ਡਾਕਟਰਾਂ ਦੀਆਂ ਪਰਚੀਆਂ ਨਾਲ ਵਾਹ ਨਾ ਪਿਆ ਹੋਵੇ। ਟਾਵੇਂ ਡਾਕਟਰਾਂ ਨੂੰ ਛੱਡ ਕੇ ਬਹੁਤਿਆਂ ਦੀਆਂ ਲਿਖੀਆਂ ਪਰਚੀਆਂ ਉਪਰ ਸਿਰਫ 'ਆਰ ਐਕਸ' ਤਾਂ ਪੜ੍ਹ ਹੋ ਜਾਂਦਾ ਹੈ ਪਰ ਦਵਾਈਆਂ ਦੇ ਨਾਂ ਇੰਨੀ ਰੱਦੀ ਲਿਖਾਈ 'ਚ ਲਿਖੇ ਹੁੰਦੇ ਹਨ ਜਿਵੇਂ ਵੰਗਾਂ/ਚੂੜੀਆਂ ਭੰਨ ਕੇ ਖਿਲਾਰੀਆਂ ਹੋਈਆਂ ਹੋਣ। ਉਦੋਂ ਫਾਰਮੇਸੀਆਂ ਵਾਲੇ 'ਖ਼ੁਦਾ' ਹੀ ਜਾਪਦੇ ਹੁੰਦੇ ਹਨ, ਜਦ ਉਹ ਡਾਕਟਰ 'ਮੂਸਿਆਂ' ਦੀਆਂ ਪਰਚੀਆਂ ਤੋਂ ਦਵਾਈਆਂ ਦੇ ਨਾਮ ਪੜ੍ਹ ਕੇ ਮਰੀਜ਼ਾਂ ਨੂੰ ਸਮਝਾ ਰਹੇ ਹੁੰਦੇ ਨੇ।

ਕਿਸੇ ਦੋ ਜਣਿਆਂ ਦੀ ਕਿਸਮਤ ਇਕੋ ਜਿਹੀ ਹੋ ਸਕਦੀ ਹੈ ਪਰ ਹੱਥਲਿਖਤ ਹਰ ਇਕ ਦੀ ਆਪੋ ਆਪਣੀ ਹੁੰਦੀ ਹੈ। ਸਾਫ਼ ਸਪੱਸ਼ਟ ਤੇ ਸੁੰਦਰ ਲਿਖਾਈ ਵਾਲਿਆਂ ਦੀਆਂ ਲਿਖਤਾਂ ਪੜ੍ਹਨ ਵਿਚ ਕੋਈ ਦਿੱਕਤ ਨਹੀਂ ਹੁੰਦੀ, ਸਗੋਂ ਮੋਤੀਆਂ ਵਾਂਗ ਪਰੋਏ ਅੱਖਰ ਦੇਖ ਕੇ ਪੜਨ ਵਾਲਾ 'ਅਸ਼ ਅਸ਼' ਕਰ ਉਠਦਾ ਹੈ। ਇਸ ਦੇ ਉਲਟ ਜਿਨ੍ਹਾਂ ਦੀ ਲਿਖਾਈ ਇਹੋ ਜਿਹੀ ਹੋਵੇ, ਜਿਵੇਂ ਕੀੜਾ ਸਿਆਹੀ ਨਾਲ ਲਬੇੜ ਕੇ ਕਾਗਜ਼ 'ਤੇ ਛੱਡਿਆ ਹੁੰਦਾ ਹੈ, ਉਨ੍ਹਾਂ ਦੀ ਲਿਖਤ ਕੋਈ ਸਬਰ ਸੰਤੋਖ ਵਾਲਾ ਹੀ ਪੜ੍ਹ ਸਕਦਾ ਹੈ। ਭੱਦੀ ਲਿਖਾਈ ਦੇ ਨਾਲ ਨਾਲ ਜੇ ਲਗਾਂ ਮਾਤਰਾਂ ਵਰਤਣ ਪੱਖੋਂ ਵੀ 'ਹੱਥ ਤੰਗ' ਹੋਵੇ, ਫਿਰ ਤਾਂ ਅਜਿਹੇ ਮੂਸੇ ਲਿਖਾਰੀਆਂ ਦੀਆਂ ਲਿਖਤਾਂ ਖ਼ੁਦਾ ਤੋਂ ਇਲਾਵਾ ਹੋਰ ਕੋਈ ਮਾਈ ਦਾ ਲਾਲ ਪੜ੍ਹ ਹੀ ਨਹੀਂ ਸਕਦਾ। ਇਹੀ ਹਾਲ ਆਪਣੀਆਂ ਲਿਖਤਾਂ ਵਿਚ ਬੁਝਾਰਤਾਂ ਵਰਗੇ ਗੁੱਝੇ ਇਸ਼ਾਰੇ ਕਰਨ ਵਾਲਿਆਂ ਦਾ ਹੁੰਦਾ ਹੈ।

ਬੜੇ ਚਿਰਾਂ ਦੀ ਗੱਲ ਹੈ। ਮੈਨੂੰ ਆਪਣੇ ਪਿੰਡੋਂ ਬਲਾਚੌਰ ਲਾਗੇ ਪੈਂਦੇ ਪਿੰਡ ਬੀਰੋਵਾਲ ਜਾਣ ਲਈ ਮਸ਼ਹੂਰ ਪਿੰਡ ਮੀਰਪੁਰ ਜੱਟਾਂ ਵਿਚੋਂ ਲੰਘਣਾ ਪੈਂਦਾ ਸੀ। ਇਸ ਪਿੰਡ ਵਿਚ ਵੜਦਿਆਂ ਹੀ ਸੜਕ ਦੇ ਨਾਲ ਲਗਦੇ ਪੱਕੇ ਕੋਠੇ ਉਤੇ ਚਿੱਟੀ ਸਫੇਦੀ ਨਾਲ ਉਘੜ-ਦੁਘੜੇ ਅੱਖਰਾਂ 'ਚ ਲਿਖਿਆ ਹੁੰਦਾ ਸੀ,

'ਹਾਪਿ ਦਾਵਿਲੀ ਮਾਕਨ ਮਲਕਾ ਬਲਿ'

ਆਪੋ-ਆਪਣਾ ਸੁਭਾਅ ਹੁੰਦਾ ਹੈ। ਇਸ ਅਨੋਖੀ ਸਤਰ ਵੱਲ ਦੇਖਦਿਆਂ ਸੈਂਕੜੇ ਹਜ਼ਾਰਾਂ ਮੁਸਾਫਰ ਲੰਘਦੇ ਹੋਣਗੇ ਪਰ ਮੈਂ ਹਰ ਵਾਰੀ ਉਸ ਕੋਠੇ ਕੋਲੋਂ ਲੰਘਦਿਆਂ ਸਾਇਕਲ ਹੌਲੀ ਕਰ ਕੇ ਸੁਆਰ ਸੁਆਰ ਕੇ ਪੜ੍ਹਦਾ ਰਹਿੰਦਾ। ਮਨ ਹੀ ਮਨ ਤੀਰ-ਤੁੱਕੇ ਲਾਉਂਦਿਆਂ ਮੈਂ ਸੋਚਦਾ ਰਹਿੰਦਾ ਕਿ ਇਹ ਸਤਰ ਲਿਖਣ ਵਾਲਾ ਕੀ ਕਹਿਣਾ ਚਾਹੁੰਦਾ ਹੋਵੇਗਾ? ਆਖਰ ਇਕ ਦਿਨ ਮੇਰੇ ਸਬਰ ਦਾ ਪਿਆਲਾ ਭਰ ਗਿਆ। ਇਹ ਗੁੰਝਲ ਖੋਲ੍ਹਣ ਲਈ ਮੈਂ ਸਾਇਕਲ ਖੜ੍ਹਾ ਕੇ ਉਸ ਘਰੇ ਜਾ ਵੜਿਆ।

ਇਕ ਹਲਕੀ ਜਿਹੀ ਉਮਰ ਦਾ ਮੁੰਡਾ ਭੁੰਜੇ ਹੀ ਕਾਪੀਆਂ ਕਿਤਾਬਾਂ ਦਾ ਖਿਲਾਰਾ ਪਾਈ ਬੈਠਾ ਸਕੂਲ ਦਾ ਕੰਮ ਕਰ ਰਿਹਾ ਸੀ। ਬੜੇ ਪ੍ਰੇਮ ਨਾਲ ਉਸ ਨੂੰ ਕੋਠੇ ਦੀ ਕੰਧ 'ਤੇ ਲਿਖੇ 'ਗੁੱਝੇ ਮੰਤਰ' ਦਾ ਮਤਲਬ ਪੁੱਛਿਆ। ਸੰਗਦੇ ਸੰਗਦੇ ਮੁੰਡੇ ਨੇ ਜੋ ਭੇਦ ਖੋਲ੍ਹਿਆ, ਸੁਣ ਕੇ ਮੇਰਾ ਹਾਸਾ ਨਾ ਬੰਦ ਹੋਵੇ। ਲਗਾਂ-ਮਾਤਰਾਂ ਤੋਂ ਅਨਜਾਣ ਮੁੰਡੇ ਤੋਂ ਪਤਾ ਚੱਲਿਆ ਕਿ ਇਹ ਤਾਂ ਉਸ ਨੇ ਆਪਣੇ ਚਿੱਤੋਂ ਦੀਵਾਲੀ ਦੀ ਵਧਾਈ ਦੇ ਕੇ ਆਪਣੇ ਭਾਪੇ ਦਾ ਨਾਂ ਲਿਖਿਆ ਹੋਇਐ, 'ਹੈਪੀ ਦੀਵਾਲੀ ਮਕਾਨ ਮਾਲਕ ਬੱਲੀ।'

ਗੁਰਪੁਰਬ ਮਨਾਉਣ ਲਈ ਸਾਡੇ ਪਿੰਡ ਦੇ ਗੁਰਦੁਆਰੇ ਅਖੰਡ ਪਾਠ ਅਰੰਭ ਹੋਇਆ। ਗੁਰਦੁਆਰੇ ਮੱਥਾ ਟੇਕਣ ਲੱਗੇ ਨੇ ਮੈਂ ਦੇਖਿਆ ਕਿ ਰੁਮਾਲਿਆਂ 'ਤੇ ਇਕ ਕਾਗਜ਼ ਪਿਆ ਹੈ। ਸੋਚਿਆ ਕਿ ਸ਼ਾਇਦ ਸ਼ਰਧਾਲੂਆਂ ਲਈ ਕੋਈ ਸੂਚਨਾ ਲਿਖੀ ਪਈ ਹੋਵੇਗੀ। ਕਾਗਜ਼ ਚੁੱਕ ਕੇ ਮੈਂ ਪੜ੍ਹਨ ਲੱਗ ਪਿਆ। ਉਹਦੇ ਉਪਰ ਵਿੰਗੇ ਟੇਢੇ ਜਿਹੇ ਅੱਖਰਾਂ 'ਚ ਲਿਖਿਆ ਹੋਇਆ ਸੀ, 'ਧੁਪਿਆ ਦੇ ਟਿਡਿਆ।' ਪ੍ਰਸ਼ਾਦ ਲੈ ਕੇ ਮੈਂ ਇਕ ਪਾਸੇ ਬਹਿ ਗਿਆ। ਪਾਠ ਸੁਣਨ ਦੀ ਥਾਂ ਮੇਰੇ ਦਿਮਾਗ ਵਿਚ ਉਕਤ ਪੰਕਤੀ ਹੀ ਘੁੰਮੀ ਜਾਵੇ। ਇਹਦੇ ਥੱਲੇ ਨਾ ਉਪਰ, ਹੋਰ ਕੁਝ ਵੀ ਨਹੀਂ ਸੀ ਲਿਖਿਆ ਹੋਇਆ। ਬੱਸ ਇਹੀ ਫਾਰਸੀ ਜਿਹੀ ਲਿਖੀ ਹੋਈ ਸੀ। ਬੜਾ ਦਿਮਾਗ ਲੜਾਇਆ ਪਰ ਕੁਝ ਪੱਲੇ ਨਾ ਪਵੇ। ਇੰਨੇ ਨੂੰ ਸਾਡੇ ਪਿੰਡ ਦੇ ਉਸ ਸੱਜਣ ਨੇ ਇਹ ਕਾਗਜ਼ ਚੁੱਕ ਲਿਆ ਜੋ ਪਾਠੀਆਂ ਦੇ ਨਾਲ ਜਪੁ ਜੀ ਸਾਹਿਬ ਦੀਆਂ ਰੌਲਾਂ ਲਾਉਣ ਵਾਲਿਆਂ ਵਿਚ ਸ਼ਾਮਲ ਸੀ। ਕਾਗਜ਼ ਚੁੱਕ ਕੇ ਜਦ ਉਹ ਲੰਗਰ ਹਾਲ ਵੱਲ ਤੁਰਿਆ ਤਾਂ ਮੈਂ ਵੀ ਦਿਮਾਗ 'ਚ ਪਈ ਅੜਾਉਣੀ ਖੋਲ੍ਹਣ ਲਈ ਉਹਦੇ ਮਗਰੇ ਹੋ ਲਿਆ। ਕੋਲ ਜਾ ਕੇ ਪੁੱਛਿਆ ਕਿ ਬਾਬਾ ਜੀ, ਅਹਿ ਕੀ ਲਿਖਿਆ ਹੋਇਐ? ਪੋਲੇ ਜਿਹੇ ਮੂੰਹ ਨਾਲ ਉਹ ਬੋਲਿਆ, "ਧੂਫੀਆਂ ਦੀਆਂ ਡੂਟੀਆਂ!" ਮੈਨੂੰ ਜਦੋਂ ਵੀ ਇਹ ਗੱਲ ਯਾਦ ਆਉਂਦੀ ਹੈ, ਮੈਂ ਸੋਚਦਾ ਹੁੰਨਾ ਕਿ ਧੂਫੀਆਂ ਦੀਆਂ ਡਿਊਟੀਆਂ ਨੂੰ 'ਧੁਪਿਆ ਦੇ ਟਿਡਿਆ' ਲਿਖਣ ਵਾਲਾ ਧੂਫੀਆ ਬਾਬਾ ਜਪੁ ਜੀ ਸਾਹਿਬ ਦਾ ਪਾਠ ਕਿੰਨਾ ਕੁ 'ਸ਼ੁੱਧ' ਕਰ ਲੈਂਦਾ ਹੋਵੇਗਾ? ਐਹੋ ਜਿਹੇ 'ਧੁਪਿਆ' ਅਤੇ 'ਟਿਡਿਆ' ਦੇ ਬਲਿਹਾਰੇ ਜਾਈਏ!

ਪਿੱਛੇ ਜਿਹੇ ਸਾਡੇ ਇਕ ਜਾਣੂ ਪਰਿਵਾਰ ਨੂੰ ਪੰਜਾਬ ਤੋਂ ਕਿਸੇ ਨੇ ਪਤਲੇ ਹੋਣ ਦਾ ਨੁਸਖਾ ਲਿਖ ਭੇਜਿਆ। ਭਾਰ ਘਟਾਉਣ ਜਾਂ ਪਤਲੇ ਹੋਣ ਦਾ ਫਰਮਾਨ ਡਾਕਟਰ ਸਾਰਿਆਂ ਨੂੰ ਹੀ ਕਰੀ ਜਾਂਦੇ ਹਨ। ਖਾਸ ਕਰ ਕੇ ਬੀਬੀਆਂ ਨੂੰ ਇਹ ਝੱਲ ਵਧੇਰੇ ਹੀ ਕੁੱਦਿਆ ਰਹਿੰਦਾ ਹੈ। ਸੋ ਜਾਣੂ ਪਰਿਵਾਰ ਨੇ ਸਾਡੀ ਮੰਗ 'ਤੇ ਉਸ ਨੁਸਖੇ ਦੀ ਇਕ ਫੋਟੋ ਕਾਪੀ ਸਾਡੇ ਘਰ ਵੀ ਪਹੁੰਚਦੀ ਕਰ ਦਿੱਤੀ। ਇਸ ਵਿਚ ਪੰਜਾਬੀ ਦੀ ਬੇਸੁਰੀ ਅਤੇ ਬੇਤਰਤੀਬੀ ਲਿਖਤ ਵਿਚ ਪੱਚੀ ਦਿਨਾਂ ਦਾ ਖਾਣ-ਪੀਣ ਲਿਖਿਆ ਹੋਇਆ ਸੀ। ਇਕ, ਦੋ, ਤਿੰਨ, ਚਾਰ, ਪੰਜ ਆਦਿਕ ਪੱਚੀ ਤੱਕ ਗਿਣਤੀ ਦੇ ਹਿੰਦਸੇ ਲਿਖ ਕੇ, ਮੋਹਰੇ 'ਕੀ ਕੀ, ਕਿੰਨੀ ਮਿਕਦਾਰ ਵਿਚ ਖਾਣਾ ਹੈ?' ਦੀਆਂ ਹਦਾਇਤਾਂ ਲਿਖੀਆਂ ਹੋਈਆਂ ਸਨ। ਜਿਵੇਂ 1. ਪਾਲਕ ਦਾ ਸੂਪ ਪੀਣਾ 2. ਉਬਲੀਆਂ ਸਬਜ਼ੀਆਂ ਖਾਣੀਆਂ 3. ਟਮਾਟਰ ਸੂਪ ਪੀਣਾ ਵਗੈਰਾ ਵਗੈਰਾ।

ਔਖੇ ਸੌਖੇ ਦਿਮਾਗ ਲੜਾਉਂਦਿਆਂ ਅਸੀਂ ਬਾਕੀ ਤਾਂ ਸਾਰਾ ਵੇਰਵਾ ਪੜ੍ਹ ਲਿਆ ਤੇ ਸਮਝ ਲਿਆ ਪਰ ਨੰਬਰ 19 'ਤੇ ਜਾ ਕੇ ਘੁੰਡੀ ਫਸ ਗਈ! ਉਥੇ ਲਿਖਿਆ ਹੋਇਆ, 'ਮਾਦੀਨ ਹਲਕਾ ਜਿਹਾ ਖਾਣਾ।' ਇਸ 'ਮਾਦੀਨ' ਸ਼ਬਦ ਨੇ ਸਾਡੇ ਘਰ ਹਫ਼ਤਾ ਭਰ ਭੰਬਲਭੂਸਾ ਪਾਈ ਰੱਖਿਆ। ਕਿਸੇ ਨੂੰ ਕੁਝ ਪਤਾ ਨਾ ਲੱਗੇ ਕਿ ਇਹ 'ਮਾਦੀਨ' ਕਿਹੜੀ ਬਲਾ ਹੋਈ? ਕੋਈ ਕਹੇ 'ਪੁਦੀਨ' ਲਿਖਿਆ ਹੋਣੈ, ਕੋਈ ਕਹੇ ਕਿ ਜੌਂਆਂ ਦੇ ਸੱਤੂਆਂ ਨੂੰ ਕਿਸੇ ਹੋਰ ਬੋਲੀ 'ਚ ਮਾਦੀਨ ਕਹਿੰਦੇ ਹੋਣਗੇ। ਮਗਜ਼ਪੱਚੀ ਕਰਦਿਆਂ ਮੈਂ 'ਮਹਾਨ ਕੋਸ਼' ਵੀ ਫਰੋਲਿਆ ਪਰ ਮਸਲਾ ਹੱਲ ਨਾ ਹੋਇਆ। ਸਾਨੂੰ ਇਸ 'ਨੁਸਖੇ ਦੀ ਬਖ਼ਸ਼ਿਸ਼' ਕਰਨ ਵਾਲਾ ਟੱਬਰ ਪੰਜਾਬ ਜਾ ਚੁੱਕਾ ਸੀ। ਫੋਨ ਕਰ ਕੇ ਪੁੱਛਣਾ ਸਾਨੂੰ ਉਨ੍ਹਾਂ ਦੇ 'ਰੰਗ' 'ਚ ਭੰਗ ਪਾਉਣ ਜਿਹਾ ਲੱਗਿਆ। ਇਸ ਕਰ ਕੇ ਆਪੇ ਹੀ ਟੱਕਰਾਂ ਮਾਰੀ ਗਏ।

ਇਸੇ ਹੀ ਚੱਕਰ 'ਚ ਪਏ ਨੂੰ ਮੈਨੂੰ ਨਾਨਕ ਸਿੰਘ ਦੀ ਲਿਖੀ ਉਹ ਕਹਾਣੀ ਚੇਤੇ ਆਈ, ਜਿਸ ਵਿਚ ਕਿਸੇ ਅਮੀਰ ਪਰਿਵਾਰ ਦਾ ਛੋਟਾ ਜਿਹਾ ਬੱਚਾ ਕੱਚੀ ਨੀਂਦੇ ਉਠ ਖੜ੍ਹਦਾ ਹੈ। ਜ਼ਿਦ ਜਿਹੀ ਕਰਦਿਆਂ ਉਹ ਦੇ ਮੂੰਹੋਂ 'ਆ...ਆ...ਈ' ਨਿਕਲ ਜਾਂਦਾ ਐ। ਪੜ੍ਹੇ ਲਿਖੇ ਮੰਮੀ-ਪਾਪਾ 'ਆ...ਆ...ਈ' ਦੇ ਅਰਥ ਕਰਦਿਆਂ ਆਪਸ ਵਿਚੀਂ ਖਹਿਬੜਨ ਲੱਗ ਪੈਂਦੇ ਹਨ। ਇਕ ਜਣਾ ਕਹਿੰਦਾ-ਮੁੰਡਾ ਮਠਿਆਈ ਮੰਗਦਾ। ਮੰਮੀ ਕਹਿੰਦੀ ਹੈ-ਨਹੀਂ, ਇਹ 'ਦਵਾਈ' ਕਹਿੰਦਾ ਹੋਣਾ। ਉਹ ਦੋਵੇਂ ਜਣੇ ਕਾਪੀ ਪੈਨਸਿਲ ਲੈ ਕੇ 'ਆਈ' ਪਿਛੇਤਰ ਜਾਂ ਅਗੇਤਰ ਵਾਲੇ ਸ਼ਬਦਾਂ ਦੀ ਲਿਸਟ ਬਣਾਉਣ ਜੁੱਟ ਪੈਂਦੇ ਹਨ। ਸ਼ਬਦਾਂ ਦੇ ਗੋਰਖ ਧੰਦੇ ਵਿਚ ਫਸਿਆਂ ਨੂੰ ਇਹ ਧਿਆਨ ਹੀ ਨਹੀਂ ਰਹਿੰਦਾ ਕਿ ਮੁੰਡਾ ਸੌਂ ਵੀ ਚੁੱਕਾ ਹੈ। ਇਸ ਕਹਾਣੀ ਵਿਚਲਾ 'ਮਾਂ ਕਾ ਦੀਨਾ' ਤਾਂ ਜਲਦੀ ਸੌਂ ਜਾਂਦਾ ਹੈ ਲੇਕਿਨ ਸਾਡਾ 'ਮਾਦੀਨ' ਕਈ ਦਿਨ ਅੜੀਆਂ ਕਰਦਾ ਰਿਹਾ।

ਆਖਰ ਇਕ ਦਿਨ ਸੁਲੱਖਣੀ ਘੜੀ ਆ ਗਈ। ਕੰਧ 'ਤੇ ਲਟਕਦੇ ਕੈਲੰਡਰ 'ਤੇ ਕਿਸੇ ਤਰੀਕ ਉਪਰ ਨਿਸ਼ਾਨ ਲਾਉਣ ਵੇਲੇ ਅਚਾਨਕ ਮੈਨੂੰ 'ਇਲਹਾਮ' ਹੋ ਗਿਆ। ਖ਼ੁਸ਼ੀ ਵਿਚ ਚਹਿਕਦਿਆਂ ਮੈਂ ਸਾਰੇ ਘਰਦਿਆਂ ਨੂੰ ਇਕੱਠੇ ਕਰ ਕੇ 'ਮਾਦੀਨ' ਦਾ ਅਰਥ ਲੱਭ ਲੈਣ ਦਾ ਐਲਾਨ ਕਰ ਦਿੱਤਾ। ਭਾਰ ਘਟਾਉਣ ਲਈ ਕਈ ਦਿਨਾਂ ਤੋਂ ਤਰਸਦੇ ਸਾਡੇ ਘਰ ਦੇ ਜੀਆਂ ਦੇ ਚਿਹਰੇ ਇਕ ਦਮ ਚਮਕ ਉਠੇ!! ਵੱਡੀ ਉਤਸੁਕਤਾ ਨਾਲ ਉਹ ਮੇਰੇ ਵੱਲ ਦੇਖਣ ਲੱਗੇ!!! ਨੁਸਖਾ ਲੇਖਕ ਨੇ 'ਅਸਲ ਵਿਚ' ਇਹ ਲਿਖਿਆ ਹੋਇਆ ਸੀ, 'ਉਨ੍ਹੀਂ ਵਾਂ ਦਿਨ ਹਲਕਾ ਜਿਹਾ ਖਾਣਾ।'

ਲਿਖਾਰੀ ਵੱਲੋਂ 'ਵਾਂ' ਨੂੰ 'ਮਾ' ਅਤੇ ਮਾ ਦੇ ਨਾਲ ਹੀ 'ਦਿਨ' ਨੂੰ 'ਦੀਨ' ਬਣਾ ਕੇ ਲਿਖਣ ਨੇ, ਸਾਨੂੰ ਕਈ ਦਿਨ ਸੁੱਕਣੇ ਪਾਈ ਰੱਖਿਆ!

ਪੁਰਾਣੇ ਜ਼ਮਾਨਿਆਂ 'ਚ ਚਾਰ ਪਤਨੀਆਂ ਦਾ ਇਕ ਪਤੀ ਵਿਦੇਸ਼ ਖੱਟਣ-ਕਮਾਉਣ ਲਈ ਗਿਆ ਹੋਇਆ ਸੀ। ਵਾਪਸ ਆਉਣ ਦੀ ਤਿਆਰੀ ਕਰਦਿਆਂ ਉਸ ਨੇ ਅਲੱਗ ਅਲੱਗ ਚਾਰ ਚਿੱਠੀਆਂ ਲਿਖ ਕੇ ਆਪਣੀਆਂ ਪਤਨੀਆਂ ਨੂੰ ਆਪੋ ਆਪਣੀ ਪਸੰਦ ਦੀ ਮੰਗ ਕਰਨ ਲਈ ਆਖਿਆ। ਜਵਾਬ ਵਜੋਂ ਚਹੁੰਆਂ ਬੀਬੀਆਂ ਦੀਆਂ ਚਿੱਠੀਆਂ ਪਤੀ ਕੋਲ ਪਹੁੰਚ ਗਈਆਂ। ਇਕ ਨੇ ਸਾੜੀਆਂ, ਦੂਜੀ ਨੇ ਰੰਗ-ਬਰੰਗੇ ਸੂਟਾਂ ਅਤੇ ਤੀਜੀ ਨੇ ਸੋਨੇ ਚਾਂਦੀ ਦੇ ਗਹਿਣਿਆਂ ਦੀ ਫਰਮਾਇਸ਼ ਕੀਤੀ ਹੋਈ ਸੀ; ਲੇਕਿਨ ਚੌਥੀ ਦੀ ਚਿੱਠੀ ਬੜੀ ਅਜੀਬ ਕਿਸਮ ਦੀ ਸੀ। ਸਾਰੇ ਦਾ ਸਾਰਾ ਸਫ਼ਾ ਖਾਲੀ, ਵਿਚਕਾਰ 'ਸੱਸੇ' ਅੱਖਰ ਨੂੰ 'ਕੰਨਾ' ਲਾ ਕੇ 'ਸਾ' ਲਿਖਿਆ ਹੋਇਆ ਸੀ। ਵਿਚਾਰੇ ਪਤੀ ਨੇ ਸਾਰੇ ਮਿੱਤਰਾਂ ਦੋਸਤਾਂ ਨੂੰ ਚਿੱਠੀ ਦਿਖਾ ਕੇ 'ਸਾ' ਨਾਂ ਦੀ ਕਿਸੇ ਚੀਜ਼ ਦਾ ਖੁਰਾ ਖੋਜ ਲੱਭਣ ਲਈ ਭਰਪੂਰ ਕੋਸ਼ਿਸ਼ਾਂ ਕੀਤੀਆਂ ਪਰ ਇਹਦੇ ਬਾਰੇ ਕਿਸੇ ਨੂੰ ਵੀ ਕੁਝ ਪਤਾ ਨਾ ਲੱਗਾ। ਟੈਲੀਫੋਨਾਂ ਦਾ ਅਜੇ ਜ਼ਮਾਨਾ ਨਹੀਂ ਸੀ ਆਇਆ। ਦਿਨ ਥੋੜ੍ਹੇ ਹੋਣ ਕਾਰਨ ਦੁਬਾਰਾ ਚਿੱਠੀ ਪੱਤਰ ਨਹੀਂ ਸੀ ਹੋ ਸਕਦਾ। ਇਸ ਲਈ ਚੌਥੀ ਪਤਨੀ ਲਈ ਬਿਨਾਂ ਕੁਝ ਲਿਆਂ, ਉਹ ਆਪਣੇ ਵਤਨ ਆ ਗਿਆ। ਤਿੰਨੇ ਪਤਨੀਆਂ ਆਪਣੀ ਆਪਣੀ ਪਸੰਦ ਦਾ ਸਾਮਾਨ ਦੇਖ ਕੇ ਚਹਿਕਣ ਲੱਗੀਆਂ। ਚੌਥੀ ਪਤਨੀ ਕੋਲ ਜਾ ਕੇ ਪਤੀ ਸ਼ਰਮਿੰਦਾ ਹੁੰਦਿਆਂ ਕਹਿਣ ਲੱਗਾ ਕਿ ਪਿਆਰੀ, ਮੈਂ ਤੇਰੀ ਮੰਗ ਸਮਝ ਹੀ ਨਹੀਂ ਸਕਿਆ। ਇਸੇ ਕਰ ਕੇ ਤੂੰ ਮੈਨੂੰ ਹੁਣ ਦੱਸ ਕਿ ਤੈਨੂੰ ਕੀ ਲੈ ਦਿਆਂ?

"ਮੇਰੇ ਸਿਰਤਾਜ, ਜੋ ਮੈਂ ਚਿੱਠੀ ਵਿਚ ਤੁਹਾਥੋਂ ਮੰਗਿਆ ਸੀ, ਉਹ ਮੈਨੂੰ ਮਿਲ ਗਿਆ।" ਸੁਘੜ ਸਿਆਣੀ ਚੌਥੀ ਪਤਨੀ ਬੋਲੀ।

ਹੈਰਾਨ ਹੋਏ ਪਤੀ ਨੇ ਖੀਸੇ 'ਚੋਂ 'ਸਾ' ਵਾਲਾ ਖਾਲੀ ਸਫ਼ਾ ਪਤਨੀ ਅੱਗੇ ਕਰਦਿਆਂ ਪੁੱਛਿਆ ਕਿ ਇਹਦੇ ਵਿਚ ਕੀ ਮੰਗ ਮੰਗੀ ਹੋਈ ਹੈ? ਮੈਨੂੰ ਵੀ ਉਹ ਚੀਜ਼ ਦਿਖਾ ਜੋ ਤੈਨੂੰ ਮਿਲ ਗਈ ਹੈ? ਮੁਸਕਰਾਉਂਦਿਆਂ ਪਤਨੀ ਨੇ ਉਹੀ ਕਾਗ਼ਜ਼ ਪਤੀ ਨੂੰ ਦਿਖਾ ਕੇ ਪੁੱਛਿਆ ਕਿ ਇਸ ਦਾ ਰੰਗ ਦੱਸੋ ਕੀ ਹੈ? ਪਤੀ ਨੇ ਝੱਟ ਜਵਾਬ ਦਿੱਤਾ, "ਲਾਲ।"

"ਬੱਸ, ਇਹਦੇ ਨਾਲ ਮੇਰਾ ਲਿਖਿਆ 'ਸਾ' ਜੋੜ ਲਉ...'ਲਾਲਸਾ' ਬਣ ਗਿਆ! ਮੈਨੂੰ ਸਿਰਫ਼ ਤੁਹਾਡੇ ਦਰਸ਼ਨ ਦੀ ਹੀ ਲਾਲਸਾ ਸੀ। ਤੁਹਾਡੇ ਆਉਣ ਨਾਲ ਉਹ ਪੂਰੀ ਹੋ ਗਈ ਹੈ।" ਚੌਥੀ ਪਤਨੀ ਦੀ ਲਿਖਤ ਦਾ ਅਰਥ ਸਮਝ ਕੇ ਪਤੀ ਵਿਸਮਾਦਿਤ ਹੋ ਹੀ ਗਿਆ ਹੋਵੇਗਾ!

ਸਾਡੇ ਇਕ ਗੁਆਂਢੀ ਮੁੰਡੇ ਦੀ ਨਵੀਂ ਨਵੀਂ ਵਹੁਟੀ ਆਪਣੇ ਪੇਕੇ ਲੁਧਿਆਣੇ ਰਹਿਣ ਚਲੇ ਗਈ। ਬੜੇ ਚਾਅਵਾਂ ਤੇ ਰੀਝਾਂ ਨਾਲ ਮੁੰਡੇ ਨੇ ਪਤਨੀ ਨੂੰ ਚਿੱਠੀ ਪਾਈ। ਉਹ ਵਿਚਾਰਾ ਵਹੁਟੀ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਾਲਾ ਜਵਾਬ ਉਡੀਕਦਾ ਰਿਹਾ। ਦਸੀਂ ਪੰਦਰ੍ਹੀਂ ਦਿਨੀਂ ਪਤਨੀ ਵਾਪਸ ਆਈ ਤਾਂ ਡਾਕੀਏ ਨੇ 'ਅਣਵੰਡੀ ਚਿੱਠੀ' ਵੀ ਲਿਆ ਫੜਾਈ। ਡਾਕਖਾਨੇ ਵਾਲਿਆਂ ਨੇ ਅਡਰੈਸ 'ਤੇ ਨੋਟ ਲਿਖਿਆ ਹੋਇਆ ਸੀ ਕਿ ਲੁਧਿਆਣੇ ਵਿਚ 'ਯੋਧਿਆਲ' ਨਾਂ ਦਾ ਕੋਈ ਮਹੱਲਾ ਨਹੀਂ ਮਿਲਿਆ। ਉਸ ਭਲੇਮਾਣਸ ਨੇ 'ਜੋਧੇ ਵਾਲ' ਆਪਣੇ ਹੀ ਸਟਾਈਲ ਨਾਲ ਲਿਖ ਕੇ 'ਯੋਧਿਆਲ' ਬਣਾ ਛੱਡਿਆ ਸੀ।

ਇਕ ਦਫਾ ਮੈਂ ਆਪਣੇ ਸਹੁਰੇ ਘਰ ਗਿਆ ਹੋਇਆ ਸਾਂ। ਸਕੂਲ 'ਚ ਪੜ੍ਹਦੀ ਆਪਣੀ ਸਾਲੀ ਦੀ ਲਿਖਾਈ ਵਾਲੀ ਕਾਪੀ ਚੁੱਕ ਕੇ ਮੈਂ ਦੇਖਣ ਲੱਗ ਪਿਆ। ਇਕ ਸਫ਼ੇ ਦੇ ਉਪਰ ਮੋਟੇ ਅੱਖਰਾਂ 'ਚ ਲਿਖਿਆ ਹੋਇਆ ਸੀ, 'ਮੋਗਰ ਜੀ ਡਾਸੀ!' ਕਿੰਨਾ ਚਿਰ ਮੈਂ ਸ਼ਸ਼ੋਪੰਜ 'ਚ ਪਿਆ ਰਿਹਾ ਕਿ ਇਹਦਾ ਕੀ ਮਤਲਬ ਹੋਵੇਗਾ? ਜਦ ਮੇਰੀ ਅਕਲ 'ਚ ਕੁਝ ਨਾ ਪਿਆ, ਤਦ ਮੈਂ ਕੁੜੀ ਨੂੰ ਪੁੱਛ ਲਿਆ।

"ਭਾਅ ਜੀ, ਮੈਂ ਪ੍ਰਧਾਨ ਮੰਤਰੀ ਮੁਰਾਰ ਜੀ ਡਿਸਾਈ ਬਾਰੇ ਲੇਖ ਲਿਖਣ ਲੱਗੀ ਸੀ ਕਿ ਤੁਸੀਂ ਆ ਗਏ।" ਕੁੜੀ ਨੇ ਭੋਲੇ-ਭਾਅ ਜਵਾਬ ਦਿੱਤਾ। ਕਿੰਨਾ ਚਿਰ ਮੈਂ ਉਸ ਕੁੜੀ ਦੀ 'ਮੋਗਰ ਜੀ ਡਾਸੀ' ਵਾਲੀ ਛੇੜ ਪਾਈ ਰੱਖੀ!

...ਤੇ ਅੰਤ ਵਿਚ ਇਸੇ ਗੱਲ ਨਾਲ ਮਿਲਦਾ ਜੁਲਦਾ ਇਕ ਲਤੀਫ਼ਾ! ਸਕੂਲ ਵਿਚ ਆਏ ਇੰਸਪੈਕਟਰ ਨੇ ਇਕ ਕਲਾਸ ਦੇ ਵਿਦਿਆਰਥੀਆਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦਾ ਨਾਮ ਪੁੱਛਿਆ। ਭਰੀ ਭੁਕੰਨੀ ਕਲਾਸ ਵਿਚੋਂ ਕਿਸੇ ਇਕ ਵਿਦਿਆਰਥੀ ਨੇ ਵੀ ਹੱਥ ਖੜ੍ਹਾ ਨਾ ਕੀਤਾ। ਇੰਸਪੈਕਟਰ ਨੇ ਹੈਰਾਨੀ ਨਾਲ ਮੱਥੇ ਵੱਟ ਪਾਉਂਦਿਆਂ ਕਲਾਸ ਇੰਚਾਰਜ ਟੀਚਰ ਵੱਲ ਦੇਖਿਆ। ਆਪਣੀ ਬੇਇੱਜ਼ਤੀ ਹੋਣੋਂ ਬਚਾਉਂਦਿਆਂ, ਕਲਾਸ ਇੰਚਾਰਜ ਨੇ ਇੰਸਪੈਕਟਰ ਤੋਂ ਅੱਖ ਬਚਾ ਕੇ ਇਕ ਹੁਸ਼ਿਆਰ ਜਿਹੇ ਮੁੰਡੇ ਦੇ ਡੈਸਕ 'ਤੇ ਪਈ ਕਾਪੀ ਉਪਰ ਫੁਰਤੀ ਨਾਲ ਤਿੰਨ ਅੱਖਰ ਲਿਖ ਦਿੱਤੇ। ਉਦੋਂ ਪ੍ਰਧਾਨ ਮੰਤਰੀ ਸਨ ਸ੍ਰੀ ਇੰਦਰ ਕੁਮਾਰ ਗੁਜਰਾਲ। ਸੋ ਮੁੰਡੇ ਦੇ ਮੂੰਹ ਜ਼ੁਬਾਨ ਪਾਉਣ ਲਈ, ਕਲਾਸ ਇੰਚਾਰਜ ਨੇ ਅੰਗਰੇਜ਼ੀ ਦੇ ਤਿੰਨ ਅੱਖਰ 'ਆਈ' (I) 'ਕੇ' (K) 'ਜੀ' (G) ਲਿਖ ਦਿੱਤੇ। ਉਸ ਮੁੰਡੇ ਨੇ ਫੌਰਨ ਹੱਥ ਖੜ੍ਹਾ ਕਰ ਦਿੱਤਾ। "ਸ਼ਾਬਸ਼ ਬੇਟਾ, ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਜੀ ਦਾ ਕੀ ਨਾਂ ਏ?" ਇੰਸਪੈਕਟਰ ਨੇ ਖ਼ੁਸ਼ ਹੋ ਕੇ ਪੁੱਛਿਆ।

"ਸਰ, ਇਕ ਕਿਲੋ ਗ੍ਰਾਮ!" ਮੁੰਡਾ ਬੋਲਿਆ।

# ਸਾਡੇ ਲੋਕਾਂ 'ਚ ਖੇਡ ਦੀ ਭਾਵਨਾ

## ਸੰਪਾਦਕ ਦੀ ਡਾਕ

**ਬਲਜੀਤ ਸਿੱਧੂ**

ਪਾਕਿਸਤਾਨ ਵਿਚ ਹਾਲ ਵਿਚ ਹੋਏ ਏਸ਼ੀਆ ਕਬੱਡੀ ਕੱਪ ਟੂਰਨਾਮੈਂਟ ਦੌਰਾਨ ਭਾਰਤੀ ਟੀਮ ਵਲੋਂ ਵਾਕ ਆਊਟ ਕਰ ਦਿੱਤੇ ਜਾਣ ਦੀ ਖਬਰ ਪੜ੍ਹੀ। ਵਾਕ ਆਊਟ ਦਾ ਕਾਰਨ ਰੈਫਰੀ ਵਲੋਂ ਭਾਰਤੀ ਕੋਚ ਗੁਰਮੇਲ ਸਿੰਘ ਨੂੰ ਸਜਾ ਦਿੱਤੇ ਜਾਣਾ ਸੀ ਕਿਉਂਕਿ ਕੋਚ ਗੁਰਮੇਲ ਸਿੰਘ ਵਾਰ ਵਾਰ ਰੈਫਰੀ ਦੇ ਫੈਸਲਿਆਂ ਦਾ ਵਿਰੋਧ ਕਰ ਰਹੇ ਸਨ ਅਤੇ ਮੈਦਾਨ ਵਿਚ ਦਾਖਲ ਹੋ ਕੇ ਖੇਡ 'ਚ ਵਿਘਨ ਪਾ ਰਹੇ ਸਨ।

ਕੋਚ ਗੁਰਮੇਲ ਸਿੰਘ ਜਿਹਾ ਵਰਤਾਰਾ ਸਾਡੀ ਸੋਚ ਦਾ ਹਿੱਸਾ ਹੀ ਬਣ ਚੁਕਾ ਹੈ। ਅਸੀਂ ਖੇਡਾਂ ਵਿਚ ਹਿੱਸਾ ਤਾਂ ਵਧ ਚੜ੍ਹ ਕੇ ਲੈਂਦੇ ਹਾਂ ਪਰ ਸਾਡੇ ਵਿਚ ਖੇਡ ਭਾਵਨਾ ਬਿਲਕੁਲ ਨਹੀਂ ਹੈ। ਸਿਰਫ ਜਿੱਤਣ ਖਾਤਰ ਰੈਫਰੀ ਦੇ ਫੈਸਲਿਆਂ ਵਿਰੁਧ ਲੜਨਾ ਅਤੇ ਝੂਠ ਬੋਲਣਾ ਸਾਡੀ ਸੋਚ ਦਾ ਹਿੱਸਾ ਬਣ ਗਿਆ ਹੈ। ਸਾਨੂੰ ਹਾਰ ਬਿਲਕੁਲ ਪ੍ਰਵਾਨ ਨਹੀਂ। ਅਸੀਂ ਜਿੱਤ ਲਈ ਕੁਝ ਵੀ ਕਰ ਸਕਦੇ ਹਾਂ। ਦੂਜੇ ਪਾਸੇ ਮੈਂ ਅਮਰੀਕਾ ਦੀਆਂ ਖੇਡਾਂ ਵੇਖਦਾ ਹਾਂ। ਖਿਡਾਰੀ ਫਾਊਲ 'ਤੇ ਜਿੰਨਾ ਮਰਜ਼ੀ ਇਤਰਾਜ਼ ਕਰਨ ਪਰ ਉਹ ਖੇਡ ਦੀ ਭਾਵਨਾ ਦਾ ਪੂਰਾ ਖਿਆਲ ਰੱਖਦੇ ਹਨ। ਕਈ ਵਾਰ ਸਥਿਤੀ ਭਾਰਤੀ ਟੀਮ ਵਰਗੀ ਵੀ ਹੁੰਦੀ ਮੈਂ ਆਪ ਵੇਖੀ ਹੈ ਪਰ ਕੋਈ ਵੀ ਖੇਡ ਵਿਚ ਹੀ ਛੱਡ ਕੇ ਨਹੀਂ ਗਿਆ। ਉਸ ਨੂੰ ਟੈਕਨੀਕਲ ਫਾਊਲ ਦੇ ਦਿੱਤਾ ਜਾਂਦਾ ਹੈ। ਕਿਸੇ ਦੀ ਕੋਈ ਮਜਾਲ ਨਹੀਂ ਕਿ ਰੈਫਰੀ ਦੇ ਵਿਰੁਧ ਜਾਵੇ ਤੇ ਰੈਫਰੀ ਦੀ ਬੇਇਜ਼ਤੀ ਕਰੇ ਪਰ ਸਾਡੇ ਲੋਕਲ ਖੇਡਾਂ ਵਿਚ ਵੀ ਜੇ ਰੈਫਰੀ ਪੰਜਾਬੀ ਭਰਾ ਬਣਾ ਦਈਏ ਤਾਂ ਟੀਮਾਂ ਉਸ ਨੂੰ ਦਬਾ ਕੇ ਪੁਆਇੰਟ ਲੈਣ ਤੱਕ ਜਾਂਦੀਆਂ ਹਨ। ਬਾਹਰ ਬੈਠੇ ਸਪੋਰਟਰ ਵੀ ਰੈਫਰੀ ਨਾਲ ਲੜਨ ਤੱਕ ਜਾਣਗੇ।

ਇਸ ਨਜ਼ਾਰੇ ਵਿਚ ਮੈਂ ਆਪ ਲੰਘਿਆ ਹਾਂ। ਇਸ ਕਰਕੇ ਹੁਣ ਅਸੀਂ ਬਾਹਰ ਤੋਂ ਯਾਨਿ ਕੋਈ ਗੈਰ ਭਾਰਤੀ ਰੈਫਰੀ ਲੈ ਕੇ ਆਉਂਦੇ ਹਾਂ। ਫਿਰ ਉਸ ਦੀ ਗੱਲ ਸਾਰੇ ਸੁਣਨਗੇ। ਇਹ ਸਾਡਾ ਸੁਭਾਅ ਸਿਰਫ ਖੇਡਾਂ ਤੱਕ ਨਹੀਂ ਹੈ, ਇਹ ਹਰ ਕਿਤੇ ਪੁਆੜੇ ਪਾਉਂਦਾ ਹੈ। ਬਾਹਰਲੇ ਦੇਸ਼ਾਂ ਵਿਚ ਵੀ ਆ ਕੇ ਅਸੀਂ ਕੁਝ ਨਹੀਂ ਸਿਖਿਆ। ਅਸੀਂ ਆਪਣੀਆਂ ਲੜਾਈਆਂ ਆਪਣੇ ਸਮਾਨ ਦੇ ਨਾਲ ਹੀ ਆਪਣੇ ਦੇਸ਼ ਤੋਂ ਚੁਕ ਲਿਆਏ ਹਾਂ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਜਾਣਕਾਰੀ ਲਈ

ਫੋਨ: 510-900-3600

*Radio CK, PO Box 296, Fremont, CA 94537*



ਮਸ਼ਹੂਰ ਫੋਟੋਗ੍ਰਾਫਰ ਰਘੂ ਰਾਏ ਵੱਲੋਂ ਬਾਲ ਠਾਕਰੇ ਦੀ ਖਿੱਚੀ ਇਕ ਤਸਵੀਰ।

# ਬਾਲ ਠਾਕਰੇ

## ਫਿਰਕੂ ਸਿਆਸਤ ਦੇ ਇਕ ਯੁੱਗ ਦਾ ਅੰਤ


*ਸਾਲ 1966 ਵਿਚ ਸ਼ਿਵ ਸੈਨਾ ਬਣਾਉਣ ਤੋਂ ਲੈ ਕੇ ਹੁਣ ਤੱਕ, ਤਕਰੀਬਨ ਸਾਢੇ ਚਾਰ ਦਹਾਕੇ ਬਾਲ ਠਾਕਰੇ ਨੇ ਦਹਿਸ਼ਤ ਦੇ ਜ਼ੋਰ ਆਪਣੀ ਸਿਆਸਤ ਚਲਾਈ। ਉਸ ਖਿਲਾਫ ਬੋਲਣ ਅਤੇ ਉਸ ਦੇ ਸਾਹਮਣੇ ਅੜਨ ਵਾਲੇ ਲਈ ਉਸ ਦਾ ਇਕ ਹੀ ਜਵਾਬ ਹੁੰਦਾ ਸੀ: ਤਬਾਹੀ। ਉਸ ਦੇ ਸਿਖਾਏ ਸ਼ਿਵ ਸੈਨਿਕ ਮਿੰਟਾਂ ਸਕਿੰਟਾਂ ਵਿਚ ਕਾਰਵਾਈ ਕਰਕੇ ਅਹੁ ਜਾਂਦੇ ਅਤੇ ਪ੍ਰਸ਼ਾਸਨ ਵਿਚ ਵੀ ਉਸ ਦੀ ਇੰਨੀ ਧਾਂਕ ਬੈਠ ਗਈ ਸੀ ਕਿ ਕੋਈ ਵੀ ਉਸ ਖਿਲਾਫ ਕਾਰਵਾਈ ਕਰਨ ਦੀ ਜੁਰਅਤ ਨਹੀਂ ਕਰ ਸਕਿਆ। ਉਸ ਦੀ ਜ਼ੁਬਾਨ ਨੇ ਸਦਾ ਹੀ ਜ਼ਹਿਰ ਛਿੜਕਿਆ ਅਤੇ ਦੂਜੇ ਫਿਰਕਿਆਂ ਦੇ ਲੋਕਾਂ ਵੱਲ ਨਫਰਤ ਦਾ ਇਜ਼ਹਾਰ ਕੀਤਾ।*

## ਮੁੰਬਈ ’ਚ ਦਹਿਸ਼ਤ ਸੀ ਉਸ ਦੀ...

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਈ ਦਹਾਕਿਆਂ ਤੱਕ ਸਿਆਸਤ ਵਿਚ ‘ਦਹਿਸ਼ਤ’ ਭਰੀ ਬੜ੍ਹਕ ਰੱਖਣ ਵਾਲੇ ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਇਸ ਦੁਨੀਆਂ ਤੋਂ ਕੂਚ ਕਰ ਗਏ ਹਨ। ਇਹ 86 ਸਾਲਾ ਆਗੂ ਪਿਛਲੇ ਕਈ ਦਿਨਾਂ ਤੋਂ ਬਿਮਾਰ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਸ਼ਿਵਾਜੀ ਪਾਰਕ ਵਿਚ ਕੀਤਾ ਗਿਆ 1920 ਵਿਚ ਬਾਲ ਗੰਗਾਧਰ ਤਿਲਕ ਦੀਆਂ ਅੰਤਿਮ ਰਸਮਾਂ ਤੋਂ ਬਾਅਦ ਪਹਿਲੀ ਵਾਰ ਇੱਥੇ ਕਿਸੇ ਜਨਤਕ ਆਗੂ ਦਾ ਸਸਕਾਰ ਕੀਤਾ ਗਿਆ ਹੈ। ਇਸੇ ਮੈਦਾਨ ਵਿਚ ਉਨ੍ਹਾਂ ਨੇ ਸ਼ਿਵ ਸੈਨਾ ਦੀ ਪਹਿਲੀ ਰੈਲੀ ਕੀਤੀ ਸੀ।

ਗਰਮ ਹਿੰਦੂ ਵਿਚਾਰਧਾਰਾ ਦੇ ਨੇਤਾ ਬਾਲ ਠਾਕਰੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੀ ਮੌਤ ਨਾਲ ਫਿਰਕੂ ਸਿਆਸਤ ਦੇ ਇਕ ਯੁੱਗ ਦਾ ਅੰਤ ਹੋ ਗਿਆ। ਮੁੰਬਈ ‘ਚ ਉਨ੍ਹਾਂ ਦੇ ਨਾਂ ਦਾ ਸਿੱਕਾ ਚੱਲਦਾ ਸੀ। ਬਾਲੀਵੁੱਡ ਤੋਂ ਲੈ ਤੇ ਵੱਡੇ-ਵੱਡੇ ਉਦਯੋਗਪਤੀ ਵੀ ਉਨ੍ਹਾਂ ਦੀ ਇਸ਼ਾਰਿਆਂ ‘ਤੇ ਨੱਚਦੇ ਸਨ। ਉਨ੍ਹਾਂ ਦੀ ਬੜਕ ਕੇਂਦਰ ਤੱਕ ਵੀ ਕਾਇਮ ਸੀ। ਉਹ ਹਮੇਸ਼ਾ ਆਪਣੇ ਪਿਤਾ ਕੇਸ਼ਵ ਰਾਮ ਠਾਕਰੇ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਰਹੇ। ਉਹ ਬੇਸ਼ੱਕ ਫਿਰਕੂ ਸਿਆਸਤ ਦੇ ਹਮਾਇਤੀ ਰਹੇ ਪਰ ਕਰਨੀ ਤੇ ਕਥਨੀ ਦੇ ਉਹ ਹਮੇਸ਼ਾ ਪੱਕੇ ਰਹੇ।

ਸਿਆਸਤ ‘ਚ ਸ੍ਰੀ ਠਾਕਰੇ ਦੀ ਅਹਿਮੀਅਤ ਦਾ ਇਸ ਗੱਲ ਤੋਂ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਦੇਹਾਂਤ ਮਗਰੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਭਾਜਪਾ ਆਗੂਆਂ ਨੂੰ ਦਿੱਤੇ ਜਾਣ ਵਾਲਾ ਰਾਤਰੀ ਭੋਜ ਰੱਦ ਕਰ ਦਿੱਤਾ ਤੇ ਮੁੰਬਈ ਦੇ



ਸਿਨੇਮਾ ਮਾਲਕਾਂ ਨੇ ਤੁਰੰਤ ਫਿਲਮ ਸ਼ੋਅ ਬੰਦ ਕਰ ਦਿੱਤੇ। ਹੜਤਾਲ ਦੇ ਸੱਦੇ ‘ਤੇ ਵੀ ਆਮ ਵਾਂਗ ਰਹਿਣ ਵਾਲਾ ਸ਼ਹਿਰ ਮੁੰਬਈ ਸ੍ਰੀ ਠਾਕਰੇ ਦੇ ਸਸਕਾਰ ਵਾਲੇ ਦਿਨ ਪੂਰਾ ਬੰਦ ਰਿਹਾ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਤੋਂ ਇਲਾਵਾ ਹੋਰ ਲੋਕ ਬਾਹਰ ਘੱਟ ਹੀ ਨਿਕਲੇ।

ਹਮੇਸ਼ਾ ਮੁਲਸਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਸ਼ਿਵ ਸੈਨਾ ਮੁਖੀ ਠਾਕਰੇ ਦਾ ਇਲਾਜ ਇਕ ਮੁਸਲਮਾਨ ਡਾਕਟਰ ਜਲੀਲ ਪਾਰਕਰ ਹੀ ਕਰ ਰਿਹਾ ਸੀ। ਡਾਕਟਰ ਪਾਰਕਰ ਦਾ ਕਹਿਣਾ ਹੈ ਕਿ ਸ੍ਰੀ ਠਾਕਰੇ ਨੂੰ ਦਿਲ ਦਾ ਦੌਰਾ ਪਿਆ ਸੀ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਕਾਰਟੂਨਿਸਟ ਤੋਂ ਸਿਆਸਤਦਾਨ ਬਣੇ ਸ੍ਰੀ ਠਾਕਰੇ ਨੂੰ ਸਾਹ ਦੀ ਬਿਮਾਰੀ ਦੇ ਨਾਲ ਪੈਨਕਰੀਆਜ਼ ਦੀ ਬਿਮਾਰੀ ਵੀ ਸੀ। ਉਨ੍ਹਾਂ ਦੇ ਪਰਿਵਾਰ ਵਿਚ ਦੋ ਪੁੱਤਰ ਜੈਦੇਵ ਤੇ ਉਧਵ ਹਨ। ਉਧਵ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਹਨ।

1950 ਦੇ ਦਹਾਕੇ ਵਿਚ ਕਾਰਟੂਨਿਸਟ ਆਰ.ਕੇ. ਲਕਸ਼ਮਣ ਨਾਲ ਫ੍ਰੀ ਪ੍ਰੈਸ ਜਰਨਲ ਵਿਚ ਕਾਰਟੂਨ ਬਣਾਉਣ ਵਾਲੇ ਠਾਕਰੇ ਨੇ 1966 ਵਿਚ ਸ਼ਿਵ ਸੈਨਾ ਦੀ ਸਥਾਪਨਾ ਕੀਤੀ। ਉਨ੍ਹਾਂ ਵੱਲੋਂ ‘ਮਰਾਠੀ ਮਾਨੁਸ਼’ ਨਾਅਰਾ ਦੇਣ ਦਾ ਮਕਸਦ ਮਰਾਠੀਆਂ ਦੀਆਂ ਨੌਕਰੀਆਂ ਖੋਹਣ ਵਾਲੇ ਦੱਖਣੀ ਭਾਰਤੀਆਂ ਨੂੰ ਨਿਸ਼ਾਨਾ ਬਣਾਉਣਾ ਸੀ। ਇਸ ਮਗਰੋਂ ਪਾਰਟੀ ਨੇ ਹਿੰਦੂਵਾਦ ਅਪਨਾ ਲਿਆ ਤੇ ਕਾਂਗਰਸ ਦੇ ਵਿਰੋਧ ਵਿਚ ਖੜ੍ਹੀ ਹੋ ਗਈ। ਇਸ ਨੇ ਮੁਸਲਮਾਨਾਂ ਨੂੰ ਆਪਣੇ ਨਿਸ਼ਾਨੇ ’ਤੇ ਰੱਖਿਆ। ਉਨ੍ਹਾਂ ਦੇ ਕਹੇ ਬਗੈਰ ਮੁੰਬਈ ਵਿਚ ਪਰਿੰਦਾ ਵੀ ਪਰ ਨਹੀਂ ਸੀ ਮਾਰ ਸਕਦਾ।

ਸ਼ਿਵ ਸੈਨਾ ਨੇ ਭਾਜਪਾ ਨਾਲ ਸਾਂਝ ਪਾ ਕੇ 1994 ਵਿਚ ਮਹਾਰਾਸ਼ਟਰ ਵਿਚ ਕਾਂਗਰਸ ਤੋਂ ਸੱਤਾ ਖੋਹੀ ਤੇ 1998 ਤੇ 2004 ਵਿਚ ਕੇਂਦਰ ਵਿਚ ਸੱਤਾ ਵਿਚ ਰਹੀ। 23 ਜਨਵਰੀ 1926 ਨੂੰ ਕੇਸ਼ਵ ਸੀਤਾਰਾਮ ਠਾਕਰੇ ਦੇ ਘਰ ਜਨਮੇ ਬਾਲ ਠਾਕਰੇ ਦੇ ਚਾਰ ਭੈਣ-ਭਰਾ ਸਨ। ਉਨ੍ਹਾਂ ਨੇ ਕਦੇ ਵੀ ਆਪ ਚੋਣ ਨਹੀਂ ਲੜੀ ਤੇ ਸਾਰੀ ਉਮਰ ਪਾਰਟੀ ਲੇਖੇ ਲਾ ਦਿੱਤੀ। ਮੁੰਬਈ ਦੇ ਮਜ਼ਦੂਰ ਤੋਂ ਲੈ ਕੇ ਫ਼ਿਲਮੀ ਦੁਨੀਆਂ ਦੀਆਂ ਹਸਤੀਆਂ ਉਨ੍ਹਾਂ ਦੇ ਕਹਿਣੇ ਤੋਂ ਬਾਹਰ ਜਾਣ ਦੀ ਸੋਚ ਵੀ ਨਹੀਂ ਸੀ ਸਕਦੀਆਂ। ਸ੍ਰੀ ਠਾਕਰੇ ਦੀ ਮੌਤ ‘ਤੇ ਭਾਜਪਾ ਨੇ ਕਿਹਾ ਹੈ ਕਿ ਇਕ ਸ਼ੇਰ ਨਹੀਂ ਰਿਹਾ। ਭਾਜਪਾ ਸੰਸਦੀ ਦਲ ਦੇ ਚੇਅਰਮੈਨ ਤੇ ਐਨ.ਡੀ.ਏ. ਦੇ ਕਾਰਜਕਾਰੀ ਪ੍ਰਧਾਨ ਐਲ.ਕੇ. ਅਡਵਾਨੀ ਨੇ ਕਿਹਾ ਕਿ ਇਕ ਅਸਧਾਰਨ ਵਿਅਕਤੀ ਚਲਾ ਗਿਆ।

### ਹਿਟਲਰ ਦਾ ਸੀ ਪ੍ਰਸ਼ੰਸਕ

ਠਾਕਰੇ ਆਪਣੀ ਉਂਗਲੀ ਦੇ ਇਕ ਇਸ਼ਾਰੇ ਨਾਲ ਦੇਸ਼ ਦੀ ਵਿੱਤੀ ਰਾਜਧਾਨੀ ਮੁੰਬਈ ਦੀ ਰੌਣਕ ਨੂੰ ਸੰਨਾਟੇ ਵਿਚ ਬਦਲਣ ਦੀ ਤਾਕਤ ਰੱਖਦੇ ਸਨ। ਖੁਦ ਨੂੰ ਅਡੋਲਫ ਹਿਟਲਰ ਦਾ ਪ੍ਰਸ਼ੰਸਕ ਦੱਸਣ ਵਾਲੇ ਬਾਲ ਠਾਕਰੇ ਮਰਾਠੀ ਗੌਰਵ ਤੇ ਹਿੰਦੂਤਵ ਦੇ ਪ੍ਰਤੀਕ ਮੰਨੇ ਜਾਂਦੇ ਸਨ ਜਿਨ੍ਹਾਂ ਦੇ ਜੋਸ਼ੀਲੇ ਅੰਦਾਜ਼ ਨੇ ਉਨ੍ਹਾਂ ਨੂੰ ਸ਼ਿਵ ਸੈਨਿਕਾਂ ਦਾ ਭਗਵਾਨ ਬਣਾ ਦਿੱਤਾ। ਉਨ੍ਹਾਂ ਨੂੰ ਉਨ੍ਹਾਂ ਦੇ ਸ਼ਿਵ ਸੈਨਿਕ ਭਗਵਾਨ ਦੀ ਤਰ੍ਹਾਂ ਪੂਜਦੇ ਸਨ ਤੇ ਉਨ੍ਹਾਂ ਦੇ ਵਿਰੋਧੀ ਵੀ ਉਨ੍ਹਾਂ ਦੇ ਇਸ ਕੱਦ ਤੋਂ ਪੂਰੀ ਤਰ੍ਹਾਂ ਵਾਕਫ ਸਨ। ਹਾਲਾਂਕਿ ਉਹ ਰਾਜਸਥਾਨੀ, ਮਾਰਵਾੜੀ, ਸਿੰਧੀ ਸਮਾਜ ਸਮੇਤ ਉੱਤਰ ਭਾਰਤੀਆਂ ਦੇ ਖਿਲਾਫ ਸਨ। ਮੁੰਬਈ ਵਾਸੀਆਂ ਨੂੰ ਉਨ੍ਹਾਂ ਨੇ ਇਹ ਯਕੀਨ ਦੁਆਉਣ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਗੈਰ-ਮਰਾਠੀਆਂ ਦੇ ਕਾਰਨ ਹੀ ਮਰਾਠੀਆਂ ਦੀ ਰੋਟੀ ਖੋਹ ਹੋ ਰਹੀ ਹੈ।

### ਪਿਤਾ ਪੁਰਖੀ ਸਿਆਸਤ

ਬਾਲਾ ਠਾਕਰੇ ਦਾ ਸਿਆਸੀ ਦਰਸ਼ਨ ਉਨ੍ਹਾਂ ਦੇ ਪਿਤਾ ਤੋਂ ਪ੍ਰਭਾਵਿਤ ਰਿਹਾ। ਉਨ੍ਹਾਂ ਦੇ ਪਿਤਾ ਕੇਸ਼ਵ ਸੀਤਾ ਰਾਮ ਠਾਕਰੇ ‘ਸੰਯੁਕਤ ਮਹਾਰਾਸ਼ਟਰ ਮੂਵਮੈਂਟ’ ਦੇ ਜਾਣੇ ਪਛਾਣੇ ਚਿਹਰੇ ਸਨ। ਬਾਲ ਠਾਕਰੇ ਦੇ ਪਿਤਾ ਕੇਸ਼ਵ ਸੀਤਾਰਾਮ ਠਾਕਰੇ ਦੇ ਭਾਸ਼ਾਈ ਆਧਾਰ ’ਤੇ ਮਹਾਰਾਸ਼ਟਰ ਰਾਜ ਦੇ ਨਿਰਮਾਣ ਦੀ ਨੀਂਹ ਤਿਆਰ ਤਿਆਰ ਕੀਤੀ ਸੀ। ਪਹਿਲਾਂ ਉਸ ਦੀ ਖਾਹਿਸ਼ ਆਪਣੇ ਟੀਚੇ ਨੂੰ ਕਿਸੇ ਮਾਧਿਅਮ ਦੀ ਬਜਾਏ ਖੁਦ ਇਕੱਲੇ ਹਾਸਲ ਕਰਨ ਦੀ ਸੀ। ਬਾਅਦ ਵਿਚ ਉਨ੍ਹਾਂ ਧਰਮ ਤੇ ਉਸਦੇ ਚਿੰਨ੍ਹਾਂ ਦੀ ਵਰਤੋਂ ਕਰਕੇ ਰਾਜਨੀਤੀ ਕਰਨੀ ਸ਼ੁਰੂ ਕਰ ਦਿੱਤੀ।

### ਰੁਕ ਗਈ ਮੁੰਬਈ

ਸ਼ਿਵ ਸੈਨਾ ਦੇ ਬਾਨੀ ਬਾਲ ਠਾਕਰੇ ਦੇ ਸਸਕਾਰ ਵੇਲੇ ਮੁੰਬਈ ਸ਼ਹਿਰ ਪੂਰੀ ਸੁਨਸਾਨ ਹੋ ਗਿਆ। ਮੁੰਬਈ ਦੇ ਵੱਡੇ-ਵੱਡੇ ਕਾਰੋਬਾਰਾਂ ਤੋਂ ਲੈ ਕੇ ਟੀ ਸਟਾਲ ਤੇ ਬੀੜੀ ਪਾਨ ਵਾਲੇ ਖੋਖੇ ਤਕ ਬੰਦ ਰਹੇ। ਸੜਕਾਂ ‘ਤੇ ਰਿਕਸ਼ੇ ਤੇ ਆਟੋ ਗਾਇਬ ਸਨ। ਲੋਕਾਂ ਦੀ ਵਹੀਰਾਂ ਸ੍ਰੀ ਠਾਕਰੇ ਦੀ ਰਿਹਾਇਸ਼ ਵੱਲ ਜਾ ਰਹੀਆਂ ਸਨ। ਸੜਕਾਂ ‘ਤੇ ਲੋਕਾਂ ਨੂੰ ਰੋਂਦੇ ਹੋਏ ਵੇਖਿਆ ਗਿਆ। ਇਸ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਵੱਡੇ-ਵੱਡੇ ਉਦਯੋਗਪਤੀਆਂ ਤੇ ਫ਼ਿਲਮੀ ਹਸਤੀਆਂ ਪਹੁੰਚੀਆਂ ਹੋਈਆਂ ਸਨ। ਕੁਝ ਲੋਕਾਂ ਦਾ ਕਹਿਣਾ ਸੀ ਕਿ ਮੁੰਬਈ ਉਸ ਦੇ ਸਤਿਕਾਰ ਵਿਚ ਨਹੀਂ, ਸਗੋਂ ਦਹਿਸ਼ਤ ਕਾਰਨ ਜਾਮ ਹੋਈ। ਸ਼ਿਵ ਸੈਨਿਕਾਂ ਦੀ ਹਰ ਪਾਸੇ ਇੰਨੀ ਦਹਿਸ਼ਤ ਹੁੰਦੀ ਸੀ ਕਿ ਕੋਈ ਉਨ੍ਹਾਂ ਖਿਲਾਫ ਬੋਲਣ ਦੀ ਹਿੰਮਤ ਨਹੀਂ ਸੀ ਕਰਦਾ।

### ਜੀਵਨ ਝਾਤ

ਬਾਲਾ ਠਾਕਰੇ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕਾਰਟੂਨਿਸਟ ਦੇ ਰੂਪ ਵਿਚ ਕੀਤੀ ਸੀ। ਜਦੋਂਕਿ ਉਨ੍ਹਾਂ ਨੇ 1960 ਵਿਚ ‘ਮਾਰਮਿਕ’ ਨਾਮੀ ਮੈਗਜ਼ੀਨ ਦੀ ਸ਼ੁਰੂਆਤ ਕੀਤੀ ਤੇ 1966 ਵਿਚ ਸ਼ਿਵ ਸੈਨਾ ਦੀ ਸਥਾਪਨਾ ਕੀਤੀ ਜਿਸ ਨੇ ਭਾਰਤੀ ਸਿਆਸੀ ਤੇ ਸਮਾਜਕ ਜੀਵਨ ਵਿਚ ਇਕ ਵੱਖਰਾ ਸਥਾਨ ਬਣਾਇਆ। ਮਹਾਰਾਸ਼ਟਰ ਦੀ ਸਿਆਸਤ ਵਿਚ ਸ਼ਿਵ ਸੈਨਾ ਦਾ ਬਹੁਤ ਮਹੱਤਵਪੂਰਨ ਸਥਾਨ ਹੈ। 1989 ਨੇ ਸ੍ਰੀ ਠਾਕਰੇ ਨੇ ਮਰਾਠੀ ਭਾਸ਼ਾ ਵਿਚ ‘ਸਾਮਨਾ’ ਨਾਂ ਦੀ ਅਖਬਾਰ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਪਿਤਾ ਸੰਯੁਕਤ ਮਹਾਰਾਸ਼ਟਰ ਅੰਦੋਲਨ ਨਾਲ ਜੁੜੇ ਹੋਏ ਸਨ। ਸ਼ਿਵ ਸੈਨਕਾਂ ਵਿਚ ਬਾਲਾ ਸਾਹਿਬ ਨੂੰ ‘ਹਿੰਦੂ ਹਿਰਦੈ ਸਮਰਾਟ’ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸਾਲ 2005 ਵਿਚ ਉਨ੍ਹਾਂ ਦੇ ਭਤੀਜੇ ਰਾਜ ਨੇ ‘ਮਨਸੇ’ ਨਾਂ ਦੀ ਵੱਖਰੀ ਪਾਰਟੀ ਬਣਾ ਲਈ ਜਿਸ ਨਾਲ ਉਨ੍ਹਾਂ ਨੂੰ ਗਹਿਰਾ ਧੱਕਾ ਲੱਗਾ ਤੇ ਸ਼ਿਵ ਸੈਨਾ ਦਾ ਪਤਨ ਸ਼ੁਰੂ ਹੋ ਗਿਆ। ਸ਼ਿਵ ਸੈਨਾ ਦੇ ਵਰਕਰ ਹਮੇਸ਼ਾ ਉਨ੍ਹਾਂ ਦੇ ਸ਼ਬਦਾਂ ‘ਤੇ ਫੁੱਲ ਚੜ੍ਹਾਉਣ ਲਈ ਤਿਆਰ ਰਹਿੰਦੇ ਸਨ।

## ਵਿਵਾਦਾਂ ਦਾ ਦੂਜਾ ਨਾਂ ਸੀ ਠਾਕਰੇ

ਮਹਾਰਾਸ਼ਟਰ ਦੇ ਲੋਕਾਂ ਦੇ ਦਿਲਾਂ ‘ਤੇ ਰਾਜ ਕਰਨ ਦੇ ਬਾਵਜੂਦ ਬਾਲ ਠਾਕਰੇ ਹਮੇਸ਼ਾ ਵਿਵਾਦਾਂ ‘ਚ ਘਿਰੇ ਰਹੇ। ਉਨ੍ਹਾਂ ਭਾਸ਼ਾ ਦੇ ਆਧਾਰ ‘ਤੇ ਮਹਾਰਾਸ਼ਟਰ ਦੇ ਗਠਨ ਲਈ ਅੰਦੋਲਨ ਚਲਾਇਆ। ਮਹਾਰਾਸ਼ਟਰੀਆਂ ਲਈ ਨੌਕਰੀਆਂ ਤੇ ਹੋਰ ਵਿਸ਼ੇਸ਼ ਸਹੂਲਤਾਂ ਲਈ ਸੰਘਰਸ਼ ਕੀਤਾ ਪਰ ਨਾਲ ਹੀ ਗੁਜਰਾਤੀਆਂ, ਮਾਰਵਾੜੀਆਂ ਤੇ ਦੱਖਣੀ ਭਾਰਤੀਆਂ ਦੇ ਮਹਾਰਾਸ਼ਟਰ ਵਿਚ ਪ੍ਰਭਾਵ ਨੂੰ ਘਟਾਉਣ ਦੀ ਵਕਾਲਤ ਕਰਨ ਕਰਕੇ ਉਹ ਵਿਵਾਦਾਂ ਵਿਚ ਘਿਰੇ ਰਹੇ।

1980 ਤੋਂ ਬਾਅਦ ਮੁਸਲਮਾਨਾਂ ਪ੍ਰਤੀ ਉਨ੍ਹਾਂ ਦੇ ਵਿਚਾਰ ਵੱਡੇ ਵਿਵਾਦ ਦਾ ਕਾਰਨ ਬਣਦੇ ਰਹੇ। ਤਾਨਾਸ਼ਾਹ ਹਿਟਲਰ, ਖਾੜਕੂ ਸੰਗਠਨ ਲਿੱਟੇ, ਪਾਕਿਸਤਾਨੀ ਕ੍ਰਿਕਟ ਟੀਮ ਦੇ ਵਿਰੋਧ ਤੇ ਬਾਬਰੀ ਮਸਜਿਦ ਦੇ ਮੁੱਦੇ ‘ਤੇ ਉਨ੍ਹਾਂ ਦੇ ਵਿਚਾਰਾਂ ‘ਤੇ ਹਮੇਸ਼ਾ ਵੱਡਾ ਵਿਵਾਦ ਖੜ੍ਹਾ ਹੁੰਦਾ ਰਿਹਾ। ਇਸ ਤੋਂ ਇਲਾਵਾ ਵੈਲਨਟਾਈਨ ਡੇਅ, ਕੁੜੀਆਂ ਦੇ ਆਧੁਨਿਕ ਪਹਿਰਾਵੇ ਤੇ ਫ਼ਿਲਮਾਂ ਦੇ ਵਿਰੋਧ ਕਰਕੇ ਉਹ ਹਮੇਸ਼ਾ ਚਰਚਾ ਵਿਚ ਰਹੇ। ਬਾਲ ਠਾਕਰੇ ਦਾ ਨਾ ਸਿਰਫ ਮਹਾਰਾਸ਼ਟਰ ਬਲਕਿ ਸਮੁੱਚੇ ਦੇਸ਼ ਦੀ ਸਿਆਸਤ ‘ਤੇ ਕਈ ਦਹਾਕਿਆਂ ਤੱਕ ਸਿੱਕਾ ਚੱਲਦਾ ਰਿਹਾ। ਉਨ੍ਹਾਂ ਦੇ ਇਕ ਇਸ਼ਾਰੇ ‘ਤੇ ਮੁੰਬਈ ਦੀ ਧੜਕਣ ਰੁਕ ਜਾਂਦੀ । ਹਿੰਦੂਆਂ ਵੱਲੋਂ ਉਨ੍ਹਾਂ ਨੂੰ ‘ਹਿੰਦੂ ਹਿਰਦੇ ਸਮਰਾਟ‘ ਕਿਹਾ ਜਾਂਦਾ ਰਿਹਾ। 1966 ਵਿਚ ਕੱਟੜ ਵਿਚਾਰਧਾਰਾ ਦੀ ਹਮਾਇਤੀ ਪਾਰਟੀ ‘ਸ਼ਿਵ ਸੈਨਾ‘ ਦੇ ਗਠਨ ਤੋਂ ਬਾਅਦ ਉਨ੍ਹਾਂ ਨੇ ਹਿੰਦੂਵਾਦੀ ਸਿਆਸਤ ਨੂੰ ਉਤਸ਼ਾਹਤ ਕੀਤਾ। ਉਨ੍ਹਾਂ ਮਹਾਰਾਸ਼ਟਰ ਵਿਚ ਆਪਣੀ ਸਿਆਸੀ ਪਕੜ ਮਜ਼ਬੂਤ ਕਰਨ ਲਈ ਪਹਿਲਾਂ ਭਾਵੇਂ ਕਾਂਗਰਸ ਨਾਲ ਗੱਠਜੋੜ ਕਰਕੇ ਚੋਣ ਲੜੀ ਪਰ 1987 ਵਿਚ ਉਨ੍ਹਾਂ ਭਾਜਪਾ ਨਾਲ ਆਪਣਾ ਨਾਤਾ ਪੱਕੇ ਤੌਰ ‘ਤੇ ਜੋੜ ਲਿਆ। 1995 ਵਿਚ ਉਨ੍ਹਾਂ ਭਾਜਪਾ ਨਾਲ ਸਹਿਯੋਗ ਕਰਕੇ ਮਹਾਰਾਸ਼ਟਰ



ਵਿਚੋਂ ਕਾਂਗਰਸ ਦੇ ਪੈਰ ਉਖਾੜ ਦਿੱਤੇ ਤੇ ਸੱਤਾ ਹਾਸਲ ਕੀਤੀ। 1999 ਤਕ ਸੱਤਾ ਵਿਚ ਰਹੇ ਇਸ ਗੱਠਜੋੜ ਵਿਚ ਉਨ੍ਹਾਂ ਕੋਈ ਸਰਕਾਰੀ ਅਹੁਦਾ ਭਾਵੇਂ ਨਹੀਂ ਕਬੂਲਿਆ ਪਰ ਪਰਦੇ ਪਿੱਛੇ ਉਹ ਕਰਤਾ ਧਰਤਾ ਰਹੇ ਜਿਸ ਕਰਕੇ ਉਨ੍ਹਾਂ ਨੂੰ ਰਿਮੋਟ ਕੰਟਰੋਲ ਵੀ ਕਿਹਾ ਜਾਣ ਲੱਗਾ। ਸਿਆਸਤ ਦੇ ਖਿਡਾਰੀ ਠਾਕਰੇ ਨੂੰ 2006 ਵਿਚ ਪਹਿਲਾ ਵੱਡਾ ਝਟਕਾ ਉਸ ਵੇਲੇ ਲੱਗਾ ਜਦੋਂ ਉਨ੍ਹਾਂ ਦੇ ਭਤੀਜੇ ਰਾਜ ਠਾਕਰੇ ਨੇ ਅਲੱਗ ਹੋ ਕੇ ਨਵੀਂ ਪਾਰਟੀ ‘ਮਹਾਰਾਸ਼ਟਰ ਨਵਨਿਰਮਾਣ ਸੈਨਾ’ ਬਣਾ ਲਈ। ਇਸ ਉਪਰੰਤ ਮਹਾਰਾਸ਼ਟਰ ਦੇ ਇਸ ਸ਼ੇਰ ਦੀ ਤਾਕਤ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਬਾਲ ਠਾਕਰੇ ਨੇ ਆਪਣੇ ਸਰਗਰਮ ਜੀਵਨ ਦੀ ਸ਼ੁਰੂਆਤ ‘ਕਾਰਟੂਨਿਸਟ ਪੱਤਰਕਾਰ’ ਦੇ ਤੌਰ ’ਤੇ 1950 ਵਿਚ ‘ਫ਼ਰੀ ਪ੍ਰੈਸ ਜਨਰਲ’ ਤੋਂ ਆਰੰਭ ਕੀਤੀ। ਉਸ ਦੇ ਵਿਅੰਗ ਕਾਰਟੂਨ ‘ਟਾਈਮਜ਼ ਆਫ਼ ਇੰਡੀਆ’ ਵਿਚ ਵੀ ਛਪਦੇ ਰਹੇ। 1960 ਵਿਚ ਉਨ੍ਹਾਂ ਕਾਰਟੂਨਾਂ ’ਤੇ ਆਧਾਰਤ ਆਪਣਾ ਮਰਾਠਾ ਸਿਆਸੀ ਹਫ਼ਤਾਵਾਰੀ ਅਖ਼ਬਾਰ ‘ਮਾਰਮਿਕ’ ਸ਼ੁਰੂ ਕੀਤਾ। ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਮਰਾਠੀ ਦੈਨਿਕ ‘ਸਾਮਨਾ’ ਤੇ ਹਿੰਦੀ ਦੈਨਿਕ ‘ਦੁਪਹਿਰ ਕਾ ਸਾਮਨਾ’ ਦੇ ਪ੍ਰਕਾਸ਼ਨ ਨਾਲ ਯੋਗਦਾਨ ਪਾਇਆ।

ਇਨ੍ਹਾਂ ਅਖ਼ਬਾਰਾਂ ਰਾਹੀਂ ਉਹ ਆਪਣੇ ਵਿਰੋਧੀਆਂ ’ਤੇ ਤਾਬੜਤੋੜ ਹਮਲੇ ਕਰਦੇ ਰਹੇ। ਸਿਆਸਤ ਲਈ ਅਖ਼ਬਾਰ ਦੀ ਸਭ ਤੋਂ ਸੁਚੱਜੀ ਵਰਤੋਂ ਕਰਨ ਵਿਚ ਬਾਲ ਠਾਕਰੇ ਦਾ ਕੋਈ ਸਾਨੀ ਨਹੀਂ ਸੀ।

# Sikh Religious Society of North West Indiana

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ

## ਸਮੂਹ ਸੰਗਤਾਂ ਨੂੰ ਗੁਰਪੁਰਬ ਦੀ ਲੱਖ ਲੱਖ ਵਧਾਈ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 28 ਨਵੰਬਰ 2012, ਦਿਨ ਬੁੱਧਵਾਰ ਨੂੰ ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਅਤੇ ਦੀਵਾਨ ਦੀ ਸਮਾਪਤੀ ਉਪਰੰਤ ਆਤਿਸ਼ਬਾਜ਼ੀ ਦਾ ਵਿਸ਼ੇਸ਼ ਸ਼ੋਅ ਰਾਤ 8:15 ਵਜੇ ਹੋਵੇਗਾ। ਗੁਰਪੁਰਬ ਸਬੰਧੀ ਅਖੰਡ ਪਾਠ ਦਾ ਅਰੰਭ 30 ਨਵੰਬਰ ਨੂੰ ਹੋਵੇਗਾ ਅਤੇ ਵਿਸ਼ੇਸ਼ ਸਮਾਗਮ ਐਤਵਾਰ 2 ਦਸੰਬਰ ਨੂੰ ਹੋਵੇਗਾ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜੇਗਾ ਜਿਸ ਵਿਚ ਭਾਈ ਹਰਪਾਲ ਸਿੰਘ, ਬੱਚਿਆਂ ਦਾ ਕੀਰਤਨੀ ਜਥਾ ਅਤੇ ਭਾਈ ਅਜੀਤ ਸਿੰਘ, ਭੁਪਿੰਦਰ ਸਿੰਘ ਤੇ ਮਨਜੀਤ ਸਿੰਘ ਦਾ ਹਜ਼ੂਰੀ ਰਾਗੀ ਜਥਾ ਸ਼ਬਦ ਕੀਰਤਨ ਕਰਨਗੇ। ਆਪ ਸਭ ਨੂੰ ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।




### ਗੁਰਪੁਰਬ ਸਬੰਧੀ ਪ੍ਰੋਗਰਾਮ

**28 ਨਵੰਬਰ 2012, ਬੁੱਧਵਾਰ**

ਰਹਿਰਾਸ ਸਾਹਿਬ: ਸ਼ਾਮੀਂ 6:00 ਵਜੇ
ਸ਼ਬਦ ਕੀਰਤਨ- 6:30 ਤੋਂ 7:30 ਤੱਕ
ਭਾਈ ਅਜੀਤ ਸਿੰਘ ਦਾ ਹਜ਼ੂਰੀ ਜਥਾ
ਆਤਿਸ਼ਬਾਜ਼ੀ- ਸ਼ਾਮ 8:15 ਵਜੇ ਤੋਂ

**30 ਨਵੰਬਰ 2012, ਸ਼ੁੱਕਰਵਾਰ**

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 11 ਵਜੇ

**2 ਦਸੰਬਰ 2012, ਐਤਵਾਰ**

ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ
ਸ਼ਬਦ ਕੀਰਤਨ: 11:20 ਤੋਂ 1:30 ਵਜੇ ਤੱਕ
ਭਾਈ ਭੁਪਿੰਦਰ ਸਿੰਘ-11:20
ਭਾਈ ਮਨਜੀਤ ਸਿੰਘ-11:40
ਬੱਚਿਆਂ ਦਾ ਕੀਰਤਨੀ ਜਥਾ-12:00
ਭਾਈ ਅਜੀਤ ਸਿੰਘ ਦਾ ਹਜ਼ੂਰੀ ਰਾਗੀ ਜਥਾ-12:30
ਭਾਈ ਹਰਪਾਲ ਸਿੰਘ-1:30
ਅਰਦਾਸ: 2:00 ਵਜੇ

### ਸੇਵਾਦਾਰ

**Governing Body**

S. Gurnam Singh Sidhu (President)
S. Sarwan Singh Tiwana (Executive Sect.)
S. Rajinder Singh Bains (Financial Sect.)
S. Kuldip Singh Tanda (Joint Financial Sect.)
S. Ravinder Singh Pannu (Religious Sect.)
S. Surjit Singh Giljian (Joint Religious Sect.)
S. Jaspal Singh Ghotra (PRO & Ed. Sect.)

**Board Of Trustees:** 1. Dr. Gurbachan Singh Kapoor, M.D. 2. S. Surjit Singh Grewal 3. S. Harjit Singh Sahi. 4. S. Gurnam Singh Sidhu. 5. S. Kuldip Singh Turke. 6. S. Sarwan Singh. 7. S. Rajbir Singh Boparai. 8. S. Gurinder Singh. 9. S. Shamsher Singh Boparai. 10. S. Rajinder Singh Bains. 11. S. Baldev Singh. 12. S. Balraj Singh. 13. S. Amrik Singh Basra. 14. S. Kuldip Singh. I5. S. Lakhwinder Singh. Honorary -Members. S. Inderpal Singh.

ਐਸ. ਆਰ. ਐਸ. ਆਫ ਇੰਡੀਆਨਾ
ਗੁਰਦਵਾਰਾ ਕਰਾਊਨ ਪੁਆਇੰਟ (ਇੰਡੀਆਨਾ)

10005 Colorado St, Crown Point, IN 46307, Ph: 219-793-9446

ਅਖੰਡ ਪਾਠ ਦੀ ਸੇਵਾ ਹਰਨਿੰਦਰ ਸਿੰਘ ਅਤੇ ਪਰਿਵਾਰ ਵਲੋਂ ਹਵੇਗੀ

**ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ**

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਇਆ

# ਡੈਲਸ ਫੋਰਟਵਰਥ (ਟੈਕਸਸ) ਦੀ ਸੰਗਤ ਵਲੋਂ ਦੁਨੀਆਂ ਦੇ ਕੋਨੇ ਕੋਨੇ 'ਚ ਵੱਸਦੀ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 543ਵੇਂ ਆਗਮਨ ਪੁਰਬ ਦੀ

# ਲੱਖ-ਲੱਖ ਵਧਾਈ ਹੋਵੇ



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਗਾਰਲੈਂਡ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਦੀ ਪੁਕਾਰ ਸੁਣ ਕੇ ਜਗਤ ਦੇ ਉਧਾਰ ਲਈ ਮਹਿਤਾ ਕਲਿਆਣ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਸੰਨ 1469 ਵਿਚ ਰਾਏ ਭੋਇੰ ਦੀ ਤਲਵੰਡੀ, ਨਨਕਾਣਾ ਸਾਹਿਬ (ਜ਼ਿਲਾ ਸ਼ੇਖੂਪੁਰਾ, ਪਾਕਿਸਤਾਨ) ਵਿਖੇ ਅਵਤਾਰ ਧਾਰਿਆ। ਆਪ ਜੀ ਨੇ ਜ਼ਬਰ ਜ਼ੁਲਮ, ਊਚ-ਨੀਚ, ਭਰਮ-ਭੁਲੇਖਿਆਂ ਵਿਰੁਧ ਜ਼ਬਰਦਸਤ ਆਵਾਜ਼ ਉਠਾ ਕੇ ਲੋਕਾਈ ਨੂੰ ਸੱਚੇ ਮਾਰਗ ਦਾ ਉਪਦੇਸ਼ ਦਿੱਤਾ।

ਸਭ ਸੰਗਤਾਂ ਨੂੰ ਬੇਨਤੀ ਹੈ ਕਿ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਜਨਮ ਸਫਲ ਕਰੋ ਜੀ।

**ਅਖੰਡ ਪਾਠ ਅਰੰਭ: ਸੋਮਵਾਰ 26 ਨਵੰਬਰ, 2012-ਸ਼ਾਮ 6 ਵਜੇ**
**ਭੋਗ ਸ੍ਰੀ ਅਖੰਡ ਪਾਠ: 28 ਨਵੰਬਰ, 2012-ਸ਼ਾਮ 6 ਵਜੇ**
**ਅਰੰਭ ਅਖੰਡ ਪਾਠ: ਸ਼ੁੱਕਰਵਾਰ 30 ਨਵੰਬਰ, 2012-ਸਵੇਰੇ 9:30 ਵਜੇ**
**ਭੋਗ ਸ੍ਰੀ ਅਖੰਡ ਪਾਠ: ਐਤਵਾਰ 2 ਦਸੰਬਰ, 2012-ਸਵੇਰੇ 9:30 ਵਜੇ**




ਗੁਰਦੁਆਰਾ ਗਾਰਲੈਂਡ ਟੈਕਸਸ

## ਵਿਸ਼ੇਸ਼ ਕੀਰਤਨ ਦੀਵਾਨ

ਬੁੱਧਵਾਰ, 28 ਨਵੰਬਰ 2012-ਸ਼ਾਮ 6 ਵਜੇ ਤੋਂ 8 ਵਜੇ ਤੱਕ
ਐਤਵਾਰ, 2 ਦਸੰਬਰ 2012-ਸਵੇਰੇ 9:30 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ



ਰਾਗੀ ਜਥਾ ਭਾਈ ਦਰਸ਼ਨ ਸਿੰਘ ਚਕਰ

# The Sikh Temple of North Texas

**506 Gatewood Drive, Garland, TX 75043, Telephone: 972-240-5348**

www.gurdwaragarland.org e-mail:sikhtemple@gurdwaradallas.org

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ

# ਗੁਰਦੁਆਰਾ ਸਿੰਘ ਸਭਾ, ਰਿਚਰਡਸਨ (ਟੈਕਸਸ)

## ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 28 ਨਵੰਬਰ ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਐਤਵਾਰ 2 ਦਸੰਬਰ ਨੂੰ ਵੀ ਵਿਸ਼ੇਸ਼ ਦੀਵਾਨ ਸਜਣਗੇ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।

**ਪ੍ਰੋਗਰਾਮ:** ਅਰੰਭ ਸ੍ਰੀ ਅਖੰਡ ਪਾਠ: 26 ਨਵੰਬਰ, 2012 (ਸੋਮਵਾਰ)–ਸ਼ਾਮ 6:00 ਵਜੇ
ਭੋਗ ਸ੍ਰੀ ਅਖੰਡ ਪਾਠ: 28 ਨਵੰਬਰ, 2012 (ਬੁੱਧਵਾਰ)–ਸ਼ਾਮ 6 ਵਜੇ

ਉਪਰੰਤ ਦੀਵਾਨ ਸਜਣਗੇ ਜਿਨ੍ਹਾਂ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀ ਜਥੇ ਤੇ ਕਥਾਕਾਰ ਸੰਗਤਾਂ ਨੂੰ ਗੁਰਸ਼ਬਦ ਦੀ ਸਾਂਝ ਪਾਉਣਗੇ।




## Gurdwara Singh Sabha, Richardson (TX)

1201 Abrams Rd., Richardson, TX 75081, Ph:(972) 235-3388

# ਗਿਆਨੀ ਜਸਵਿੰਦਰ ਸਿੰਘ ਅਹੁਦੇ ਤੋਂ ਫਾਰਗ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੂੰ ਚੌਪਈ ਸਾਹਿਬ ਦਾ ਪਾਠ ਭੁੱਲਣ ਦੇ ਦੋਸ਼ ਵਿਚ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਜ਼ਿਕਰਯੋਗ ਹੈ ਕਿ ਗਿਆਨੀ ਜਸਵਿੰਦਰ ਸਿੰਘ 15 ਨਵੰਬਰ ਨੂੰ ਚੌਪਈ ਸਾਹਿਬ ਦਾ ਪਾਠ ਕਰਦੇ ਸਮੇਂ ਪਾਠ ਭੁੱਲ ਗਏ ਸਨ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਉਸ ਬਾਰੇ ਪੜਤਾਲ ਕੀਤੇ ਜਾਣ ਉਪਰੰਤ ਇਹ ਫੈਸਲਾ ਲਿਆ ਗਿਆ।

ਗਿਆਨੀ ਜਸਵਿੰਦਰ ਸਿੰਘ ਜਦੋਂ ਪਾਠ ਕਰ ਰਹੇ ਸਨ ਤਾਂ ਉਦੋਂ ਇਸ ਦਾ ਪੀ.ਟੀ.ਸੀ. ਚੈਨਲ 'ਤੇ ਸਿੱਧਾ ਪ੍ਰਸਾਰਨ ਹੋ ਰਿਹਾ ਸੀ ਜੋ ਭਾਰਤ ਸਮੇਤ ਸੌ ਤੋਂ ਵੱਧ ਮੁਲਕਾਂ 'ਚ ਦੇਖਿਆ ਜਾਂਦਾ ਹੈ। ਉਨ੍ਹਾਂ ਨੇ ਆਪਣੀ ਗਲਤੀ ਮੰਨ ਲਈ ਸੀ।

ਇਸ ਫੈਸਲੇ ਤਹਿਤ ਗਿਆਨੀ ਜਸਵਿੰਦਰ ਸਿੰਘ ਦੀ ਥਾਂ ਗਿਆਨੀ ਮੱਲ ਸਿੰਘ ਨੂੰ ਕਾਰਜਕਾਰੀ ਮੁੱਖ ਗ੍ਰੰਥੀ ਨਿਯੁਕਤ ਕੀਤਾ ਗਿਆ ਹੈ ਤੇ ਗਿਆਨੀ ਜਗਤਾਰ ਸਿੰਘ ਨੂੰ ਐਡੀਸ਼ਨਲ ਮੁੱਖ ਗ੍ਰੰਥੀ ਲਾਇਆ ਗਿਆ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ ਹਟਾਏ ਗਏ ਗਿਆਨੀ ਜਸਵਿੰਦਰ ਸਿੰਘ ਬਤੌਰ ਗ੍ਰੰਥੀ ਸੇਵਾ ਕਰਦੇ ਰਹਿਣਗੇ, ਪਰ ਅਗਲੇ ਛੇ ਮਹੀਨੇ ਤੱਕ ਉਹ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਸਿੱਧੇ ਪ੍ਰਸਾਰਨ ਸਮੇਂ ਸੇਵਾ ਨਹੀਂ ਨਿਭਾਉਣਗੇ।

ਇਸ ਦੇ ਨਾਲ ਹੀ ਡਿਊਟੀ ਦੌਰਾਨ ਸੁਚੇਤ ਨਾ ਰਹਿਣ ਦੇ ਦੋਸ਼ ਹੇਠ ਚੌਰਬਰਦਾਰ ਅਮਰਜੀਤ ਸਿੰਘ ਨੂੰ ਮੁਅੱਤਲ ਤੇ ਪਤਿਤ ਸਿੱਖ ਵੱਲੋਂ ਸਵੱਈਏ ਪੜ੍ਹਨ ਦੇ ਮਾਮਲੇ ਵਿਚ ਜ਼ੋਰ ਪਾਉਣ ਲਈ ਅਰਦਾਸੀਏ ਭਾਈ ਧਰਮ ਸਿੰਘ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਇਕ ਪਤਵੰਤੇ ਸ਼ਰਧਾਲੂ ਦੇ ਸਵੱਈਏ ਪੜ੍ਹਨ 'ਤੇ ਰੋਕ ਲਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਅਮਰਜੀਤ ਸਿੰਘ ਨੇ ਮੁੱਖ ਗ੍ਰੰਥੀ ਵੱਲੋਂ ਚੌਪਈ ਸਾਹਿਬ ਭੁੱਲਣ 'ਤੇ ਯਾਦ ਕਰਾਉਣ ਦੀ ਥਾਂ ਦੋਹਰਾ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ ਜਿਸ ਤੋਂ ਜਾਹਰ ਹੈ ਕਿ ਇਹ ਖੁਦ ਵੀ ਡਿਊਟੀ ਵੇਲੇ ਸੁਚੇਤ ਨਹੀਂ ਸੀ।

ਗਿਆਨੀ ਜਸਵਿੰਦਰ ਸਿੰਘ ਨੇ 2008 ਵਿਚ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦਾ ਅਹੁਦਾ ਸੰਭਾਲਿਆ ਸੀ, ਜਦੋਂ ਤੱਤਕਾਲੀ ਮੁੱਖ ਗ੍ਰੰਥੀ ਗਿਆਨੀ ਗੁਰਬਚਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ। ਮੁੱਖ ਗ੍ਰੰਥੀ ਬਣਨ ਤੋਂ ਕੁਝ ਸਮੇਂ ਬਾਅਦ ਹੀ ਗਿਆਨੀ ਜਸਵਿੰਦਰ ਸਿੰਘ ਉਦੋਂ ਵਿਵਾਦ ਦੇ ਘੇਰੇ ਵਿਚ ਆ ਗਏ ਜਦੋਂ ਉਨ੍ਹਾਂ ਦੀਆਂ ਇਕ ਵਿਆਹ ਸਮਾਗਮ ਸਮੇਂ ਨੱਚਦਿਆਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਹੋਈਆਂ। ਹਾਲ ਹੀ ਵਿਚ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਚਲ ਰਹੇ ਧਾਰਮਿਕ ਸਮਾਗਮ ਦੌਰਾਨ ਵੀ ਉਨ੍ਹਾਂ ਨੂੰ ਕੁਝ ਗਲਤ ਸ਼ਬਦਾਂ ਲਈ ਖਿਮਾ ਜਾਚਨਾ ਕਰਨੀ ਪਈ ਸੀ।


## Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ
ਆਪਣੀਆਂ ਯਾਦਾਂ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*



ਰਾਜਿੰਦਰ ਸਿੰਘ

**Multiple Camera shooting/Digital Still Photography**
**(with flush mount album)**
**Live Video Display With Large Screens**
**DJ Service with Laseer Lights**
**Call Toll Free: 1-800-RAJ-SYAN**
**(with 17 years Experienced)**

**Call:734-261-0936 or 734-890-1767**

**e-mail: raj@syanvideo.com or visit at: www.syanvideo.com**









## TO BUY OR SELL

**HOME-BUSINESS-A COMMERCIAL/INVESTMENT PROPERTY**

**Vicky Vasudeva, Coldwell banker**
MBA, Marquette Univ., Milwaukee, WI
Top Realtor, Coldwell Banker Commercial NRT, WI 2009, 2010 & 2011
Chicago Metro Top Ten Realtors, Coldwell Banker Commercial NRT, 2011

**Specializing in Sale & Purchase of**

- **Hotels/ Motels**
- **Retail/ Shopping Centers**
- **Liquor stores**
- **Commercial buildings (medical clinics, office, apartment buildings)**
- **Gas stations/ truck stops**
- **Grocery/ convenience stores**

**Call: 414-688-4197**

**email: Vicky.vasudeva@cbexchange.com**

**Some Featured Listings: (WI and IL)**

**I. 12 Gas Stations -** Price Range: $579,000 to $2.2 Million - All Profitable & in Good Areas.
**II. 11 Liquor Stores -** Price Range: $325,000 to $2 Million - Profitable /High Cash Flow.
**III. 3 Grocery Stores (With Beer) -** Price Range: $249,000 to $349,000 - Profitable.

**Also working with Hotel/Motel Buyers in Chicago City Area. Hotels ranging from $550,000 to $8.5 Million.**



ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਦੇਰੁ ਪਰੋਆ॥

# ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ
# ਸ੍ਰੀ ਗੁਰੂ ਨਾਨਕ ਦੇਵ ਜੀ
# ਦੇ 543ਵੇਂ ਆਗਮਨ ਪੁਰਬ ਦੀ
# ਲੱਖ ਲੱਖ ਵਧਾਈ



ਮੱਤ ਸਿੰਘ ਢਿੱਲੋਂ

## Azad Driving School

Mat Singh Dhillon, Azad Singh Dhillon,
Rajpal Chahal & Associates
100 S. Atkinson Rd., Grays Lake. IL 60030

*We teach driving car in North West Chicagoland suburbs.*

**Ph: 847-308-5411**
**847-548-8367**
**www.azaddriving.com**

*Providing all driving school services - Adult, Senior Citizen and Teen programs.*

English, Hindi, Punjabi, Urdu language, experienced instructors. We have lady instructors too. We teach teens too, Ask for special teen package, with class room and behind the wheel. We have Saturday and Sunday teens program too.

**Dhillon Truck Stop**
**Dhillon Road Service**

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

**ooraa**




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

**Taste of India & Sweet Shop**

14096 Trade Center Dr., Fisher, IN 46038, Ph: 317-773-1222, 317-771-2930

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

ਬਫੇ $7.99

ਬਰਫੀ, ਲੱਡੂ, ਵੇਸਣ, ਗੁਲਾਬ ਜਾਮੁਨ, ਰਸਗੁੱਲੇ
ਤੁਹਾਡੇ ਮੂੰਹ ਵਿਚ ਪਾਣੀ ਲਿਆਉਣ ਵਾਲੀ ਹਰ ਮਿਠਾਈ

ਮੰਗਲਵਾਰ ਤੋਂ ਐਤਵਾਰ ਸਵੇਰੇ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ,
ਸ਼ਾਮ 5 ਤੋਂ 10 ਵਜੇ ਤੱਕ (ਸੋਮਵਾਰ ਛੁੱਟੀ)

ਗਰਮਾ-ਗਰਮ ਤਾਜ਼ਾ ਜਲੇਬੀਆਂ ਦੀ
ਕੇਟਰਿੰਗ ਵੀ ਕਰਦੇ ਹਾਂ







ਭੁਪਿੰਦਰ ਸਿੰਘ ਖਹਿਰਾ ਫੋਨ: 317-771-2930, ਗੁਰਮੇਜ ਸਿੰਘ ਫੋਨ: 317-773-1222

# ਵਿਸ਼ਵ ਸਿੱਖ ਕੌਂਸਲ ਦੇ ਕੌਮੀ ਸੰਮੇਲਨ 'ਚ ਸਿੱਖ ਮਸਲਿਆਂ 'ਤੇ ਵਿਚਾਰ

**ਸੈਨ ਹੋਜ਼ੇ (ਬਿਊਰੋ):** ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸਿੱਖ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ 9 ਨਵੰਬਰ ਤੋਂ 11 ਨਵੰਬਰ ਤੱਕ ਹੋਈ ਨੈਸ਼ਨਲ ਸਿੱਖ ਕਨਵੈਨਸ਼ਨ ਵਿਚ ਸ਼ਰੀਕ ਹੋਏ। ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਵਲੋਂ ਕਰਵਾਈ ਗਈ ਇਸ ਕਨਵੈਨਸ਼ਨ ਵਿਚ ਮੈਸਾਚੂਸੈਟਸ ਤੋਂ ਲੈ ਕੇ



*ਕਨਵੈਨਸ਼ਨ ਵਿਚ ਪਹੁੰਚੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ*

ਕੈਲੀਫੋਰਨੀਆ ਅਤੇ ਵਿਸਕਾਨਸਿਨ ਤੋਂ ਲੈ ਕੇ ਅਲਬਾਮਾ ਤੱਕ ਦੇ ਨੁਮਾਇੰਦੇ ਪਹੁੰਚੇ। ਇਸ ਨੈਸ਼ਨਲ ਕਨਵੈਨਸ਼ਨ ਦੌਰਾਨ ਵਿਸ਼ਵ ਸਿੱਖ ਕੌਂਸਲ ਨੇ ਗੁਰਦੁਆਰਿਆਂ ਦੇ ਪ੍ਰਬੰਧਕੀ ਝਗੜੇ ਗੁਰਮਤਿ ਮਰਿਆਦਾ ਅਨੁਸਾਰ ਹੱਲ ਕਰਵਾਉਣ ਲਈ ਵਿਕਸਿਤ ਕੀਤੀਆਂ ਗਈਆਂ ਵਿਵਾਦ ਹੱਲ ਸੇਵਾਵਾਂ ਮੁਹੱਈਆ ਕਰਨ ਪ੍ਰਤੀ ਆਪਣੇ ਆਪ ਨੂੰ ਪ੍ਰਤੀਬੱਧ ਕੀਤਾ ਤਾਂ ਜੋ ਗੁਰੂ ਘਰਾਂ ਦੇ ਝਗੜੇ ਘੱਟ ਤੋਂ ਘੱਟ ਅਦਾਲਤਾਂ ਵਿਚ ਜਾਣ। ਇਸ ਤੋਂ ਇਲਾਵਾ ਕੌਂਸਲ ਵਲੋਂ ਇਕ ਕੌਮਾਂਤਰੀ ਸਿੱਖ ਨੁਮਾਇੰਦਾ ਢਾਂਚਾ ਵਿਕਸਿਤ ਕਰਨ ਬਾਰੇ ਵੀ



*ਸੈਨੇਟਰ ਕੋਰਬੈਟ ਕੈਲੀਫੋਰਨੀਆ ਸੈਨੇਟ ਵਲੋਂ ਪਾਸ ਕੀਤਾ ਗਿਆ ਮਤਾ ਭੇਟ ਕਰਦੇ ਹੋਏ*

ਵਿਚਾਰ ਹੋਈ ਅਤੇ ਇਸ ਬਾਰੇ ਯਤਨ ਹੋਰ ਤੇਜ ਕਰਨ ਦਾ ਫੈਸਲਾ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਕੌਂਸਲ ਦੇ ਚੇਅਰਪਰਸਨ ਡਾ. ਸਤਪਾਲ ਸਿੰਘ ਨੇ ਦੱਸਿਆ ਕਿ ਇਸ ਕਨਵੈਨਸ਼ਨ ਵਿਚ ਹਿੱਸਾ ਲੈਣ ਲਈ ਅਮਰੀਕਾ ਦੇ ਉਨ੍ਹਾਂ ਸਿੱਖ ਗੁਰੂ ਘਰਾਂ (ਜਿਨ੍ਹਾਂ ਦਾ ਪ੍ਰਬੰਧ ਸਿੱਖ ਭਾਈਚਾਰੇ ਵਲੋਂ ਕੀਤਾ ਜਾਂਦਾ ਹੈ) ਅਤੇ ਅਮਰੀਕੀ ਸਿੱਖ ਪੰਥਕ ਜਥੇਬੰਦੀਆਂ ਨੂੰ ਆਪਣਾ ਇਕ ਇਕ ਨੁਮਾਇੰਦਾ ਭੇਜਣ ਲਈ ਸੱਦਾ ਦਿੱਤਾ ਗਿਆ ਸੀ ਜੋ ਸਿੱਖ ਰਹਿਤ ਮਰਿਆਦਾ ਮੰਨਦੀਆਂ ਹਨ।

ਇਹ ਕਨਵੈਨਸ਼ਨ ਵੀਰਵਾਰ ਸ਼ਾਮੀਂ ਗੁਰਦੁਆਰਾ ਸੈਨ ਹੋਜ਼ੇ ਵਿਖੇ ਅਰੰਭ ਹੋਈ ਅਤੇ ਸ਼ੁਰੂਆਤੀ ਸੈਸ਼ਨ ਦੌਰਾਨ ਨੁਮਾਇੰਦਿਆਂ ਨੇ ਆਪਣੀ ਰਜਿਸਟਰੇਸ਼ਨ ਕਰਵਾਈ। ਇਸ ਦੌਰਾਨ ਮਿਲਣ-ਗਿਲਣ ਤੋਂ ਇਲਾਵਾ ਗੈਰ ਰਸਮੀ ਵਿਚਾਰ-ਵਟਾਂਦਰੇ ਹੋਏ। ਸ਼ੁੱਕਰਵਾਰ ਸਵੇਰ ਦੇ ਸੈਸ਼ਨ ਦੌਰਾਨ ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਦੀਆਂ ਪ੍ਰਾਪਤੀਆਂ ਬਾਰੇ ਵਿਚਾਰ-ਵਟਾਂਦਰਾ ਹੋਇਆ ਅਤੇ ਸਿੱਖ ਭਾਈਚਾਰੇ ਦੀਆਂ ਕੌਮੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਪੋ-ਆਪਣੇ ਪ੍ਰਾਜੈਕਟਾਂ ਬਾਰੇ ਵਿਚਾਰ ਪੇਸ਼ ਕੀਤੇ। ਸ਼ੁੱਕਰਵਾਰ ਸਵੇਰ ਦੇ ਸਮਾਗਮ ਦੀ ਇਕ ਖਾਸ ਗੱਲ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਸਿੱਖ ਜਥੇਬੰਦੀਆਂ ਵਿਚਾਲੇ ਸਹਿਯੋਗ ਅਤੇ ਆਪਸੀ ਮਿਲਵਰਤਣ ਬਾਰੇ ਇਕ ਵਿਸ਼ਵ ਪੱਧਰੀ ਢਾਂਚਾ ਤਿਆਰ ਕਰਨ ਦੀ ਲੋੜ ਬਾਰੇ ਖਾਕੇ ਦੀ ਪੇਸ਼ਕਾਰੀ ਸੀ। ਸ਼ਾਮ ਦੇ ਸੈਸ਼ਨ ਦੌਰਾਨ ਵੱਖ ਵੱਖ ਸਿੱਖ ਜਥੇਬੰਦੀਆਂ ਨੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕੀਤੀ।

ਸਨਿਚਰਵਾਰ ਸਵੇਰ ਦੇ ਸੈਸ਼ਨ ਦੌਰਾਨ ਸਕੂਲਾਂ ਦੇ ਸਿਲੇਬਸ, ਚਾਰਟਰ ਸਕੂਲਾਂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਪਬਲਿਕ ਸਕੂਲਾਂ ਵਿਚ ਅਧਿਆਪਨ ਦਾ ਕਿੱਤਾ ਅਪਨਾਉਣ ਪ੍ਰਤੀ ਉਤਸ਼ਾਹਿਤ ਕਰਨ ਬਾਰੇ ਵਿਚਾਰ ਹੋਈ। ਇਸ ਤੋਂ ਇਲਾਵਾ ਸਿੱਖ ਨੈਟਵਰਕ ਅਤੇ ਲੋਕ ਨੀਤੀਆਂ ਬਾਰੇ ਪਹਿਲਕਦਮੀ ਵਿਚ ਸ਼ਾਮਲ ਹੋਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਮਾਗਮ ਦੀ ਖਾਸ ਗੱਲ ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਵਲੋਂ ਮੁਹੱਈਆ ਕੀਤੀਆਂ ਜਾ ਰਹੀਆਂ ਵਿਵਾਦ ਹੱਲ ਸੇਵਾਵਾਂ ਬਾਰੇ ਪੇਸ਼ਕਾਰੀ ਸੀ।

ਸਨਿਚਰਵਾਰ ਬਾਅਦ ਦੁਪਹਿਰ ਕੌਂਸਲ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ ਜਿਸ ਵਿਚ ਵੱਖ ਵੱਖ ਮਸਲੇ ਵਿਚਾਰੇ ਗਏ ਅਤੇ ਮਤੇ ਪਾਸ ਕੀਤੇ ਗਏ। ਇਨ੍ਹਾਂ ਵਿਚ ਵਿਵਾਦ ਹੱਲ ਸੇਵਾਵਾਂ ਅਤੇ ਕੌਂਸਲ ਦੇ ਕੰਮ-ਢੰਗ ਨੂੰ ਬਿਹਤਰ ਬਣਾਉਣ ਲਈ ਬਾਈਲਾਅਜ਼ ਵਿਚ ਕੁਝ ਤਬਦੀਲੀਆਂ ਕੀਤੇ ਜਾਣਾ ਸ਼ਾਮਲ ਸੀ।

ਸਨਿਚਰਵਾਰ ਦੀ ਸ਼ਾਮ ਸੈਨ ਹੋਜ਼ੇ ਦੇ ਡਾਊਨ ਟਾਊਨ ਵਿਚ ਸ਼ਾਮ ਦੀ ਦਾਅਵਤ ਰੱਖੀ ਗਈ ਜਿਸ ਵਿਚ ਡੈਲੀਗੇਟਾਂ, ਨੁਮਾਇੰਦਿਆਂ ਅਤੇ ਉਨ੍ਹਾਂ ਵਿਅਕਤੀਆਂ ਤੇ ਨੁਮਾਇੰਦਿਆਂ ਦਾ ਮਾਣ-ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਕੈਲੀਫੋਰਨੀਆ ਦੇ ਸਕੂਲਾਂ ਦੇ ਪਾਠਕ੍ਰਮ ਵਿਚ ਸਿੱਖ ਇਤਿਹਾਸ ਨੂੰ ਸ਼ਾਮਲ ਕੀਤੇ ਜਾਣ ਸਬੰਧੀ ਮਤਾ ਨੰਬਰ ਐਸ ਬੀ 1540 ਪਾਸ ਕਰਵਾਉਣ ਲਈ ਉਚੇਚੀ ਭੂਮਿਕਾ ਨਿਭਾਈ। ਇਨ੍ਹਾਂ ਵਿਚ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਕਰਾਮੈਂਟੋ ਦੇ ਪ੍ਰੋਫੈਸਰ ਜੈਫਰੀ ਬਰੌਡ ਵੀ ਸ਼ਾਮਲ ਸਨ।

ਐਤਵਾਰ ਸਵੇਰੇ ਕੌਂਸਲ ਦੀ ਗੁਰਦੁਆਰਾ



*ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਕਰਾਮੈਂਟੋ ਦੇ ਪ੍ਰੋ. ਜੈਫਰੀ ਬਰੌਡ ਦਾ ਮਾਣ-ਸਨਮਾਨ*

ਸੈਨ ਹੋਜ਼ੇ ਵਿਖੇ ਮੀਟਿੰਗ ਹੋਈ ਜਿਸ ਵਿਚ ਕਨਵੈਨਸ਼ਨ ਦੌਰਾਨ ਹੋਏ ਮੁੱਖ ਫੈਸਲੇ ਅਪਨਾਏ ਗਏ। ਇਸ ਉਪਰੰਤ ਇਨ੍ਹਾਂ ਬਾਰੇ ਗੁਰੂ ਘਰ ਵਿਚ ਹਾਜਰ ਸੰਗਤ ਨੂੰ ਦੱਸਿਆ ਗਿਆ। ਕਨਵੈਨਸ਼ਨ ਵਿਚ ਹਾਜ਼ਰ ਨੁਮਾਇੰਦਿਆਂ ਨੇ ਇਕ ਮਤਾ ਪਾਸ ਕਰਕੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਉਨ੍ਹਾਂ ਦੀ ਦੂਜੀ ਵਾਰ ਹੋਈ ਜਿੱਤ ਲਈ ਵਧਾਈ ਦਿੱਤੀ।

ਇਸ ਤੋਂ ਇਲਾਵਾ ਕੈਲੀਫੋਰਨੀਆ ਸੈਨੇਟ ਮੈਜੌਰਟੀ ਲੀਡਰ ਸੈਨੇਟਰ ਐਲਨ ਕੋਰਬੈਟ ਦਾ ਸਿੱਖ ਭਾਈਚਾਰੇ ਪ੍ਰਤੀ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਸੈਨੇਟਰ ਕੋਰਬੈਟ ਨੇ ਕੈਲੀਫੋਰਨੀਆ ਸੈਨੇਟ ਵਲੋਂ ਪਾਸ ਕੀਤਾ ਗਿਆ ਉਹ ਮਤਾ ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਨੂੰ ਭੇਟ ਕੀਤਾ ਜਿਸ ਵਿਚ ਇਸ ਦੀਆਂ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ ਗਈ ਸੀ ਅਤੇ ਇਸ ਨੂੰ ਆਪਣੇ ਟੀਚਿਆਂ ਅਤੇ ਮਿਸ਼ਨ ਵਿਚ ਕਾਮਯਾਬੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਸਨ।

ਇਸ ਕਨਵੈਨਸ਼ਨ ਵਿਚ ਜਿਹੜੇ ਸਿੱਖ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਉਨ੍ਹਾਂ ਵਿਚ ਗੁਰਦੁਆਰਾ ਸਿੰਘ ਸਭਾ-ਓਪੈਲਿਕਾ (ਅਲਬਾਮਾ), ਕੈਲੀਫੋਰਨੀਆ ਦੇ ਗੁਰੂ ਘਰਾਂ-ਗੁਰੂ ਨਾਨਕ ਮਿਸ਼ਨ-ਲਿਵਿੰਗਸਟਨ, ਗੁਰਦੁਆਰਾ ਗੁਰੂ ਅੰਗਦ ਦਰਬਾਰ-ਬੇਕਰਜ਼ਫੀਲਡ, ਗੁਰਦੁਆਰਾ ਫਰੀਮਾਂਟ ਅਤੇ ਗੁਰਦੁਆਰਾ ਮਰਸਡ, ਕਾਲੋਰਾਡੋ ਸਿੰਘ ਸਭਾ-ਡੈਨਵਰ (ਕਾਲੋਰਾਡੋ), ਸਿੰਘ ਸਭਾ-ਅਗਸਤਾ (ਜਾਰਜੀਆ), ਸਿੱਖ ਸਟੱਡੀ ਸਰਕਲ-ਅਟਲਾਂਟਾ (ਜਾਰਜੀਆ), ਸਿੱਖ ਗੁਰਦੁਆਰਾ ਨਾਰਥ ਕੈਰੋਲਾਈਨਾ-ਡਰਹਮ (ਨਾਰਥ ਕੈਰੋਲਾਈਨਾ), ਗੁਰੂ ਨਾਨਕ ਸਿੱਖ ਸੁਸਾਇਟੀ ਆਫ ਸੈਂਟਰਲ ਓਹਾਇਓ-ਕੋਲੰਬਸ (ਓਹਾਇਓ), ਨਿਊ ਇੰਗਲੈਂਡ ਸਿੱਖ ਸਟੱਡੀ ਸਰਕਲ-ਬੋਸਟਨ (ਮੈਸਾਚੂਸੈਟਸ), ਸਿੱਖ ਕਲਚਰਲ ਐਂਡ ਐਜੂਕੇਸ਼ਨਲ ਸੁਸਾਇਟੀ ਆਫ ਵੈਸਟਰਨ ਨਿਊ ਯਾਰਕ-ਬਫਲੋ (ਨਿਊ ਯਾਰਕ), ਸਿੱਖ ਐਜੂਕੇਸ਼ਨਲ ਐਂਡ ਰਿਲੀਜੀਅਸ ਫਾਊਂਡੇਸ਼ਨ-ਡਬਲਿਨ (ਓਹਾਇਓ), ਸਿੱਖ ਫਾਊਂਡੇਸ਼ਨ ਆਫ ਸਾਇਰਾਕੂਜ਼-ਲੀਵਰਪੂਲ (ਨਿਊ ਯਾਰਕ), ਸਿੱਖ ਰਿਲੀਜੀਅਸ ਸੁਸਾਇਟੀ ਆਫ ਸ਼ਿਕਾਗੋ-ਪੈਲਾਟਾਈਨ (ਇਲੀਨਾਏ), ਸਿੱਖ ਸਭਾ ਆਫ ਨਿਊ ਜਰਸੀ-ਲਾਰੈਂਸਵਿਲ (ਨਿਊ ਜਰਸੀ), ਸਿੰਘ ਸਭਾ ਆਫ ਅੱਪਰਵੈਲੀ-ਹੈਨੋਵਰ (ਨਿਊ ਹੈਂਪਸ਼ਾਇਰ), ਸਿੱਖ ਸੁਸਾਇਟੀ ਆਫ ਮਿਸ਼ੀਗਨ-ਮੈਡੀਸਨ ਹਾਈਟਸ (ਮਿਸ਼ੀਗਨ), ਸਿੱਖ ਯੂਥ ਅਲਾਇੰਸ ਆਫ ਅਮੈਰਿਕਾ-ਟੋਲੀਡੋ (ਓਹਾਇਓ), ਸਿੰਘ ਸਭਾ ਆਫ ਮਿਸ਼ੀਗਨ-ਕੈਂਟਨ (ਮਿਸ਼ੀਗਨ), ਟਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ-ਮੈਨੋਵਰਵਿਲ (ਪੈਨਸਿਲਵੇਨੀਆ) ਅਤੇ ਸਿੱਖ ਰਿਲੀਜੀਅਸ ਸੁਸਾਇਟੀ ਆਫ ਵਿਸਕਾਨਸਿਨ-ਬਰੁਕਫੀਲਡ (ਵਿਸਕਾਨਸਿਨ) ਦੇ ਨਾਂ ਸ਼ਾਮਲ ਹਨ।

ਇਸ ਤੋਂ ਇਲਾਵਾ ਯੂਨਾਈਟਿਡ ਸਿੱਖਸ, ਸਿੱਖ ਰਿਸਰਚ ਇੰਸਟੀਚਿਊਟ, ਸੈਲਡੈਫ, ਜੈਕਾਰਾ ਅਤੇ ਦੇਸ਼ ਭਰ ਤੋਂ ਖਾਲਸਾ ਸਕੂਲਾਂ ਤੇ ਸੈਨ ਹੋਜ਼ੇ ਸਿੱਖ ਸਟਕਾਊਟਸ-ਟਰੁਪ 600, ਸੰਜੋਗ ਸਿੱਖ ਫੈਮਿਲੀ ਸੈਂਟਰ ਅਤੇ ਕੌਰਿਸਟਾ ਆਦਿ ਜਥੇਬੰਦੀਆਂ ਦੇ ਨੁਮਾਇੰਦੇ ਇਸ ਕਨਵੈਨਸ਼ਨ ਵਿਚ ਸ਼ਾਮਲ ਹੋਏ।

ਜ਼ਿਕਰਯੋਗ ਹੈ ਕਿ ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਅਮਰੀਕਾ ਵਿਚ ਵਸਦੇ ਸਿੱਖਾਂ ਦੀ ਇਕ ਸਾਂਝੀ ਨੁਮਾਇੰਦਾ ਜਥੇਬੰਦੀ ਹੈ। ਇਹ ਸਿੱਖ ਗੁਰੂ ਘਰਾਂ ਅਤੇ ਸੰਸਥਾਵਾਂ ਦੀ ਇਕ ਚੁਣੀ ਹੋਈ ਜਥੇਬੰਦੀ ਹੈ। ਇਸ ਵੇਲੇ ਦੇਸ਼ ਭਰ ਵਿਚੋਂ 48 ਗੁਰੂ ਘਰਾਂ ਅਤੇ ਹੋਰ ਸਿੱਖ ਸੰਸਥਾਵਾਂ ਇਸ ਦੀਆਂ ਮੈਂਬਰ ਹਨ। ਇਸ ਜਥੇਬੰਦੀ ਦਾ ਮੁੱਖ ਮਕਸਦ ਅਮਰੀਕਾ ਵਿਚ ਸਿੱਖਾਂ ਦੇ ਸਾਂਝੇ ਦ੍ਰਿਸ਼ਟੀਕੋਣ ਦੀ ਨੁਮਾਇੰਦਗੀ ਕਰਨਾ ਹੈ। ਕੌਂਸਲ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਸਿੱਖਾਂ ਦੇ ਹਿੱਤਾਂ, ਸਿਖਿਆ ਅਤੇ ਸਰਬੱਤ ਦੇ ਭਲੇ ਲਈ ਕੰਮ ਕਰਦੀ ਹੈ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ ਪਹਿਲੀ ਦਸੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-40



*ਤਸਵੀਰ: ਜੱਸੀ ਗਿੱਲ, ਕੈਲੀਫੋਰਨੀਆ*

*ਧੀ ਬਣ ਕੇ ਜ਼ਿੰਦਗੀ ਵਿਚ ਕਈ ਕਿਰਦਾਰ ਨਿਭਾਉਂਦੀਆਂ ਨੇ।*
*ਕਦੇ ਭੈਣ, ਕਦੇ ਪਤਨੀ ਤੇ ਕਦੇ ਮਾਂ ਅਖਵਾਉਂਦੀਆਂ ਨੇ।*
*ਜੇ ਮਾਪੇ ਹੋਣ ਦੁੱਖਾਂ ਵਿਚ ਘਿਰੇ, ਪੁੱਤ ਸੌ ਮੁੱਖ ਫੇਰੇ,*
*ਧੀਆਂ ਫੇਰ ਵੀ ਮਾਪਿਆਂ ਦੇ ਵੱਲ ਭੱਜੀਆਂ ਆਉਂਦੀਆਂ ਨੇ।*
*ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਂਦੀਆਂ ਨੇ।*

## ਕੈਪਸ਼ਨ ਮੁਕਾਬਲਾ-38



ਕਿੱਥੇ ਪੈਂਦੇ ਕੀਲ ਨੇ,
ਨਾਗ ਪਟਾਰੀ ਵਿਚ।
ਗੁੱਸਾ ਫੂਕਿਆ ਜਾਂਵਦਾ,
ਜ਼ਿੰਦਗੀ ਹਾਰੀ ਵਿਚ।
ਕਰਦਾ ਰਹੇ ਸ਼ੈਤਾਨੀਆਂ,
ਬੰਦਾ ਚੱਤੋ ਪਹਿਰ।
ਡੰਗ ਕਿੱਥੇ ਮਾਰੂ ਬਣੇਗਾ,
ਜਦ ਪੱਲੇ ਹੈ ਨ੍ਹੀਂ ਜ਼ਹਿਰ।
ਕੱਢ'ਤੀ ਪੋਟਲੀ ਜ਼ਹਿਰ ਦੀ,
ਖੱਟੇ ਕਰ'ਤੇ ਦੰਦ।
ਰਹੂ ਬੀਨ 'ਤੇ ਮੇਲ੍ਹਦਾ,
ਜ਼ਿੰਦਗੀ ਦਾ ਇਹ ਪੰਧ।
ਭੋਲਿਆ ਨਾਗਾ ਨਾ ਜਾਣੇ ਤੂੰ,
ਬੰਦਿਆਂ ਦੀ ਇਹ ਚਾਲ।
ਤਾਹੀਓਂ ਹੁਣ ਤੂੰ ਕਰ ਸਕਦਾ ਨ੍ਹੀਂ,
ਇਨ੍ਹਾਂ ਦਾ ਵਿੰਗਾ ਵਾਲ।

***-ਮਨਬੀਰ ਫਰੀਮਾਂਟ***

---

ਹਰ ਪਾਸੇ ਸੀ ਦਹਿਸ਼ਤ ਮੇਰੀ,
ਹਰ ਕੋਈ ਭੈਅ ਸੀ ਖਾਂਦਾ।
ਪਾ ਪਟਾਰੀ ਕੈਦ ਕਰ ਲਿਆ,
ਫਨ ਨ੍ਹੀਂ ਚੁੱਕਿਆ ਜਾਂਦਾ।
ਗੁਲਾਮੀ ਵਾਲੀ ਜੂਨ ਬੁਰੀ ਹੈ,
ਮਾਲਕ ਹੁਕਮ ਚਲਾਂਦਾ।
ਆਪਣਾ ਡੰਗ ਟਪਾਵਣ ਖਾਤਰ,
ਥਾਂ ਥਾਂ ਉਪਰ ਮਜਮਾ ਲਾਂਦਾ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪੁੱਤ ਸੱਪ ਦਾ ਕਦੇ ਨਾ ਮਿੱਤ ਬਣਦਾ,
ਜੋਗੀ ਜਾਣਦਾ ਹੁੰਦੀ ਏ ਗੱਲ ਪੱਕੀ।
ਅੰਗ-ਸੰਗ ਪਟਾਰੀ ਦੇ ਵਿਚ ਰੱਖੇ,
ਤਾਂ ਵੀ ਰੱਖਦੈ ਉਹਦੇ 'ਤੇ ਅੱਖ ਸ਼ੱਕੀ!

***-ਫਕੀਰ ਚੰਦ ਸੈਂਪਲਾ, ਐਲ ਏ***

---

ਸੱਪ ਖੜੱਪਾ ਕੀਲ ਨਾਥ ਨੇ
ਵਿਚ ਪਟਾਰੀ ਪਾਇਆ,
ਨੇੜੇ ਨਾ ਕੋਈ ਜਾਵੇ ਡਰਦਾ
ਫਨ ਉਸ ਜਦੋਂ ਫੈਲਾਇਆ!

***-ਹਰਬੰਸ ਨਿਊ ਯਾਰਕ***

visit us on the web: www.punjabtimesusa.com

# ਭਾਜਪਾ ਲੀਡਰਾਂ ਦੇ ਆਪਸ ਵਿਚ ਹੀ ਸਿੰਗ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਮਦਨ ਮੋਹਨ ਮਿੱਤਲ ਦੇ ਆਪਣੇ ਹੀ ਵਿਭਾਗ ਦੀ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨਾਲ ਸਿੰਗ ਫਸ ਗਏ ਹਨ। ਦੋਹਾਂ ਵੱਲੋਂ ਮੀਡੀਆ ਵਿਚ ਇਕ ਦੂਜੇ ਨੂੰ ਖੁੱਲ੍ਹ ਕੇ ਭੰਡਿਆ ਜਾ ਰਿਹਾ ਹੈ। ਸਿਹਤ ਮੰਤਰੀ ਦਾ ਆਪਣੇ ਵਿਭਾਗ ਦੀ ਮੁੱਖ ਸੰਸਦੀ ਸਕੱਤਰ ਨਾਲ ਟਕਰਾਅ ਡਾ. ਸਿੱਧੂ ਵੱਲੋਂ ਸਰਕਾਰੀ ਸੇਵਾ ਕਰਦੇ ਦੋ ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਕਰਦਿਆਂ ਫੜੇ ਜਾਣ ਤੋਂ ਪੈਦਾ ਹੋਇਆ ਹੈ। ਇਹ ਮਾਮਲਾ ਬੇਸ਼ੱਕ ਭਾਜਪਾ ਹਾਈ ਕਮਾਨ ਤੱਕ ਵੀ ਪਹੁੰਚ ਗਿਆ ਹੈ ਪਰ ਪਾਰਟੀ ਦੇ ਸੀਨੀਅਰ ਆਗੂਆਂ ਨੇ ਹੁਣ ਤੱਕ ਕੋਈ ਦਖ਼ਲ ਨਹੀਂ ਦਿੱਤਾ।

ਡਾ. ਸਿੱਧੂ ਦੀਆਂ ਸਰਗਰਮੀਆਂ 'ਤੇ ਟਿੱਪਣੀ ਕਰਦਿਆਂ ਸ੍ਰੀ ਮਿੱਤਲ ਨੇ ਕਿਹਾ ਹੈ ਕਿ ਉਹ ਆਪਣੇ ਅਧਿਕਾਰਾਂ ਤੇ ਸ਼ਕਤੀਆਂ ਤੋਂ ਬਾਹਰ ਜਾ ਕੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਵਿਸ਼ੇਸ਼ ਲਈ ਆਪਣੇ ਅਧਿਕਾਰਾਂ ਤੇ ਅਖਤਿਆਰਾਂ ਤੋਂ ਬਾਹਰ ਜਾ ਕੇ ਕੰਮ ਕਰਨਾ ਸ਼ੋਭਾ ਨਹੀਂ ਦਿੰਦਾ। ਮੁੱਖ ਸੰਸਦੀ ਸਕੱਤਰ ਵੱਲੋਂ ਸਰਕਾਰੀ ਡਾਕਟਰਾਂ ਨੂੰ ਨਿੱਜੀ ਹਸਪਤਾਲਾਂ ਵਿਚ ਪ੍ਰੈਕਟਿਸ ਕਰਦਿਆਂ ਫੜ੍ਹੇ ਜਾਣ ਤੋਂ ਬਾਅਦ ਦੀ ਪੁਲਿਸ ਕਾਰਵਾਈ ਨੂੰ ਗਲਤ ਕਰਾਰ ਦਿੰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਡਾਕਟਰ ਪ੍ਰਾਈਵੇਟ ਹਸਪਤਾਲ ਵਿਚ ਪ੍ਰੈਕਟਿਸ ਕਰਦਾ ਹੈ ਤਾਂ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਨਹੀਂ ਕੀਤਾ ਜਾ ਸਕਦਾ।

ਡਾ. ਸਿੱਧੂ ਵੱਲੋਂ ਕੀਤੀਆਂ ਸਰਗਰਮੀਆਂ ਬਾਰੇ ਸ੍ਰੀ ਮਿੱਤਲ ਨੇ ਇੱਥੋਂ ਤੱਕ ਕਿਹਾ ਕਿ ਰਾਜਨੀਤਕ ਵਿਅਕਤੀਆਂ ਨੂੰ 'ਥਾਣੇਦਾਰਾਂ' ਵਾਂਗ ਵਿਵਹਾਰ ਕਰਨਾ ਸ਼ੋਭਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਡਾਕਟਰਾਂ ਖ਼ਿਲਾਫ਼ ਸੇਵਾ ਨਿਯਮਾਂ ਮੁਤਾਬਕ ਹੀ ਕਾਰਵਾਈ ਕੀਤੀ ਜਾ ਸਕਦੀ ਹੈ। ਸ੍ਰੀ ਮਿੱਤਲ ਨੇ ਕਿਹਾ ਕਿ ਡਾਕਟਰਾਂ ਵਿਰੁੱਧ ਅਪਰਾਧਕ ਮਾਮਲੇ ਦਰਜ ਨਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਹੀ ਫੌਜਦਾਰੀ ਕੇਸ ਦਰਜ ਹੋ ਸਕਦਾ ਹੈ।

ਮੰਤਰੀ ਨੇ ਕਿਹਾ ਕਿ ਬਿਨਾਂ ਸ਼ੱਕ ਮੁੱਖ ਸੰਸਦੀ ਸਕੱਤਰ ਦੀਆਂ ਕਾਰਵਾਈਆਂ ਵਿਭਾਗ ਦੇ ਡਾਕਟਰਾਂ ਵਿਚ ਅਸੁਰੱਖਿਆ ਤੇ ਭੈਅ ਦਾ ਮਾਹੌਲ ਪੈਦਾ ਕਰ ਰਹੀਆਂ ਹਨ ਜਿਸ ਦਾ ਅਸਰ ਵਿਭਾਗ ਦੇ ਕੰਮ 'ਤੇ ਦਿਖਾਈ ਦੇਵੇਗਾ। ਉਨ੍ਹਾਂ ਕਿਹਾ ਕਿ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਮੰਤਰੀਆਂ ਦੇ ਸਹਾਇਕ ਵਜੋਂ ਕੀਤੀ ਗਈ ਹੈ। ਇਹ ਕੋਈ ਵਿਧਾਨਕ ਅਹੁਦਾ ਨਹੀਂ। ਮੁੱਖ ਸੰਸਦੀ ਸਕੱਤਰ ਨਾ ਤਾਂ ਵਿਭਾਗ ਦੀ ਕੋਈ ਫਾਈਲ ਦੇਖ ਸਕਦੇ ਹਨ ਤੇ ਨਾ ਹੀ ਕੁਝ ਲਿਖ ਸਕਦੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਰਾਜਨੀਤੀ ਵਿਚ ਦਾਖਲ ਹੋਣ ਤੋਂ ਬਾਅਦ ਕੋਈ ਵੀ ਵਿਅਕਤੀ ਕਿਸੇ 'ਤੇ ਅਹਿਸਾਨ ਨਹੀਂ ਕਰਦਾ, ਉਹ ਆਪਣੀ ਇੱਛਾ ਮੁਤਾਬਕ ਹੀ ਇਸ ਖੇਤਰ ਵਿਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਕੋਈ ਪੇਸ਼ਾ ਨਹੀਂ ਹੈ ਇਹ ਤਾਂ ਲੋਕ ਸੇਵਾ ਹੈ। ਉਨ੍ਹਾਂ ਕਿਹਾ ਕਿ ਹਰ ਖੇਤਰ ਵਿਚ ਕੰਮ ਕਰਦੇ ਬੰਦੇ ਨੇ ਆਪਣੇ ਲਈ ਸਵੈ ਅਨੁਸ਼ਾਸਨ ਬਣਾਉਣਾ ਹੁੰਦਾ ਹੈ ਤੇ ਉਸ ਮੁਤਾਬਕ ਹੀ ਕੰਮ ਕਰਨਾ ਹੁੰਦਾ ਹੈ।

ਉਧਰ, ਡਾ. ਸਿੱਧੂ ਨੇ ਵੀ ਸਿਹਤ ਮੰਤਰੀ ਦੀ ਕਾਰਗੁਜ਼ਾਰੀ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ। ਮਦਨ ਮੋਹਨ ਮਿੱਤਲ ਵੱਲੋਂ ਡਾ. ਸਿੱਧੂ ਨੂੰ ਅਖਤਿਆਰੀ ਖੇਤਰ ਵਿਚ ਰਹਿਣ ਦੀ ਨਸੀਹਤ 'ਤੇ ਉਨ੍ਹਾਂ ਕਿਹਾ ਸੀ ਕਿ ਮੰਤਰੀ ਲਿਖਤੀ ਤੌਰ 'ਤੇ ਦੱਸ ਦੇਣ ਉਨ੍ਹਾਂ ਦੇ ਕੀ ਕੰਮ ਹਨ। ਮੁੱਖ ਸੰਸਦੀ ਸਕੱਤਰ ਨੇ ਦੋਸ਼ ਲਾਇਆ ਸੀ ਕਿ ਜੋ ਕੰਮ ਮੰਤਰੀ ਨਹੀਂ ਕਰ ਰਿਹਾ ਉਹ ਤਾਂ ਉਹ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਦਰਸ਼ਨੀ ਘੋੜਾ ਬਣਿਆ ਰਹਿਣਾ ਪਸੰਦ ਨਹੀਂ ਕਰਦੀ ਤੇ ਡਾਕਟਰੀ ਦਾ ਪੇਸ਼ਾ ਛੱਡ ਕੇ ਵਿਭਾਗ ਦੇ ਸੁਧਾਰ ਲਈ ਆਈ ਹੈ ਤੇ ਇਹ ਮੁਹਿੰਮ ਜਾਰੀ ਰਹੇਗੀ।

ਡਾ. ਸਿੱਧੂ ਨੇ ਆਖਿਆ ਕਿ ਉਹ ਸਰਕਾਰੀ ਡਾਕਟਰਾਂ ਨੂੰ ਡਰਾ ਧਮਕਾ ਨਹੀਂ ਰਹੇ ਸਗੋਂ ਵਿਗੜੀ ਤਾਣੀ ਨੂੰ ਲੀਹ 'ਤੇ ਲਿਆਉਣ ਲਈ ਯਤਨਸ਼ੀਲ ਹਨ। ਬਤੌਰ ਵਿਧਾਇਕ ਉਨ੍ਹਾਂ ਨੂੰ ਇਹ ਹੱਕ ਪ੍ਰਾਪਤ ਹੈ ਕਿ ਉਹ ਸਰਕਾਰੀ ਹਸਪਤਾਲਾਂ ਤੇ ਸਕੂਲਾਂ ਦੀ ਕਾਰਗੁਜ਼ਾਰੀ 'ਤੇ ਅੱਖ ਰੱਖ ਸਕਦੇ ਹਨ।


Radio Chann Pardesi ਰੇਡੀਓ ਚੰਨ ਪ੍ਰਦੇਸੀ

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579



ਪੰਜਾਬੀਆਂ ਦੀ ਪਹਿਲੀ ਪਸੰਦ-ਡੀ ਜੇ ਮਾਵੀ

DJ MAVI

Professional entertainment for all occasions

DJ, M.C, Laser Lights, Large Sound Systems

We also offer

Dhol Players, Bhangra Dancers, and Up-Lighting

Ohio, Indiana, Kentucky, Michigan, West Virginia, Tennessee, Illinois

ਵਿਆਹ-ਸ਼ਾਦੀ, ਵਰ੍ਹੇਗੰਢ, ਜਨਮ ਦਿਨ, ਗ੍ਰੈਜੁਏਸ਼ਨਾਂ, ਸਵੀਟ-16, ਮਹਿੰਦੀ-ਸੰਗੀਤ, ਜਾਗੋ ਤੇ ਹੋਰ ਬਹੁਤ ਕੁਝ...



ਦਲਬੀਰ ਮਾਵੀ

We will make your event memorable for years to come

10 years of experience** Top of the line equipment**

More than 75,000 Songs** Up to 10,000 Watts of Sound**

ਖੁਸ਼ੀ ਦਾ ਮੌਕਾ ਵੱਡਾ ਹੋਵੇ ਜਾਂ ਛੋਟਾ, ਡੀ ਜੇ ਮਾਵੀ ਨੂੰ ਯਾਦ ਰੱਖੋ

ਫੋਨ: 513-885-1679

Deejaymavi@yahoo.com WWW.DJMAVI.NET





Bhangra, Masti with

DJ Soni

ਇੰਡੀਆਨਾ, ਮਿਸ਼ੀਗਨ, ਓਹਾਇਓ, ਇਲੀਨਾਏ, ਕੈਨਟਕੀ

Birthday party, Anniversary, Marriage, Jaago, Graduation, or any celebration.

ਜਨਮ ਦਿਨ ਪਾਰਟੀ, ਵਰ੍ਹੇਗੰਢ, ਵਿਆਹ-ਸ਼ਾਦੀ, ਜਾਗੋ, ਗਰੈਜੂਏਸ਼ਨ ਜਾਂ ਖੁਸ਼ੀ ਦੇ ਕਿਸੇ ਵੀ ਮੌਕੇ ਨੂੰ ਯਾਦਗਾਰੀ ਬਣਾਉਣ ਲਈ ਸੋਨੀ ਡੀ ਜੇ ਨੂੰ ਯਾਦ ਰੱਖੋ



Full Service DJ

We Travel All Over USA

Ph:513-600-4447

e-mail: djsoni718@gmail.com

We Provide Bhangra Group & Dholi Also.



ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan "Always Go with the Winner"

COLDWELL BANKER

44644 Ann Arbor Road Plymouth, MI 48170

Email: KarnGill@Hotmail.com

Website: www.KarnGill.com






28523 Ford Road, Garden City, MI 48135 - e-mail: DICECDJ@GMAIL.COM - www.thedjdice.com





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 3,000 Minutes

$50 • $100 Available

✓ ਵਧੀਆ, ਸਾਫ਼ ਆਵਾਜ਼

✓ ਘਰੋਂ, ਸੈਲ ਫੋਨ ਤੋਂ ਵਰਤੋ

✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ

✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ

ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!

ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

Limited Time Offer. Restrictions & Fees Apply.

800-914-1013 • 408-726-6103

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# 12 ਵਰ੍ਹੀਂ ਆਖ਼ਿਰ ਰੂੜੀ ਦੀ ਵੀ ਸੁਣੀ ਗਈ

ਰੰਗ-ਬੇਰੰਗ

ਪਿਛਲੇ ਲੇਖ ਵਿਚ ਜ਼ਿਕਰ ਆਇਆ ਸੀ ਕਿ ਜਗਤਾਰ ਸਿੰਘ ਸਿੱਧੂ ਅਤੇ ਦਲਜੀਤ ਸਿੰਘ ਸਰਾਂ ਵਿਚਾਲੇ ਸਟਾਫ ਰਿਪੋਰਟਰੀ ਲਈ ਦੌੜ 'ਪੰਜਾਬੀ ਟ੍ਰਿਬਿਊਨ' ਦੇ ਸਟਾਫ ਦਰਮਿਆਨ ਦੂਰੀ ਹੋਰ ਵੀ ਵਧਾਉਣ ਦਾ ਕਾਰਨ ਕਿਵੇਂ ਬਣੀ। ਇਸ ਦੌੜ ਵਿਚ ਬੇਸ਼ਕ ਜਗਤਾਰ ਸਿੱਧੂ ਜੇਤੂ ਰਿਹਾ ਪਰ ਇਸ ਕਸ਼ਮਕਸ਼ ਵਿਚ ਟ੍ਰਿਬਿਊਨ ਦੀ ਮੁਲਾਜ਼ਮ ਯੂਨੀਅਨ ਦਾ ਹੀਜ਼-ਪਿਆਜ਼ ਵੀ ਨੰਗਾ ਹੋ ਗਿਆ

**ਅਮੋਲਕ ਸਿੰਘ ਜੰਮੂ**
ਫੋਨ: 847-359-0746

***ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।***

ਜਿਸ ਨੇ ਨੰਗੇ-ਚਿੱਟੇ ਹੋ ਕੇ ਜਗਤਾਰ ਸਿੱਧੂ ਦਾ ਪੱਖ ਪੂਰਿਆ। ਅਦਾਰੇ ਵਿਚ ਬੇਸਵਾਦੀ ਵਧੀ ਪਰ 'ਟ੍ਰਿਬਿਊਨ ਮੁਲਾਜ਼ਮ ਯੂਨੀਅਨ' ਦੀ ਤਾਕਤ ਦਾ ਡੰਕਾ ਵੱਜ ਗਿਆ ਸੀ। ਸਾਡੀ ਧਿਰ ਦਲਜੀਤ ਸਿੰਘ ਸਰਾਂ ਦੇ ਹੱਕ ਵਿਚ ਸੀ।

ਜਗਤਾਰ ਸਿੰਘ ਸਿੱਧੂ ਬਾਅਦ ਵਿਚ ਆਪ ਵੀ ਮੁਲਾਜ਼ਮ ਯੂਨੀਅਨ ਦਾ ਪ੍ਰਧਾਨ ਰਿਹਾ। ਇਸ ਸਮੇਂ ਦੌਰਾਨ ਯੂਨੀਅਨ, ਅਦਾਰੇ ਦੀ ਮੈਨੇਜਮੈਂਟ ਉਤੇ ਇੰਨੀ ਜ਼ਿਆਦਾ ਭਾਰੂ ਹੋ ਗਈ ਕਿ ਬਹੁਤ ਕੁਝ ਉਲਟਾ-ਪੁਲਟਾ ਹੋ ਗਿਆ। ਮੁਲਾਜ਼ਮਾਂ ਦੇ ਹਿਤਾਂ ਦੀ ਥਾਂ ਪਹਿਲ ਆਗੂਆਂ ਦੀ ਚਤੁਰਾਈ ਨੇ ਲੈ ਲਈ। ਯੂਨੀਅਨ ਆਗੂਆਂ ਨੇ ਹੱਥ ਆਈਆਂ ਤਾਕਤਾਂ ਰੱਜ ਕੇ ਵਰਤੀਆਂ। ਬਾਅਦ ਦੇ ਸਾਲਾਂ ਦੌਰਾਨ ਆਈ ਨਵੀਂ ਮੈਨੇਜਮੈਂਟ ਅਤੇ ਇਸ ਵੱਲੋਂ ਅਖਤਿਆਰ ਕੀਤੀਆਂ ਨਵੀਆਂ ਨੀਤੀਆਂ ਅੱਗੇ ਇਨ੍ਹਾਂ 'ਕਹਿੰਦੇ-ਕਹਾਉਂਦੇ' ਯੂਨੀਅਨ ਆਗੂਆਂ ਦੀ ਇਕ ਨਾ ਚੱਲੀ। ਯੂਨੀਅਨ ਦੀ ਤਾਂ ਪਿੱਠ ਲੱਗੀ ਹੀ, ਆਖਰਕਾਰ ਜਗਤਾਰ ਸਿੰਘ ਸਿੱਧੂ ਕੋਲੋਂ ਸਟਾਫ ਰਿਪੋਰਟਰੀ ਵੀ ਖੋਹ ਲਈ ਗਈ। ਇਸ ਤਰ੍ਹਾਂ ਦੇ ਕਈ ਉਤਰਾਅ-ਚੜ੍ਹਾਅ ਵੇਖਣ ਪਿੱਛੋਂ ਜਗਤਾਰ ਸਿੰਘ ਸਿੱਧੂ ਅੱਜਕੱਲ੍ਹ 'ਪੰਜਾਬੀ ਟ੍ਰਿਬਿਊਨ' ਵਿਚ ਮੈਗਜ਼ੀਨ ਦੇ ਇਕ ਸੈਕਸ਼ਨ ਦਾ ਇੰਚਾਰਜ ਹੈ। ਦਲਜੀਤ ਸਿੰਘ ਸਰਾਂ ਇੰਮੀਗ੍ਰੇਸ਼ਨ 'ਤੇ ਅਮਰੀਕਾ ਆਉਣ ਅਤੇ 'ਪੰਜਾਬੀ ਟ੍ਰਿਬਿਊਨ' ਤੋਂ ਅਸਤੀਫਾ ਦੇਣ ਪਿੱਛੋਂ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦਾ ਸੰਪਾਦਕ ਰਿਹਾ ਹੈ।

1985-86 ਦੇ ਇਸ ਦੌਰ ਵਿਚ ਜਦੋਂ 'ਪੰਜਾਬੀ ਟ੍ਰਿਬਿਊਨ' ਵਿਚ ਇਹ ਕਸ਼ਮਕਸ਼ ਚੱਲ ਰਹੀ ਸੀ ਤਾਂ ਉਸੇ ਸਮੇਂ ਪੰਜਾਬ ਦੇ ਲੋਕ ਭਿਆਨਕ ਹੋਣੀਆਂ ਦਾ ਸਾਹਮਣਾ ਕਰ ਰਹੇ ਸਨ। ਉਸੇ ਦੌਰ ਵਿਚ ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ



ਅਰਵਿੰਦਰ ਕੌਰ

ਖਾੜਕੂਆਂ ਅਤੇ ਨਰਮਦਲੀ ਅਕਾਲੀਆਂ ਵੱਲੋਂ ਆਪੋ-ਆਪਣੇ 'ਸਰਬੱਤ ਖਾਲਸਾ' ਸਮਾਗਮ ਕਰਵਾਏ ਗਏ। ਪੰਜ ਮੈਂਬਰੀ ਕਮੇਟੀਆਂ ਅਤੇ ਭਾਂਤ-ਭਾਂਤ ਦੀਆਂ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਬਣੀਆਂ। ਖਾੜਕੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰੋਂ ਖਾਲਿਸਤਾਨ ਦਾ ਐਲਾਨ ਕੀਤਾ। ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਫਰਵਰੀ 1986 'ਚ ਅਨੰਦਪੁਰ ਸਾਹਿਬ ਵਿਖੇ ਹੋਏ 'ਸਰਬੱਤ ਖਾਲਸਾ' ਸਮਾਗਮ ਦੇ ਗੁਰਮਤੇ ਅਨੁਸਾਰ ਦਰਬਾਰ ਸਾਹਿਬ ਕੰਪਲੈਕਸ ਨੂੰ ਖਾੜਕੂਆਂ ਤੋਂ ਖਾਲੀ ਕਰਵਾਉਣ ਲਈ ਪੁਲਿਸ ਭੇਜੀ ਜਿਸ ਨੂੰ 'ਅਪਰੇਸ਼ਨ ਬਲੈਕ ਥੰਡਰ' ਦਾ ਨਾਂ ਦਿਤਾ ਗਿਆ। ਇਹ ਉਹ ਦੌਰ ਸੀ ਜਦੋਂ ਦਰਬਾਰ ਸਾਹਿਬ ਕੰਪਲੈਕਸ ਹਰ ਤਰ੍ਹਾਂ ਦੇ ਚੋਰ-ਉਚੱਕਿਆਂ ਅਤੇ ਲੁਟੇਰਿਆਂ ਦਾ ਗੜ੍ਹ ਬਣਿਆ ਹੋਇਆ ਸੀ। 'ਬਲੈਕ ਥੰਡਰ' ਦੇ ਵਿਰੋਧ ਦੇ ਪੱਜ ਹੇਠ ਸ. ਪ੍ਰਕਾਸ਼ ਸਿੰਘ ਬਾਦਲ ਨੇ 20-22 ਮੈਂਬਰਾਂ ਨੂੰ ਨਾਲ ਲਾ ਕੇ ਬਰਨਾਲਾ ਸਰਕਾਰ ਨੂੰ ਤੋੜਨ ਦੀ ਚਾਲ ਚੱਲੀ। ਪੁਲਿਸ ਮੁਖੀ ਵਜੋਂ ਜੇ.ਐਫ. ਰਿਬੇਰੋ ਦੀ ਤਾਇਨਾਤੀ ਹੋਈ। ਪ੍ਰੋ. ਦਰਸ਼ਨ ਸਿੰਘ ਅਕਾਲ ਤਖਤ ਦੇ ਜਥੇਦਾਰ ਬਣੇ ਤੇ ਉਨ੍ਹਾਂ ਵੱਖ-ਵੱਖ ਅਕਾਲੀ ਦਲ ਇਕੱਠੇ ਕਰਨ ਲਈ ਹੱਥ ਪੈਰ ਮਾਰੇ। ਕੇਂਦਰ ਸਰਕਾਰ ਨੇ ਹਰਿਆਣੇ ਵਿਚ ਅਸੈਂਬਲੀ ਚੋਣਾਂ ਜਿੱਤਣ ਲਈ ਬਰਨਾਲਾ ਸਰਕਾਰ ਤੋੜ ਕੇ ਪੰਜਾਬ ਦੀ ਸੂਬੇਦਾਰੀ ਸਿਧਾਰਥ ਸ਼ੰਕਰ ਰੇਅ ਦੇ ਹੱਥਾਂ ਵਿਚ ਸੌਂਪ ਦਿੱਤੀ।

ਬਰਨਾਲਾ ਸਰਕਾਰ ਵਿਰੁਧ ਬਗਾਵਤ ਤੋਂ ਤੁਰੰਤ ਬਾਅਦ ਸ.ਬਾਦਲ ਨਾਲ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਗੁਲਜ਼ਾਰ ਸਿੰਘ ਸੰਧੂ ਨੇ ਅਖਬਾਰ ਲਈ ਇੰਟਰਵਿਊ ਕੀਤੀ। ਬਾਦਲ ਦਾ ਹਰ ਜਵਾਬ ਰਾਜਨੀਤੀ ਵਿਚ ਦੋਹਰੇ ਮਾਪਦੰਡਾਂ ਦਾ ਨੰਗਾ ਚਿੱਟਾ ਪ੍ਰਮਾਣ ਸੀ। ਇਸ ਬਾਰੇ ਬੜਾ ਕੁਝ ਲਿਖਿਆ ਜਾ ਸਕਦਾ ਹੈ ਪਰ ਇਹ ਮੇਰੀ ਇਸ ਲੇਖ ਲੜੀ ਦੇ ਵਿਸ਼ੇ ਤੋਂ ਬਾਹਰ ਦੀ ਗੱਲ ਹੋਵੇਗੀ।

ਇਸ ਅਰਸੇ ਦੌਰਾਨ ਮੈਂ ਟ੍ਰਿਬਿਊਨ ਦੀ ਨੌਕਰੀ ਕਰਦਿਆਂ ਹੀ ਪਹਿਲਾਂ ਐਮ ਫਿਲ ਅਤੇ ਫਿਰ ਲਾਅ ਡਿਗਰੀ ਕਰ ਚੁਕਾ ਸਾਂ। ਟਰਾਂਸਲੇਸ਼ਨ ਦਾ ਡਿਪਲੋਮਾ ਜੇਬ ਵਿਚ ਪਾਉਣ ਉਪਰੰਤ ਪੰਜਾਬ ਯੂਨੀਵਰਸਿਟੀ ਤੋਂ ਮਾਸ ਕਮਿਊਨੀਕੇਸ਼ਨ ਦੀ ਬੈਚੁਲਰ ਡਿਗਰੀ ਵੀ ਲੈ ਚੁਕਾ ਸਾਂ। ਪੜ੍ਹਾਈ ਦਾ ਇਹ ਸਿਲਸਿਲਾ ਪਰੂਫ ਰੀਡਰੀ ਦੀ ਬੋਰੀਅਤ ਤੋਂ ਬਚਣ ਦਾ ਇਕ ਬਹਾਨਾ ਸੀ। ਕਈ ਵਾਰ ਨਿਊਜ਼ ਰੂਮ ਵਿਚ ਸਟਾਫ ਦੀ ਕਮੀ ਹੋਣੀ ਤਾਂ ਮੈਨੂੰ ਮਦਦ ਲਈ ਬੁਲਾ ਲਿਆ ਜਾਂਦਾ ਪਰ ਮੇਰੇ ਵਿਰੋਧੀਆਂ ਨੂੰ ਇਹ ਗੱਲ ਬਿਲਕੁਲ ਨਾ ਪਚਦੀ ਅਤੇ ਉਹ ਯੂਨੀਅਨ ਰਾਹੀਂ ਐਡੀਟਰ ਤਕ ਦਬਾਅ ਪਾਉਂਦੇ।

ਸਾਲ 1987 ਵਿਚ 'ਪੰਜਾਬੀ ਟ੍ਰਿਬਿਊਨ' ਲਈ ਸਬ ਐਡੀਟਰ ਦੀ ਪੋਸਟ ਨਿਕਲੀ। ਲੰਮੀ ਉਡੀਕ ਪਿਛੋਂ ਕਿਸਮਤ ਅਜ਼ਮਾਈ ਦਾ ਮੇਰੇ ਲਈ ਇਕ ਹੋਰ ਮੌਕਾ ਸੀ ਪਰ ਇਸ ਵਾਰ ਮੇਰਾ ਸਿੱਧਾ ਮੁਕਾਬਲਾ ਆਪਣੇ ਸਾਥੀ ਪਰੂਫ ਰੀਡਰ ਅਤੇ 'ਟ੍ਰਿਬਿਊਨ ਮੁਲਾਜ਼ਮ ਯੂਨੀਅਨ' ਦੇ 'ਬੱਬਰ ਸ਼ੇਰ' ਸੁਰਿੰਦਰ ਸਿੰਘ ਨਾਲ ਸੀ। ਸੁਰਿੰਦਰ ਦੇ ਪੱਖ 'ਚ ਯੂਨੀਅਨ ਸੀ, ਜਗਤਾਰ ਤੇ ਦਲਬੀਰ ਵੀ ਸਨ ਅਤੇ ਸਥਿਤੀ ਦਾ ਵਿਅੰਗ ਇਹ ਸੀ ਕਿ ਹਰਭਜਨ ਹਲਵਾਰਵੀ ਵਰਗਾ 'ਅਸੂਲਪ੍ਰਸਤ' ਆਦਮੀ ਵੀ ਉਸੇ ਪਾਸੇ ਖੜ੍ਹ ਗਿਆ ਸੀ। ਮੇਰੇ ਹੱਕ ਵਿਚ ਭਾਅ ਜੀ ਕਰਮਜੀਤ ਸਿੰਘ ਅਤੇ ਦਲਜੀਤ ਸਰਾਂ ਸਨ ਪਰ ਮੁਹਿੰਮ ਦਾ ਜ਼ਿਆਦਾ ਦਾਰੋਮਦਾਰ ਇਸ ਵਾਰ ਵੀ ਗੁਰਦਿਆਲ ਬੱਲ ਉਪਰ ਹੀ ਸੀ।

ਜਨਰਲ ਮੈਨੇਜਰ ਐਸ. ਡੀ. ਭਾਂਬਰੀ ਉਪਰ ਟ੍ਰਿਬਿਊਨ ਮੁਲਾਜ਼ਮ ਯੂਨੀਅਨ ਨੇ ਇਕ ਤਰ੍ਹਾਂ ਕਾਠੀ ਹੀ ਪਾਈ ਹੋਈ ਸੀ। ਸੁਣਿਆ ਸੀ ਕਿ ਉਂਜ ਭਾਂਬਰੀ ਸਾਹਿਬ ਬੜੇ ਨੇਕ ਦਿਲ ਇਨਸਾਨ ਹਨ। ਉਨ੍ਹਾਂ ਦੇ ਆਫਿਸ ਦੇ ਕਮਰੇ ਵਿਚ ਕਿਤਾਬਾਂ ਦੇ ਕਈ ਰੈਕ ਪਏ ਸਨ ਜਿਨ੍ਹਾਂ ਵਿਚ ਪਲੈਟੋ, ਅਰਸਤੂ, ਰੂਸੋ ਤੋਂ ਲੈ ਕੇ ਸਵਾਮੀ ਵਿਵੇਕਾਨੰਦ ਅਤੇ ਅਰਵਿੰਦੋ ਵਰਗੇ ਚਿੰਤਕਾਂ ਦੀਆਂ ਕਿਤਾਬਾਂ ਚਿਣੀਆਂ ਹੋਈਆਂ ਸਨ। ਬੱਲ ਨੂੰ ਲੱਗਦਾ ਸੀ ਕਿ ਭਾਂਬਰੀ ਵਰਗੇ ਨੇਕ ਆਦਮੀ ਨੂੰ ਇਹ ਗੱਲ ਜਚਾਈ ਜਾ ਸਕਦੀ ਹੈ ਕਿ ਸੁਰਿੰਦਰ ਦੇ ਮੁਕਾਬਲੇ ਅਮੋਲਕ ਦਾ ਇਸ ਪੋਸਟ ਉਤੇ ਹੱਕ ਕਿਤੇ ਵੱਧ ਬਣਦਾ ਹੈ। ਇਹ ਹਿੰਮਤ ਉਸ ਨੇ ਕਰ ਹੀ ਲਈ ਤੇ ਜਨਰਲ ਮੈਨੇਜਰ ਨਾਲ ਮੁਲਾਕਾਤ ਦਾ ਸਮਾਂ ਲੈ ਲਿਆ। ਮੁਲਾਕਾਤ 'ਚ ਦੁਨੀਆਂ ਜਹਾਨ ਦੀਆਂ ਗੱਲਾਂ ਹੋਈਆਂ। ਜਨਰਲ ਮੈਨੇਜਰ ਉਸ ਦੀਆਂ ਗੱਲਾਂ ਤੋਂ ਪ੍ਰਭਾਵਿਤ ਵੀ ਹੋਇਆ। ਜਨਰਲ ਮੈਨੇਜਰ ਨੇ ਪਰ ਹਮਾਇਤ ਦਾ ਕੋਈ ਹੁੰਗਾਰਾ ਨਾ ਭਰਿਆ।

ਜਨਰਲ ਮੈਨੇਜਰ ਨਾਲ ਇਸ ਮੁਲਾਕਾਤ ਤੋਂ ਬਾਅਦ ਘਰ ਆ ਕੇ ਹੀ ਬੱਲ ਬਾਬੇ ਨੇ ਮੈਨੂੰ ਚਾਹ ਪੀਂਦਿਆਂ ਆਪਣੇ ਮਨਭਾਉਂਦੇ ਨਾਵਲਕਾਰ ਫਰਾਂਜ਼ ਕਾਫਕਾ ਦੇ ਨਾਵਲ 'ਦਾ ਟਰਾਇਲ' ਦੇ ਨਾਇਕ ਮਿਸਟਰ ਕੇ. ਦੀ ਤ੍ਰਾਸਦੀ ਦੀ ਕਹਾਣੀ ਸੁਣਾਈ। ਇਹ ਕਹਾਣੀ ਬੱਲ ਦੇ ਸੰਪਰਕ ਵਿਚ ਆਉਣ ਵਾਲੇ ਸ਼ਾਇਦ ਹਰ ਸ਼ਖਸ ਨੂੰ ਯਾਦ ਹੋਵੇ ਕਿਉਂਕਿ ਮੈਨੂੰ ਪਤਾ ਹੈ ਕਿ ਇਹ ਕਥਾ ਉਸ ਨੇ ਹਰ ਕਿਸੇ ਨੂੰ ਅਤੇ ਵਾਰ ਵਾਰ ਸੁਣਾਈ ਹੋਈ ਹੈ। ਮੇਰਾ ਖਿਆਲ ਹੈ ਕਿ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਵੀ ਉਹ ਡਰਾਉਣੀ ਅਤੇ ਭੇਤ ਭਰੀ



ਬਲਬੀਰ ਸਿੰਘ ਜੰਡੂ

ਕਥਾ ਸਾਂਝੀ ਕਰ ਹੀ ਲਈ ਜਾਣੀ ਚਾਹੀਦੀ ਹੈ।

ਨਾਵਲ ਦੀ ਕਹਾਣੀ ਇਕ ਦਿਨ ਸਵੇਰੇ ਅਚਾਨਕ ਬਿਨਾ ਕਿਸੇ ਦੋਸ਼ ਤੋਂ ਨਾਵਲ ਦੇ ਨਾਇਕ ਮਿਸਟਰ ਕੇ. ਦੀ ਗ੍ਰਿਫਤਾਰੀ ਨਾਲ ਸ਼ੁਰੂ ਹੁੰਦੀ ਹੈ। ਨਾਇਕ ਦੀ ਮਾਂ ਉਸ ਦੇ ਬਾਰਸੂਖ ਚਾਚੇ ਨੂੰ ਅਚਾਨਕ ਆ ਪਈ ਇਸ ਬਿਪਤਾ ਦੀ ਸੂਚਨਾ ਭੇਜ ਦਿੰਦੀ ਹੈ। ਸ਼ਹਿਰ ਵਿਚ ਹੀ ਵੱਡੇ ਵਕੀਲ ਅਤੇ ਹੋਰ ਕਈ ਮੋਹਤਬਰ ਸੱਜਣ ਚਾਚੇ ਦੇ ਯਾਰ-ਦੋਸਤ ਰਹੇ ਹੋਏ ਹਨ। ਸੂਚਨਾ ਮਿਲਦਿਆਂ ਹੀ ਉਹ ਕੇ. ਦੀ ਬੰਦਖਲਾਸੀ ਲਈ ਭੱਜ-ਦੌੜ ਸ਼ੁਰੂ ਕਰ ਦਿੰਦਾ ਹੈ, ਪਰ ਕੇਸ ਹੈ ਕਿ ਦਿਨੋ-ਦਿਨ ਉਲਝਦਾ ਹੀ ਜਾਂਦਾ ਹੈ। ਕਹਾਣੀ ਵਿਚ ਸਭ ਤੋਂ ਦਿਲਚਸਪ ਮੋੜ ਉਸ ਸਮੇਂ ਆਉਂਦਾ ਹੈ ਜਦੋਂ ਇਕ ਦਿਨ ਨਾਇਕ ਦੇ ਸਬਰ ਦੀ ਅਖੀਰ ਹੋ ਜਾਂਦੀ ਹੈ। ਉਹ ਗੁੱਸੇ ਭਰੀ ਝੁੰਜਲਾਹਟ ਵਿਚ ਮੈਜਿਸਟਰੇਟ ਦੀ ਚੇਅਰ ਅੱਗੇ ਖੜ੍ਹਾ ਹੋ ਕੇ ਹਾਜ਼ਰ ਜਿਊਰੀ ਅਤੇ ਹੋਰ ਦਰਸ਼ਕਾਂ ਨੂੰ ਉਚੀ-ਉਚੀ ਆਪਣੇ ਨਾਲ ਹੋਈ ਵਧੀਕੀ ਬਾਰੇ ਦੱਸਣਾ ਸ਼ੁਰੂ ਕਰ ਦਿੰਦਾ ਹੈ। ਉਸ ਦੇ ਹਰ ਨੁਕਤੇ 'ਤੇ ਤਾੜੀਆਂ ਦੀ ਗੜਗੜਾਹਟ ਪੈਂਦੀ ਹੈ। ਨਾਇਕ ਹੋਰ ਵਧੇਰੇ ਉਚੀ ਸੁਰ ਵਿਚ ਉਤਸ਼ਾਹਤ ਹੋ ਕੇ ਬੋਲੀ ਜਾਂਦਾ ਹੈ। ਇਸ ਮੁਕਾਮ 'ਤੇ ਅਚਾਨਕ ਨਾਇਕ ਨੂੰ ਪਤਾ ਲੱਗਦਾ ਹੈ ਕਿ ਉਹ ਦਰਸ਼ਕ ਤਾਂ ਸਾਰੇ ਰਾਈਟ ਅਤੇ ਲੈਫਟ ਸਾਰਜੈਂਟ ਹਨ। ਉਨ੍ਹਾਂ ਦੇ ਡੌਲਿਆਂ 'ਤੇ ਲਾਲ ਅਤੇ ਕਾਲੀਆਂ ਫੀਤੀਆਂ ਲੱਗੀਆਂ ਹੋਈਆਂ ਹਨ। ਤਾੜੀਆਂ ਨਾਇਕ ਨੂੰ ਚੰਗੀ ਤਰ੍ਹਾਂ ਫੰਧੇ ਵਿਚ ਫਸਾ ਲੈਣ ਲਈ ਬੱਸ ਜੁਗਤ ਵਜੋਂ ਹੀ ਮਾਰੀਆਂ ਜਾ ਰਹੀਆਂ ਹਨ। ਕਿਸੇ ਵੀ ਕਿਸਮੇ ਦੇ ਮਾਨਵੀ ਜਜ਼ਬੇ ਤੋਂ ਸੱਖਣਾ ਮੈਜਿਸਟਰੇਟ ਬੜੇ ਸ਼ਾਂਤ ਅੰਦਾਜ਼ ਵਿਚ ਮਿਸਟਰ ਕੇ. ਨੂੰ ਦੱਸਦਾ ਹੈ ਕਿ ਚੰਗਾ ਹੋਇਆ ਉਸ ਨੇ ਆਪਣਾ ਸਾਰਾ ਹੀਜ਼-ਪਿਆਜ਼ ਖੁਦ ਹੀ ਨੰਗਾ ਕਰ ਲਿਆ ਹੈ; ਯਾਨਿ ਉਸ ਨੇ ਆਪਣੇ ਪੈਰੀਂ ਆਪ ਹੀ ਕੁਹਾੜੀ ਮਾਰ ਲਈ ਹੈ।

ਇਹ ਨਾਵਲ ਬਾਬਾ ਬੱਲ ਦੇ ਜ਼ੋਰ ਦੇਣ 'ਤੇ ਮੈਂ ਇਕ ਤੋਂ ਵੱਧ ਵਾਰ ਪੜ੍ਹਿਆ ਸੀ। ਸ਼ਾਇਦ ਮਿਸਟਰ ਕੇ. ਦਾ ਕਿਰਦਾਰ ਸਾਡੇ ਸਮਿਆਂ ਵਿਚ ਕਿਸੇ ਵੀ ਬੇਵਸ ਇਨਸਾਨ ਦੀ ਹੋਣੀ ਦਾ ਪ੍ਰਤੀਕ ਸੀ। ਕਾਫਕਾ ਨੇ ਇਹ ਨਾਵਲ 25 ਵਰ੍ਹਿਆਂ ਦੀ ਉਮਰ ਵਿਚ ਸਾਲ 1915-16 'ਚ ਪੂਰਾ ਕੀਤਾ ਸੀ। ਉਸ ਸਮੇਂ ਨਾ ਰੂਸੀ ਇਨਕਲਾਬ ਹੋਇਆ ਸੀ ਅਤੇ ਨਾ ਦੁਨੀਆਂ ਨੇ ਅਜੇ ਹਿਟਲਰ ਦੇ ਨਾਜੀ ਇਨਕਲਾਬ ਦੀਆਂ ਕਰਤੂਤਾਂ ਹੀ ਦੇਖੀਆਂ ਸਨ ਪਰ ਕਾਫਕਾ ਨੇ ਇਹ ਕਥਾ ਉਦੋਂ ਹੀ ਲਿਖ ਕੇ ਸਟਾਲਿਨੀ ਅਤੇ ਹਿਟਲਰੀ ਸ਼ਕਤੀਆਂ ਦੇ ਦੌਰ ਵਿਚ ਆਦਮੀ ਨਾਲ ਵਾਪਰਨ ਵਾਲੇ ਭਾਣਿਆਂ ਦੀ ਪੇਸ਼ੀਨਗੋਈ ਕਰ ਦਿੱਤੀ ਸੀ।

ਨਾਵਲ ਦੀ ਕਹਾਣੀ ਮੈਂ ਇਸ ਲਈ ਸੁਣਾ ਰਿਹਾ ਹਾਂ ਕਿ ਬੱਲ ਨੂੰ ਉਸ ਦਿਨ ਜਨਰਲ ਮੈਨੇਜਰ ਅੱਗੇ ਮੇਰੇ ਹੱਕ ਲਈ ਲਾਈ ਗੁਹਾਰ ਤੇ ਉਸ ਦਾ ਪ੍ਰਤੀਕਰਮ ਮਿਸਟਰ ਕੇ. ਵਿਰੁਧ ਮੁਕੱਦਮੇ ਦੀ ਸੁਣਵਾਈ ਕਰ ਰਹੇ ਮੈਜਿਸਟਰੇਟ ਵਰਗਾ ਹੀ ਲੱਗਿਆ ਸੀ। (ਦਿਲਚਸਪ ਗੱਲ ਇਹ ਹੈ ਕਿ ਕਈ ਸਾਲ ਮਗਰੋਂ ਯੂਨੀਅਨ ਦੀ ਤਾਕਤ ਜਦੋਂ ਦਲਜੀਤ ਸਰਾਂ ਦੇ ਹੱਥ ਆਈ ਤਾਂ ਭਾਂਬਰੀ ਸਾਹਿਬ ਨੇ ਉਸ ਨੂੰ ਉਚੇਚੇ ਤੌਰ 'ਤੇ ਪੁੱਛਿਆ ਸੀ ਕਿ ਉਨ੍ਹਾਂ ਦਾ ਉਹ ਸਾਥੀ (ਬੱਲ) ਅੱਜਕਲ ਕਿਥੇ ਹੈ? ਬੱਲ ਉਦੋਂ ਤੱਕ 'ਪੰਜਾਬੀ ਟ੍ਰਿਬਿਊਨ' ਛੱਡ ਕੇ ਪੰਜਾਬੀ ਯੂਨੀਵਰਸਿਟੀ, ਪਟਿਆਲੇ ਜਾ ਚੁੱਕਾ ਸੀ। ਲੱਗਦਾ ਹੈ, ਬੱਲ ਦੀ ਉਹ ਮੁਲਾਕਾਤ ਜਨਰਲ ਮੈਨੇਜਰ ਦੇ ਅੰਤਹਿਕਰਨ ਦੇ ਕਿਸੇ ਖੂੰਜੇ ਵਿਚ ਜ਼ਰੂਰ ਜਾ ਟਿਕੀ ਹੋਵੇਗੀ।)

ਭਾਂਬਰੀ ਸਾਹਿਬ ਨਾਲ ਮੁਲਾਕਾਤ ਪਿਛੋਂ ਬੱਲ ਹੌਂਸਲਾ ਹਾਰ ਗਿਆ ਪਰ ਮੈਂ ਪੂਰੇ ਆਤਮ ਵਿਸ਼ਵਾਸ ਨਾਲ ਸੁਰਿੰਦਰ ਦਾ ਟਾਕਰਾ ਕੀਤਾ। ਸਵੇਰੇ ਟੈਸਟ ਹੋਇਆ ਤਾਂ ਦਲਬੀਰ ਸਿੰਘ ਅਤੇ ਹਰਭਜਨ ਹਲਵਾਰਵੀ ਜੋ ਉਨ੍ਹੀਂ ਦਿਨੀਂ ਅਸਿਸਟੈਂਟ ਐਡੀਟਰ ਸਨ, ਨੇ ਇਕ ਤਰ੍ਹਾਂ ਕੋਲ ਖੜ੍ਹੇ ਹੋ ਕੇ ਸੁਰਿੰਦਰ ਸਿੰਘ ਨੂੰ ਇਹ ਟੈਸਟ ਹੱਲ ਕਰਵਾਇਆ। ਮੇਰੇ ਲਈ ਬੇਇਨਸਾਫੀ ਦੀ ਇਹ ਹੱਦ ਸੀ, ਪਰ ਬੇਵਸ ਸਾਂ।

ਟੈਸਟ ਤੋਂ ਬਾਅਦ ਅਚਾਨਕ ਸੰਪਾਦਕ ਸੰਧੂ ਸਾਹਿਬ ਮੈਨੂੰ ਦਫਤਰ ਦੇ ਗੇਟ ਦੇ ਬਾਹਰ ਮਿਲ ਪਏ। ਕਹਿਣ ਲੱਗੇ, 'ਤੇਰਾ ਟੈਸਟ ਬਹੁਤ ਵਧੀਆ ਸੀ ਬਈ।' ਸ਼ਾਮ ਨੂੰ ਜਦੋਂ ਟਰੱਸਟੀਆਂ ਸਾਹਮਣੇ ਇੰਟਰਵਿਊ ਹੋਈ ਤਾਂ ਯੂਨੀਅਨ ਦੇ ਦਬਾਅ ਹੇਠ ਜਨਰਲ ਮੈਨੇਜਰ ਭਾਂਬਰੀ ਮੇਰੇ ਖਿਲਾਫ਼ ਇਸ਼ਤਿਹਾਰ ਅਨੁਵਾਦਕ ਹੁੰਦੇ ਸਮੇਂ ਦੀ ਤਕਨੀਕੀ ਗਲਤੀ ਕੱਢ ਕੇ ਬੈਠ ਗਏ। ਇਹ ਵੀ ਕਿਹਾ ਗਿਆ ਕਿ ਅਮੋਲਕ ਖਾਲਿਸਤਾਨੀ ਹੈ ਅਤੇ ਉਸ ਦੇ ਖਾੜਕੂਆਂ ਨਾਲ ਸਬੰਧ ਹਨ। ਸੰਪਾਦਕ ਸੰਧੂ ਸਾਹਿਬ ਮੇਰੇ ਹੱਕ ਵਿਚ ਬੋਲੇ ਤਾਂ ਜ਼ਰੂਰ ਪਰ ਫੈਸਲਾ ਸੁਰਿੰਦਰ ਸਿੰਘ ਦੇ ਹੱਕ ਵਿਚ ਹੋਇਆ। ਇਸ ਤਰ੍ਹਾਂ ਯੂਨੀਅਨ ਨੇ ਪਰੂਫ ਰੀਡਰਾਂ ਵਾਲੇ ਪਿੰਜਰੇ ਵਿਚੋਂ ਬਾਹਰ ਨਿਕਲਣ ਦੀ ਮੇਰੀ ਹਸਰਤ ਉਤੇ ਇਕ ਵਾਰ ਮੁੜ ਪਾਣੀ ਫੇਰ ਦਿੱਤਾ।

ਸੰਪਾਦਕ ਸੰਧੂ ਸਾਹਿਬ ਟ੍ਰਿਬਿਊਨ 'ਚ ਤਿੰਨ ਸਾਲ ਪੂਰੇ ਕਰਨ ਪਿਛੋਂ ਜਾ ਚੁਕੇ ਸਨ ਅਤੇ ਹਰਭਜਨ ਹਲਵਾਰਵੀ ਸੰਪਾਦਕ ਬਣ ਚੁਕਾ ਸੀ। ਮੈਨੂੰ ਆਸ ਜਾਗੀ ਕਿ ਸ਼ਾਇਦ ਹਲਵਾਰਵੀ ਜਮਾਤੀ ਹੋਣ ਕਰਕੇ ਜਾਂ ਆਪਣੀ ਖੱਬੇਪੱਖੀ ਸੋਚ ਕਰਕੇ ਮੇਰੇ ਹੱਕ 'ਚ ਖੜ੍ਹੇਗਾ। ਉਂਜ ਯੂਨੀਅਨ ਦਾ ਦਬਦਬਾ ਪਹਿਲਾਂ ਨਾਲੋਂ ਵੀ ਵੱਧ ਚੁਕਾ ਸੀ ਅਤੇ ਇਹ ਮੇਰੇ ਪੂਰੀ ਤਰ੍ਹਾਂ ਖਿਲਾਫ਼ ਸੀ ਕਿਉਂਕਿ ਮੈਂ ਇਕ ਨਵੀਂ ਬਣੀ ਮੁਲਾਜ਼ਮ ਯੂਨੀਅਨ ਨੂੰ ਖੜਾ ਕਰਨ ਅਤੇ ਦਲਜੀਤ ਸਿੰਘ ਸਰਾਂ ਨੂੰ ਇਸ ਦਾ ਪ੍ਰਧਾਨ ਬਣਾਉਣ ਵਿਚ ਮੋਹਰੀ ਭੂਮਿਕਾ ਨਿਭਾਈ ਸੀ।

1988 ਵਿਚ ਸਬ ਐਡੀਟਰਾਂ ਦੀਆਂ ਇਕੱਠੀਆਂ ਦੋ ਪੋਸਟਾਂ ਨਿਕਲ ਆਈਆਂ। ਇਸ ਵਾਰ ਮੈਨੂੰ ਪੱਕੀ ਆਸ ਸੀ। ਬੱਲ ਨੇ ਬੜੇ ਜ਼ੋਰ ਨਾਲ ਮੈਨੂੰ ਕਿਹਾ ਕਿ ਮੈਂ ਸ਼ਾਮ ਸਿੰਘ ਦੀ ਸ਼ਰਨ ਵਿਚ ਚਲਾ ਜਾਵਾਂ ਤੇ ਉਸ ਨੂੰ ਮੱਦਦ ਲਈ ਆਖਾਂ। ਸ਼ਾਮ ਸਿੰਘ ਬਾਰੇ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਕਿਵੇਂ ਪਹਿਲੀ ਲਿਫਟ ਮਿਲ ਜਾਣ 'ਤੇ ਹੀ ਉਹ ਅਦਾਰੇ ਵਿਚ ਕਿੰਗ ਮੇਕਰ ਤੇ ਯੂਨੀਅਨ ਦਾ ਸਲਾਹਕਾਰ ਬਣ ਗਿਆ ਸੀ। ਵਾਰ ਵਾਰ ਵਿਚਾਰਨ ਪਿਛੋਂ ਵੀ ਮੈਂ ਹਿੰਮਤ ਨਾ ਕਰ ਸਕਿਆ ਪਰ ਇੰਟਰਵਿਊ ਤੋਂ ਸਿਰਫ ਇਕ ਦਿਨ ਪਹਿਲਾਂ ਮੈਂ ਅਖੀਰ ਮਨ ਮਾਰ ਕੇ ਸ਼ਾਮ ਸਿੰਘ ਨੂੰ ਮਿਲਿਆ। 'ਪੰਜਾਬੀ ਟ੍ਰਿਬਿਊਨ' ਵਿਚ ਆਉਣ ਦੇ ਸ਼ੁਰੂਆਤੀ ਦਿਨਾਂ 'ਚ ਮੈਂ ਤੇ ਸ਼ਾਮ ਸਿੰਘ 32 ਸੈਕਟਰ ਵਿਚ ਕੁਝ ਸਮਾਂ ਇਕੱਠੇ ਰਹੇ ਸਾਂ। ਉਸ ਨੇ ਮੇਰੀ ਗੱਲ ਸੁਣੀ ਪਰ ਜਵਾਬ ਸੀ, 'ਅਮੋਲਕ, ਤੂੰ ਬੜੀ ਦੇਰ ਕਰ ਦਿੱਤੀ। ਜੇ ਕੁਝ ਦਿਨ ਪਹਿਲਾਂ ਆਇਆ ਹੁੰਦਾ, ਆਪਾਂ ਗੱਲ ਬਣਾ ਲੈਣੀ ਸੀ, ਹੁਣ ਅਗਲੀ ਵਾਰ ਸਹੀ।'

ਮੇਰੇ ਮੁਕਾਬਲੇ 'ਤੇ 'ਨਵਾਂ ਜ਼ਮਾਨਾ' ਤੋਂ ਬਲਬੀਰ ਜੰਡੂ ਅਤੇ ਜਰਨਲਿਜ਼ਮ ਦੀ ਨਵੀਂ-ਨਵੀਂ ਡਿਗਰੀ ਕਰਕੇ ਆਈ ਅਰਵਿੰਦਰ ਕੌਰ ਉਮੀਦਵਾਰ ਸਨ। ਲਿਖਤੀ ਟੈਸਟ ਮੇਰੇ ਸਾਹਮਣੇ ਫਿਰ ਅਸਿਸਟੈਂਟ ਐਡੀਟਰ ਦਲਬੀਰ ਨੇ ਬਲਬੀਰ ਜੰਡੂ ਨੂੰ ਕੋਲ ਖਲੋ ਕੇ ਹੱਲ ਕਰਵਾਇਆ। ਇੰਟਰਵਿਊ ਸਮੇਂ ਮੁਲਾਜ਼ਮ ਯੂਨੀਅਨ ਨੂੰ ਖੁਸ਼ ਕਰਨ ਲਈ ਹਰਭਜਨ ਹਲਵਾਰਵੀ ਨੇ ਇਕ ਵਾਰ ਫਿਰ ਪੁੱਜ ਕੇ ਮੇਰਾ ਵਿਰੋਧ ਕੀਤਾ। ਇਹ ਸਾਰੀਆਂ ਧਿਰਾਂ ਬਲਬੀਰ ਜੰਡੂ ਤੇ ਅਰਵਿੰਦਰ ਕੌਰ ਦੇ ਹੱਕ ਵਿਚ ਭੁਗਤੀਆਂ। ਜਗਤਾਰ ਸਿੱਧੂ ਅਤੇ ਉਸ ਦੀ ਯੂਨੀਅਨ ਕਿਸੇ ਵੀ ਕੀਮਤ 'ਤੇ ਮੈਨੂੰ ਰਾਹਤ ਦੇਣ ਲਈ ਤਿਆਰ ਨਹੀਂ ਸਨ। ਅਰਵਿੰਦਰ ਕੌਰ ਦੀ ਕਿਸਮਤ ਦੀ ਪੁੜੀ ਕਿੰਜ ਖੁੱਲ੍ਹੀ, ਮੈਨੂੰ ਪਤਾ ਨਹੀਂ। ਇੰਨੀ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਅਰਵਿੰਦਰ ਦੇ ਚੁਣੇ ਜਾਣ 'ਤੇ ਮੈਨੂੰ ਕਦੇ ਦੁਖ ਨਾ ਹੋਇਆ। ਉਂਜ ਵੀ 'ਪੰਜਾਬੀ ਟ੍ਰਿਬਿਊਨ' ਡੈਸਕ ਉਪਰ ਲੜਕੀਆਂ ਦੀ ਘਾਟ ਖਟਕਦੀ ਸੀ; ਸ਼ਾਇਦ ਇਹ ਗੱਲ ਵੀ ਅਰਵਿੰਦਰ ਦੇ ਹੱਕ ਵਿਚ ਗਈ।

ਪਰੂਫ ਰੀਡਿੰਗ ਸੈਕਸ਼ਨ ਵਿਚ ਪ੍ਰੇਮ ਗੋਰਖੀ ਨਾਲ ਮੇਰਾ ਟਕਰਾਓ ਉਸੇ ਤਰ੍ਹਾਂ ਜਾਰੀ ਸੀ। ਇਕ ਦਿਨ ਉਸ ਨੇ ਕਿਸੇ ਛੋਟੀ ਜਿਹੀ ਗੱਲ ਤੋਂ ਮੈਨੂੰ ਕੁਝ ਜ਼ਿਆਦਾ ਹੀ ਜਲੀਲ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਪੂਰੇ ਹਰਖ ਨਾਲ ਸੰਪਾਦਕ ਹਰਭਜਨ ਹਲਵਾਰਵੀ ਕੋਲ ਚਲਾ ਗਿਆ ਤੇ ਕਿਹਾ, "ਜੇ ਤੁਸੀਂ ਮੈਨੂੰ ਇਸ ਸ਼ਖਸ ਤੋਂ ਇਸੇ ਤਰ੍ਹਾਂ ਜਲੀਲ ਕਰਾਉਣਾ ਹੈ ਤਾਂ ਮੈਂ ਨੌਕਰੀ ਛੱਡ ਕੇ ਕਿਧਰੇ ਹੋਰ ਚਲਾ ਜਾਂਦਾ ਹਾਂ।" ਹਲਵਾਰਵੀ ਨੂੰ ਸ਼ਾਇਦ ਉਸ ਦਿਨ ਮੇਰਾ ਦੁੱਖ ਦਿਲੋਂ ਮਹਿਸੂਸ ਹੋਇਆ। ਉਸ ਪਿਆਰ ਨਾਲ ਬਿਠਾ ਕੇ ਚਾਹ ਪਿਆਈ ਅਤੇ ਫਿਰ ਆਪ ਹੀ ਮੰਨਿਆ ਕਿ ਉਸ ਕੋਲੋਂ ਪਿਛਲੀ ਵਾਰ ਗਲਤੀ ਹੋਈ ਸੀ ਪਰ ਅਗਲੀ ਵਾਰ ਮੇਰਾ ਹੱਕ ਮੈਨੂੰ ਮਿਲ ਕੇ ਰਹੇਗਾ।



ਸ਼ਾਮ ਸਿੰਘ (ਅੰਗ-ਸੰਗ)

ਅਖੀਰ 1990 ਵਿਚ ਮੁੜ ਸਬ ਐਡੀਟਰ ਦੀ ਪੋਸਟ ਨਿਕਲੀ। ਉਦੋਂ ਤਕ ਅੰਗ-ਸੰਗ ਕਾਲਮ ਕਰਕੇ ਮਸ਼ਹੂਰ ਹੋਇਆ ਚੀਫ ਸਬ ਐਡੀਟਰ ਸ਼ਾਮ ਸਿੰਘ ਅਤੇ ਇਕ ਹੱਦ ਤਕ ਦਲਬੀਰ ਸਿੰਘ ਵੀ ਮੇਰੇ ਹੱਕ ਵਿਚ ਹੋ ਚੁੱਕੇ ਸਨ। ਇਸ ਸਮੇਂ ਤੱਕ ਯੂਨੀਅਨ ਦੀ ਦਾਦਾਗਿਰੀ ਥੋੜ੍ਹੀ ਘਟਣ ਵੀ ਲੱਗ ਪਈ ਸੀ। ਸ਼ਾਇਦ ਦਲਬੀਰ ਦਾ ਯੂਨੀਅਨ ਤੋਂ ਮੋਹ ਵੀ ਥੋੜ੍ਹਾ ਥੋੜ੍ਹਾ ਭੰਗ ਹੋ ਗਿਆ ਸੀ। ਬਲਬੀਰ ਜੰਡੂ ਅਦਾਰੇ ਵਿਚ ਆਉਣ ਤੋਂ ਛੇਤੀ ਪਿਛੋਂ ਹੀ ਜਗਤਾਰ ਦੀ ਛਤਰੀ 'ਤੇ ਬਹਿਣ ਲੱਗ ਪਿਆ ਸੀ।


ਇਸ ਵਾਰ ਕਹਾਣੀਕਾਰ ਨਰਿੰਦਰ ਭੁੱਲਰ ਵੀ ਕੁਝ ਹੋਰਨਾਂ ਦੇ ਨਾਲ ਮੇਰੇ ਮੁਕਾਬਲੇ ਉਮੀਦਵਾਰ ਸੀ ਪਰ ਫੈਸਲਾ ਮੇਰੇ ਹੱਕ 'ਚ

(ਬਾਕੀ ਸਫਾ 23 'ਤੇ)

ਨੈਣ-ਨਕਸ਼

# ਅੰਧ-ਵਿਸ਼ਵਾਸ ਦੀ ਪੌੜੀ 'ਚ ਲਟਕੇ ਲੋਕ

*ਜਿਹੜੇ ਬੰਦੇ ਨਿੱਕੀ ਨਿੱਕੀ ਗੱਲ ਤੋਂ ਬਾਂਹ ਕੱਢ ਕੇ ਲੜਨ ਦੇ ਆਦੀ ਹੋਣ, ਉਨ੍ਹਾਂ ਦੇ ਕਿਸੇ ਸਮੇਂ ਵੀ ਹੱਥੋਪਾਈ ਹੋਣ ਦੀ ਸੰਭਾਵਨਾ ਹੁੰਦੀ ਹੈ। ਇਨ੍ਹਾਂ ਦੀਆਂ ਪਤਨੀਆਂ ਵੀ ਇਨ੍ਹਾਂ ਤੋਂ ਕੁਰਬਾਨ ਹੋਣ ਨੂੰ ਫਿਰਦੀਆਂ ਹਨ। ਇਸ ਗੱਲ ਤੋਂ ਤਾਂ ਖ਼ੁਸ਼ ਹੋਈ ਜਾਨੇ ਆਂ ਕਿ ਟੈਲੀਫੋਨ ਅਤੇ ਟੈਲੀਵਿਜ਼ਨ ਨੇ ਸਭ ਕੁਝ ਬੋਲ ਕੇ ਦੱਸਣਾ ਸ਼ੁਰੂ ਕਰ ਦਿੱਤਾ ਹੈ ਪਰ ਜਿੰਨੇ ਪੁਆੜੇ ਇਨ੍ਹਾਂ ਨੇ ਪਾਏ ਹਨ, ਗਿਣਤੀ ਨਹੀਂ ਕੀਤੀ ਜਾ ਸਕਦੀ। ਟੈਲੀਫੋਨ ਦੀਆਂ ਘੰਟੀਆਂ ਨੇ ਜਿਹਦੀ ਧੀ ਉਧਾਲੀ ਹੈ, ਉਹਨੂੰ ਪੁੱਛੋ ਢਿੱਡ ਦਾ ਦਰਦ 'ਪੇਨ ਕਿਲਰ' ਨਾਲ ਵੀ ਠੀਕ ਨਹੀਂ ਹੁੰਦਾ। ਟੈਲੀਵਿਜ਼ਨ ਨੇ ਹੀ ਦੱਸਿਆ ਹੈ ਕਿ ਵਸਤਰ ਘੱਟ ਪਾਉਣੇ ਗੁਨਾਹ ਨਹੀਂ ਹੁੰਦੇ। ਲੋਕ ਹੱਥਾਂ ਦੀਆਂ ਲਕੀਰਾਂ ਫਰੋਲੀ ਜਾਂਦੇ, ਤਾਂ ਕੋਈ ਗੱਲ ਨਹੀਂ ਸੀ; ਮੁਕੱਦਰਾਂ ਨੂੰ ਜੰਤਰੀਆਂ ਦੇ ਹਵਾਲੇ ਕਰੀ ਜਾਂਦੇ ਤਾਂ ਵੀ ਕੁਝ ਠੀਕ ਹੀ ਸੀ, ਪਰ ਸਭ ਕੁਝ ਹੀ ਪਖੰਡੀਆਂ ਅੱਗੇ ਚੜ੍ਹਾਵੇ ਵਾਂਗ ਢੇਰੀ ਕਰ ਦਿੱਤਾ ਹੈ ਤਾਂ ਲੱਗਦਾ ਨਹੀਂ ਕਿ ਲੁੱਟਣਾ ਸਿਰਫ਼ ਚੋਰਾਂ ਨੂੰ ਹੀ ਨਹੀਂ ਆਉਂਦਾ? ਕਿਸੇ ਵੀ ਕਲਯੁਗੀ ਸਾਧ ਜਾਂ ਸਿਆਣੇ ਕੋਲ ਕੁੜੀ ਬਖ਼ਸ਼ਣ ਦਾ ਹੁਨਰ ਨਹੀਂ ਹੈ, ਸਾਰਿਆਂ ਨੂੰ ਦੋ ਨੰਬਰ ਵਿਚ ਲਾਇਸੈਂਸ ਰੱਬ ਨੇ ਪੁੱਤਰ ਦੇਣ ਦੇ ਹੀ ਮਿਲੇ ਹਨ। ਜਦੋਂ ਦਾ ਮਨੁੱਖ ਜ਼ਿੰਦਗੀ ਨੂੰ ਘੁੱਟ ਕੇ ਫੜਨ ਲੱਗਾ ਹੈ, ਪਖੰਡੀ ਦੁਕਾਨ ਦੀ ਮਸ਼ਹੂਰੀ ਅਖ਼ਬਰਾਂ ਵਿਚ ਇਸ਼ਤਿਹਾਰ ਬਣ ਕੇ ਆ ਗਈ ਹੈ। ਹਿੰਮਤੀ ਲੋਕਾਂ ਦਾ ਕਦੇ ਵੀ ਕੁਝ ਨਹੀਂ ਗੁਆਚਿਆ ਜਦੋਂ ਕਿ ਅੰਧ-ਵਿਸ਼ਵਾਸੀ ਹਰ ਵੇਲੇ ਕੁਝ ਲੱਭਣ ਲਈ ਹੀ ਪਾਪੜ ਵੇਲੇ ਰਹੇ ਹੁੰਦੇ ਹਨ। ਕਈਆਂ ਦਾ ਨਾ ਹੀ ਤਿਲਕ ਰਾਜ ਨਹੀਂ ਹੁੰਦਾ, ਉਨ੍ਹਾਂ ਦੇ ਮੱਥੇ 'ਤੇ ਤਿਲਕ ਵੀ ਵੱਡਾ ਹੁੰਦਾ ਹੈ ਤੇ ਪਖੰਡ ਦੀ ਅਜਿਹੀ ਤਿਲਕਣਬਾਜ਼ੀ ਕਰੀ ਰੱਖਦੇ ਹਨ ਕਿ ਬੰਦੇ ਆਏ ਤਾਂ ਸੰਭਲ ਕੇ ਸੀ, ਪਰ ਆਉਂਦਿਆਂ ਹੀ ਡਿੱਗ ਪਏ ਤੇ ਮੱਥਾ ਤਿਲਕ ਰਾਜ ਦੇ ਚਰਨਾਂ 'ਚ ਰੱਖ ਦਿੱਤਾ। ਇਹ ਪਖੰਡ ਦਾ ਕ੍ਰਿਸ਼ਮਾ ਹੀ ਹੈ ਕਿ ਭੁੱਖਾ ਰਹਿ ਕੇ ਵੀ ਮਨੁੱਖ ਪੂਜਾ ਕਰੀ ਜਾ ਰਿਹਾ ਹੈ; ਇਸ ਭਰਮ ਨਾਲ ਕਿ ਰੱਬ ਸ਼ਾਇਦ ਆਪ ਕੁਝ ਖਾਂਦਾ ਹੀ ਨਹੀਂ ਹੋਵੇਗਾ। ਮੰਗਲ, ਸ਼ੁੱਕਰ ਤੇ ਸ਼ਨੀ ਇੰਨੇ ਤਾਕਤਵਰ ਹੋ ਗਏ ਲਗਦੇ ਹਨ ਕਿ ਸਿਆਣੇ ਇਨ੍ਹਾਂ ਦੇ ਨਾਂ 'ਤੇ ਮੁਰਗਿਆਂ ਦਾ ਪ੍ਰਸ਼ਾਦ ਮੰਗਣ ਲੱਗ ਪਏ ਹਨ। ਵਿਗਿਆਨ 'ਚ ਗੋਡੇ ਗੋਡੇ ਉਤਰੇ ਲੋਕਾਂ ਦੇ ਮਨਾਂ 'ਚ ਵੀ ਵਹਿਮ ਹੈ ਕਿ ਲਾਸ਼ਾਂ ਬਦਲਾ ਲੈਂਦੀਆਂ ਹਨ। ਇਸੇ ਲਈ ਮਿਸਰ 'ਚ ਕਾਹਿਰਾ ਦੇ ਕਈ ਮਕਬਰਿਆਂ ਵਿਚ 'ਜ਼ਿੰਦਾ' ਲਾਸ਼ਾਂ ਬੰਦ ਪਈਆਂ ਹਨ। ਖ਼ੈਰ! ਕਈ ਘਰੋਂ ਤਾਂ ਮੁਕੱਦਰ ਜਿੱਤਣ ਤੁਰੇ ਸੀ ਪਰ ਦਰੋਪਤੀ ਵਾਂਗ ਹਾਰ ਸਭ ਕੁਝ ਪਖੰਡੀ ਲੋਕਾਂ ਅੱਗੇ ਆਏ। ਜੋਤਿਸ਼ ਬ੍ਰਾਹਮਣ ਦੀ ਬੋਦੀ ਦਾ ਇਕ ਤਰ੍ਹਾਂ ਨਾਲ ਭ੍ਰਿਸ਼ਟਾਚਾਰ ਹੀ ਰਿਹਾ ਹੈ।*



ਐਸ. ਅਸ਼ੋਕ ਭੌਰਾ

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਸ਼ਾਇਦ ਧਰਮ ਨੂੰ ਮੰਨਣ ਵਾਲੇ ਲੋਕ ਹੀ ਸਿਆਣੇ ਹੁੰਦੇ ਹਨ, ਤੇ ਜੇ ਅਜਿਹਾ ਹੁੰਦਾ ਤਾਂ ਧਰਮ ਦੇ ਨਾਂ 'ਤੇ ਕਦੇ ਵੀ ਦੰਗੇ-ਫਸਾਦ ਨਹੀਂ ਹੋਣੇ ਸਨ। ਨਾ ਹੀ ਗੋਲਕ ਵਿਚਲੇ ਪੈਸੇ ਕਰ ਕੇ ਪੱਗਾਂ ਲੱਥਣੀਆਂ ਸਨ। ਜੇ ਹੁਣ ਬੁੱਢੇ ਵੀ ਚੁੱਪ ਨਹੀਂ ਰਹਿੰਦੇ ਤਾਂ ਕਿਵੇਂ ਕਹਿ ਸਕਦੇ ਹਾਂ ਕਿ ਇਹ ਬਜ਼ੁਰਗ ਸਿਆਣੇ ਹੋ ਗਏ ਹਨ। ਜਦੋਂ ਗਿਆਨਵਾਨ ਲੋਕ ਫੜ੍ਹਾਂ ਮਾਰਨ ਲੱਗ ਪੈਣ ਤਾਂ ਲੱਗਦਾ ਨਹੀਂ ਕਿ ਫਿਲਮ ਦੀ ਆਖਰੀ ਰੀਲ੍ਹ ਚੱਲਣ ਲੱਗੀ ਹੈ।

ਕੁਲਦੀਪ ਮਾਣਕ ਦਾ ਇਕ ਗੀਤ ਹੈ 'ਫੜ੍ਹ ਮਾਰਨੀ ਤੇ ਪਿੱਠ ਪਿੱਛੇ ਕੱਢਣੀ ਹੈ ਬੜੀ ਸੌਖੀ ਗਾਲ ਮਿੱਤਰੋ...।' ਤੇ ਇਸ ਗੀਤ ਨੂੰ ਪੇਸ਼ ਕਰਨ ਵੇਲੇ ਉਹ ਇਸ ਦੀ ਭੂਮਿਕਾ ਵਿਚ ਬੜੀ ਦਿਲਚਸਪ ਗੱਲ ਸੁਣਾਉਂਦਾ ਹੁੰਦਾ ਸੀ, ਆਪਣੇ ਪਿਤਾ ਪੁਰਖੀ ਅੰਦਾਜ਼ ਵਿਚ ਕਿ ਮਾਲਵੇ ਦੇ ਰੇਤਲੇ ਟਿੱਬਿਆਂ ਵਾਲੇ ਇਕ ਪਿੰਡ 'ਚ 'ਕਹਿਰੇ ਜਿਹੇ ਸਰੀਰ ਵਾਲਾ ਗੱਜਣ ਸਿਹੁੰ ਰਹਿੰਦਾ ਸੀ। ਹਰ ਗੱਲ ਚੱਬ ਕੇ ਕਰਨ ਦੀ ਆਦਤ ਸੀ। ਇਸ ਕਰ ਕੇ ਬੜੇ ਰਿਸ਼ਤੇ ਆਏ ਪਰ ਸਿਰੇ ਕੋਈ ਨਾ ਲੱਗਾ। ਸਬੱਬੀਂ ਕਿਤੇ ਢਾਈ ਕੁ ਸੌ ਨੂੰ ਕਿਸੇ ਟਰੱਕ ਆਲੇ ਨੇ ਮੁੱਲ ਦੀ ਤੀਵੀਂ ਲਿਆ'ਤੀ ਉਹਨੂੰ ਬੀਕਾਨੇਰੋਂ। ਚਲੋ ਸੀ ਤਾਂ ਜਿਹੋ ਜਿਹੀ ਵਿਚਾਰੀ ਭਾਨੀ, ਪਰ ਊਂ ਚਲਾਕ ਵੀ ਸੀ ਤੇ ਕੱਬੀ ਵੀ।

ਛੇ ਕੁ ਮਹੀਨੇ ਤਾਂ ਉਹ ਗੱਜਣ ਸਿਹੁੰ ਨੂੰ ਜਰਦੀ ਰਹੀ। ਲਿਆ ਭਾਨੀਏ ਗਰਮ ਪਾਣੀ ਨਹੀਂ ਤਾਂ...ਚਾਹ ਗਰਮ ਗਰਮ ਲਿਆ ਦੇ, ਨਹੀਂ ਤਾਂ...ਭੁੱਖ ਲੱਗੀ ਐ ਰੋਟੀ ਲਿਆ ਦੇ, ਨਹੀਂ ਤਾਂ...ਬਿਸਤਰਾ ਕਰਦੇ, ਨਹੀਂ ਤਾਂ...। ਤੇ ਘੁੱਟ ਪੀਤੀ 'ਚ ਤਾਂ ਫਿਰ ਘੂਰ ਘੂਰ ਕੇ ਅੱਧੀ ਕਰ ਦੇਣੀ ਭਾਨੀ। ਹਾਰ ਕੇ ਫਿਰ ਇਕ ਦਿਨ ਭਾਨੀ ਨੇ ਅੱਕ ਚੱਬ ਲਿਆ।

ਪਾਇਆ ਗੱਜਣ ਸਿਹੁੰ ਦਾ ਪੁਰਾਣਾ ਕੁੜਤਾ ਪਜਾਮਾ, ਮਾਰਿਆ ਸਿਰ 'ਤੇ ਸਾਫੇ ਦਾ ਮੜ੍ਹਾਸਾ ਤੇ ਪਸ਼ੂਆਂ ਦਾ ਗੋਹਾ ਹਟਾਉਣ ਵਾਲਾ ਫੌੜਾ ਰੱਖ ਲਿਆ ਮੋਢੇ 'ਤੇ। ਲੁਕ ਕੇ ਖੜ੍ਹ ਗਈ ਕਾਨ੍ਹਿਆਂ ਦੇ ਓਹਲੇ...ਸੂਰਜ ਡੁੱਬਿਆਂ ਤੇ ਹੋਣ ਲੱਗ ਪਿਆ ਘੁਸਮੁਸਾ ਜਿਹਾ। ਉਧਰੋਂ ਨਸ਼ੇ 'ਚ ਟੂੰਨ ਗੱਜਣ ਸਿਹੁੰ ਢੋਲੇ ਦੀਆਂ ਲਾਉਂਦਾ ਆਵੇ-'ਜੱਟ ਚੜ੍ਹਦੇ ਮਿਰਜ਼ੇ ਖਾਨ ਨੂੰ...।'

ਨਿਕਲ ਆਈ ਭਾਨੀ ਕਾਨ੍ਹਿਆਂ 'ਚੋਂ। ਮਾਰਿਆ ਆਵਾਜ਼ ਬਦਲ ਕੇ ਦਬਕਾ-'ਕੌਣ ਐ ਤੂੰ?'

ਹੱਥ ਜੋੜ ਕੇ ਖੜ੍ਹ ਗਿਆ-'ਮੈਂ ਗਰੀਬੜਾ ਸੇਵਾ ਸਿਹੁੰ ਦਾ ਵੱਡਾ ਪੁੱਤ ਗੱਜਣ ਸਿਹੁ ਆਂ।'

'ਕਿੱਥੋਂ ਆਇਆਂ ਐਸ ਵੇਲੇ ਬਦਮਾਸ਼ੀ ਕਰ ਕੇ। ਲੋਕਾਂ ਦੀਆਂ ਕੁੜੀਆਂ-ਚਿੜੀਆਂ ਛੇੜਦੈਂ?'

'ਵੱਡੇ ਮਹਾਰਾਜ ਦੀ ਸਹੁੰ। ਮੇਰਾ ਤਾਂ ਆਪਣਾ ਘਰ ਮਸੀਂ ਵਸਿਆ। ਢਾਈ ਸੌ ਫੂਕ ਕੇ ਤੀਵੀਂ ਲਿਆਂਦੀ ਐ ਭਾਨੀ।'

ਤੇ ਨਾਲ ਲਗਦੇ ਹੀ ਭਾਨੀ ਨੇ ਤਿੰਨ ਚਾਰ ਫੌੜੇ ਜੜ੍ਹ'ਤੇ ਗੱਜਣ ਸਿਹੁੰ ਦੇ ਮੌਰਾਂ 'ਚ। ਨਾਲ ਹੀ ਉਹਦੇ ਹੱਥ ਜੋੜਦਿਆਂ ਜੋੜਦਿਆਂ ਤਿੰਨ ਚਾਰ ਲੱਫੜ ਵੀ ਜੜ੍ਹ'ਤੇ।

'ਫੇਰ ਲੰਘੂ ਇਧਰੋਂ ਸ਼ਰਾਬ ਪੀ ਕੇ?'

'ਨਾ ਮਹਾਰਾਜ ਭੁੱਲ ਕੇ ਵੀ ਨਾ ਕਦੇ ਵੀ।'

'ਲਾਹ ਕੱਪੜੇ ਸਾਰੇ।'

ਤੇ ਗੱਜਣ ਸਿਹੁੰ ਨੇ ਕੰਬਦੇ ਹੱਥਾਂ ਨਾਲ ਤੇੜ ਕਛਿਹਰਾ ਫਾਟਾਂ ਵਾਲਾ ਰੱਖ ਕੇ ਬਾਕੀ ਸਭ ਭਾਨੀ ਦੇ ਹੱਥ ਫੜਾ'ਤੇ।

'ਕੰਜਰ ਦਿਆ, ਅੱਧੇ ਘੰਟੇ ਤੱਕ ਨਾ ਹਿੱਲੀਂ। ਇਥੇ ਬੈਠਾ ਰਹਿ।' ਤੇ ਭਾਨੀ ਵਾਹੋ-ਦਾਹੀ ਆਣ ਪਹੁੰਚੀ ਘਰ। ਚੁੱਲ੍ਹਾ ਵਿਹੜੇ 'ਚ ਰੱਖ ਲੱਗ ਪਈ ਰੋਟੀਆਂ ਪਕਾਉਣ। ਜਦੇ ਬਾਹਰਲਾ ਬੂਹਾ ਲੰਘ ਆਇਆ ਗੱਜਣ ਸਿਹੁੰ ਵੀ। ਭਾਨੀ ਨੇ ਮਾਰੀ ਨਕਲੀ ਲੇਰ-'ਹਾਏ ਰੱਬਾ! ਮੇਰੇ ਪਤੀ ਨੂੰ ਕੀ ਹੋ ਗਿਆ?'

'ਹੈਂ ਕਮਲੀ ਤੀਵੀਂ, ਭਲਾ ਜੱਟ ਨੂੰ ਕੁਛ ਹੋ ਸਕਦੈ। ਸਾਰਾ ਪਿੰਡ ਆ ਜਾਵੇ 'ਕੱਠਾ ਹੋ ਕੇ ਤਾਂ ਮਾਰ ਦਿਆਂ 'ਕੱਲਾ 'ਕੱਲਾ ਕੁੱਟ ਕੇ।'

'ਨਾ ਇਹ ਹਾਲ ਕੀਹਨੇ ਕਰ'ਤਾ ਤੇਰਾ?'

'ਮੈਂ ਤਾਂ ਭਾਨੀਏ ਮਿਰਜ਼ਾ ਗਾਉਂਦਾ ਆ ਰਿਹਾ ਸੀ। ਆਪਣੇ ਲੰਬੜਾਂ ਦੇ ਟਾਹਲੀਆਂ ਆਲੇ ਖੂਹ ਤੋਂ ਪਿੱਛੇ ਕਾਨ੍ਹਿਆਂ 'ਚੋਂ ਚਾਰ-ਪੰਜ 'ਕੱਠੇ ਸਾਲੇ ਨਿਕਲ ਕੇ ਪੈ ਗਏ ਮੈਨੂੰ। ਦੇਹ ਤੇਰੇ ਦੀ ਜਿੱਧਰ ਪੈਂਦੀ ਐ...ਬਿੰਦ ਨ੍ਹੀਂ ਲੱਗਾ, ਭੱਜ'ਗੇ ਸਿਰ 'ਤੇ ਪੈਰ ਰੱਖ ਕੇ।'

'ਨਾ ਆਹ ਲਾਸਾਂ ਕਿੱਦਾਂ ਪੈ ਗਈਆਂ ਪਿੰਡੇ 'ਤੇ?'

'ਭਾਨੀਏ, ਸੱਚ ਜਾਣੀ ਚਹੁੰ ਜਣਿਆਂ ਦੀ ਤਾਂ ਮੈਂ ਪੇਸ਼ ਨ੍ਹੀਂ ਜਾਣ ਦਿੱਤੀ; ਇਕ ਸਾਲਾ ਪਿੱਛਿਓਂ ਆ ਕੇ ਪਤਾ ਨ੍ਹੀਂ ਕਿਹੜੇ ਵੇਲੇ ਮਾਰ ਗਿਆ ਦੋ।'

'ਤੇ ਲੀੜੇ ਕਿੱਥੇ ਐ ਤੇੜ ਆਲੇ?'

'ਭਾਨੀਏ, ਜਦੋਂ ਉਹ ਚਾਰੇ ਪਏ 'ਕੱਠੇ ਮੈਨੂੰ...ਮੈਂ ਮਾਰਿਆ ਲਲਕਾਰਾ, ਸਾਰੇ ਲੀੜੇ ਲਾਹ ਕੇ ਅਹੁ ਸੁੱਚੇ ਸੂਰਮੇ ਵਾਂਗੂ। ਭਲਾ ਲੜਨਾ ਭਾਨੀਏ ਕਿਤੇ ਸੁਖਾਲੈ?'

ਤੇ ਨਾਲ ਹੀ ਭਾਨੀ ਨੇ ਪੀੜ੍ਹੀ ਹੇਠੋਂ ਡੱਬੀਆਂ ਵਾਲਾ ਸਾਫਾ ਤੇ ਕੁੜਤਾ ਪਜਾਮਾ ਕੱਢ ਕੇ ਫੜਾ 'ਤੇ ਗੱਜਣ ਸਿਹੁੰ ਦੇ ਹੱਥ।

ਬੇਸ਼ਰਮੀ ਦੀ ਕੱਚੀ ਤ੍ਰੇਲੀ ਤਾਂ ਆਈ ਪਰ ਨਾਲ ਹੀ ਮਾਰ'ਤੀ ਗੱਜਣ ਸਿਹੁੰ ਨੇ ਫੜ੍ਹ-'ਭਾਨੀਏ, ਮੈਂ ਤੈਨੂੰ ਸਿਆਣ ਤਾਂ ਲਿਆ ਸੀ, ਐਵੇਂ ਜਾਣ ਕੇ ਈ ਨ੍ਹੀਂ ਬੋਲਿਆ, ਪਈ ਚਲੋ ਭਾਨੀ ਵੀ ਕਰ ਲਵੇ ਚਾਅ ਪੂਰੇ...।'

ਊਂ ਬੁਰਕੀ ਗੱਜਣ ਸਿਹੁੰ ਦੇ ਸੰਘ ਹੇਠਾਂ ਨ੍ਹੀਂ ਸੀ ਉਤਰ ਰਹੀ, ਕਿਉਂਕਿ ਫੜ੍ਹਾਂ ਮਾਰਨ ਵਾਲਿਆਂ ਨੂੰ ਹੋਰ ਕੋਈ ਸੁਣ ਈ ਨਹੀਂ ਰਿਹਾ ਹੁੰਦਾ।

ਜਿਹੜੇ ਲੋਕ ਬੋਲਣ ਵੇਲੇ ਨਾ ਬੋਲਣ, ਉਹ ਸਾਜ਼ਿਸ਼ਕਾਰ ਹੁੰਦੇ ਹਨ ਤੇ ਉਨ੍ਹਾਂ ਨੇ ਅੰਦਰ ਜ਼ਰੂਰ ਕੋਈ ਸਾਜ਼ਿਸ਼ ਘੜੀ ਪਈ ਹੁੰਦੀ ਐ, ਪਰ ਅੱਜ ਦੇ ਯੁੱਗ ਵਿਚ ਜਿੰਨੀਆਂ ਸਾਜ਼ਿਸ਼ਾਂ ਭੋਲੇ ਲੋਕਾਂ ਪ੍ਰਤੀ ਪਖੰਡੀਆਂ ਦੀਆਂ ਨੇ, ਅਠੌਤਰੀ ਮਾਲਾ ਤੇ ਭਗਵਿਆਂ ਹੇਠ ਜਿੰਨੀਆਂ ਫੜ੍ਹਾਂ ਮਾਰੀਆਂ ਜਾ ਰਹੀਆਂ ਹਨ, ਚੰਗੇ ਭਲਿਆਂ ਨੂੰ ਦੁਪਹਿਰੇ ਦੀਵਾ ਬਾਲ ਕੇ ਦਿੱਲੀ ਵਾਂਗ ਲੁੱਟਿਆ ਜਾ ਰਿਹਾ ਹੈ। ਇਥੇ ਪਖੰਡ ਨਾਲ ਗਲਵੱਕੜੀ ਪਾ ਕੇ ਦੇਖਦੇ ਹਾਂ:

ਸਾਡੇ ਪਿੰਡ ਦਾ ਬੀਰੂ ਰਾਮ ਬੰਦਾ ਤਾਂ ਚੰਗਾ ਭਲਾ ਸੀ ਪਰ ਵਹਿਮੀ ਸਿਰੇ ਦਾ ਸੀ। ਕਾਜੂੰਸ ਵੀ ਇੰਨਾ ਸੀ ਕਿ ਮੱਖੀ ਚੂਸ ਕੇ ਸੁੱਟਣ ਦੀ ਥਾਂ ਅੰਦਰ ਹੀ ਲੰਘਾ ਲੈਂਦਾ ਸੀ। ਘਰਵਾਲੀ ਵੀਰੋ ਬਿਮਾਰ ਰਹਿੰਦੀ ਸੀ ਪਰ ਉਹ ਵਿਚਾਰੀ ਮਰਦੀ ਤਾਂ ਮਰ ਗਈ, ਬੀਰੂ ਸਾਰੀ ਉਮਰ ਗੁਆਂਢੀਆਂ ਦੀ ਨਿੰਦੋ ਨੂੰ ਗਾਲਾਂ ਕੱਢਦਾ ਰਿਹਾ-'ਇਸ ਕੰਜਰੀ ਨੇ ਕੀਤਾ ਸਾਡੇ ਘਰ ਕਾਰਾ। ਮਸਾਣ ਛੱਡੇ ਆ, ਤਾਂ ਬਿਮਾਰ ਰਹਿੰਦੀ ਐ ਵੀਰੋ।' ਇਸ ਮਸਲੇ 'ਤੇ ਉਹਦੀ ਗੁਆਂਢੀਆਂ ਨਾਲ ਸੱਤ-ਇਕਵੰਜਾ ਹੋਈ ਰਹਿੰਦੀ ਸੀ। ਸਾਧਾਂ ਤੋਂ ਹੀ ਵੀਰੋ ਦੇ ਗਠੀਏ ਦਾ ਇਲਾਜ ਕਰਾਉਂਦਾ ਰਿਹਾ, ਪਰ ਬਚ ਨਾ ਸਕੀ। ਮੁੰਡਾ ਖ਼ੈਰ ਚੰਗਾ ਸੀ। ਸਕੂਲ 'ਚ ਕਲਰਕ ਲੱਗ ਗਿਆ ਸੀ; ਪਰ ਧੀ ਵਿਆਹੀ ਤਾਂ ਛੇ ਮਹੀਨੇ ਨਾ ਸਹੁਰੀਂ ਵਸੀ। ਬੜੇ ਟੂਣੇ-ਟਾਮਣ ਕੀਤੇ ਪਰ ਗੱਲ ਸੱਥਾਂ-ਪੰਚਾਇਤਾਂ 'ਚ ਤਲਾਕ 'ਤੇ ਹੀ ਨਿਬੜੀ।

ਪਰ ਅੱਜ ਤਾਂ ਬੀਰੂ ਦੇ ਘਰ ਹੱਦ ਵੀ ਹੋਈ ਪਈ ਸੀ। ਸਾਰਾ ਪਿੰਡ ਵਿਆਹ ਵਾਂਗ 'ਕੱਠਾ ਹੋਇਆ ਪਿਆ ਸੀ। ਵਿਹੜੇ ਵਿਚ ਚੌਂਕਾ ਪੂਰ ਕੇ ਕਾਲੀ ਲੀਰ, ਕਾਲੇ ਕੁੱਕੜ ਦੇ ਖੰਭ, ਮੀਟ ਦੀਆਂ ਹੱਡੀਆਂ, ਸੰਧੂਰ, ਗੁੱਤ ਦੇ ਲੰਬੇ ਲੰਬੇ ਸੱਤ-ਅੱਠ ਵਾਲ, ਦੋ ਆਂਡਿਆਂ ਦੇ ਛਿਲੜ ਜਿਨ੍ਹਾਂ 'ਤੇ ਕੋਈ ਜੰਤਰ-ਮੰਤਰ ਲਾਲ ਸਿਆਹੀ ਨਾਲ ਲਿਖਿਆ ਗਿਆ ਸੀ। ਬੀਰੂ ਉਸ ਦਿਨ ਆਪਣੀ ਕੁੜੀ ਨੂੰ ਦਿਖਾਉਣ ਇਕ ਚੇਲੇ-ਚਪਟੇ ਕੋਲ ਗਿਆ ਹੋਇਆ ਸੀ। ਜਦੋਂ ਸਕੂਲੋਂ ਆ ਕੇ ਪੁੱਤ ਨੇ ਬੂਹਾ ਖੋਲ੍ਹਿਆ ਤਾਂ ਵਿਹੜੇ ਵਿਚ ਟੂਣੇ ਦਾ ਮੰਜ਼ਰ ਵੇਖ ਕੇ ਉਹਨੇ ਬੀਰੂ ਨੂੰ ਦੱਸੀ ਸਾਰੀ ਕਹਾਣੀ। ਪੁੱਤ ਨੂੰ ਕਹਿਣ ਲੱਗਾ-'ਤੂੰ ਅੰਦਰ ਨਾ ਵੜੀਂ, ਮੈਂ ਗਿਰਧਾਰੀ ਲਾਲ ਨੂੰ ਨਾਲ ਲੈ ਕੇ ਆਉਨੈਂ। ਗਿਰਧਾਰੀ ਲਾਲ ਠਗ ਪਖੰਡੀ ਸਾਧ ਸੀ ਜਿਹਦੇ ਕੋਲ ਉਹ ਆਪਣੀ ਧੀ ਨੂੰ ਲੈ ਕੇ ਗਿਆ ਹੋਇਆ ਸੀ।

ਕਿਰਾਏ 'ਤੇ ਕਾਰ ਕੀਤੀ ਤੇ ਉਨ੍ਹੀਂ ਪੈਰੀਂ ਬੀਰੂ ਗਿਰਧਾਰੀ ਨੂੰ ਨਾਲ ਲੈ ਕੇ ਪਿੰਡ ਨੂੰ ਤੁਰ ਪਿਆ। ਉਹਨੇ ਰਾਹ 'ਚ ਭਰ'ਤੇ ਕੰਨ, ਪਈ 'ਬੀਰੂ! ਇਹ ਉਨ੍ਹਾਂ ਦਾ ਕੰਮ ਐ ਜਿਨ੍ਹਾਂ ਦਾ ਮੁੰਡਾ ਤੇਰੇ ਪੁੱਤ ਨਾਲ ਪੜ੍ਹਦਾ ਸੀ, ਉਨ੍ਹਾਂ ਤੋਂ ਸਰਕਾਰੀ ਨੌਕਰੀ ਕਿਤੇ ਝੱਲ ਹੁੰਦੀ ਐ।'

'ਪਰ ਜਨਾਬ, ਆਲੇ-ਦੁਆਲੇ ਚਾਰੇ ਪਾਸੇ ਘਰ ਨੇ, ਸਾਡੇ ਵਿਹੜੇ ਵਿਚ ਕੋਈ ਵੜ ਕਿਵੇਂ ਗਿਆ?'

'ਭੋਲਾ ਈ ਆਂ ਬੀਰੂ ਤੂੰ ਵੀ; ਸਾਰੀਆਂ ਚੀਜ਼ਾਂ ਰੌਸ਼ਨਦਾਨ ਰਾਹੀਂ ਵਿਹੜੇ 'ਚ ਕਾਲੇ ਇਲਮ ਨਾਲ ਅੰਦਰ ਭੇਜੀਆਂ ਗਈਆਂ ਹਨ।'

'ਠੀਕ ਆਹਨੈਂ ਤੂੰ, ਤਾਂ ਹੀ ਸਾਰਾ ਕੁਝ ਕਾਲਾ-ਕਾਲਾ ਈ ਐ।'

ਤੇ ਜਦੋਂ ਆਥਣੇ ਬੀਰੂ ਗਿਰਧਾਰੀ ਨਾਲ ਘਰ ਪੁੱਜਿਆ ਤਾਂ ਭੀੜ ਨਾਲ ਘਰ ਤੇ ਤੀਵੀਆਂ ਨਾਲ ਆਲੇ-ਦੁਆਲੇ ਦੇ ਬਨੇਰੇ ਭਰੇ ਪਏ ਸਨ।

...ਤੇ ਪਖੰਡੀ ਗਿਰਧਾਰੀ ਨੇ ਆਉਂਦੇ ਨੇ ਕਚੀਚੀ ਵੱਟੀ ਜਿਵੇਂ ਜੀਭ ਦੰਦਾਂ ਹੇਠ ਆ ਗਈ ਹੋਵੇ। ਐਂ ਡਰਾਮਾ ਕੀਤਾ ਜਿਵੇਂ ਭੁੜਕ ਕੇ ਅਹੁ ਜਾ ਪਿਆ ਹੋਵੇ। ਕੰਬਦੀ ਆਵਾਜ਼ ਨਾਲ ਹੌਲੀ ਹੌਲੀ ਮੰਗੇ 'ਪਾਣੀ...ਪਾਣੀ...ਪਾਣੀ।'

ਪਾਣੀ ਦਾ ਘੁੱਟ ਮੂੰਹ ਨੂੰ ਲਾਇਆ ਤਾਂ ਸੰਭਲ ਕੇ ਬੈਠਦਿਆਂ ਕਹਿਣ ਲੱਗਾ-'ਚੀਜ਼ਾਂ ਦਾ ਪਹਿਰਾ ਬੜਾ ਸਖ਼ਤ ਲੱਗਾ ਹੋਇਐ, ਇਹ ਇਲਮ ਬੰਗਾਲ ਤੋਂ ਆਇਐ...ਸਭ ਘਰਾਂ ਨੂੰ ਚਲੇ ਜਾਓ, ਜੇ ਕੋਈ ਉਨੀ-ਇੱਕੀ ਹੋ ਗਈ ਤਾਂ ਫੇਰ ਨਾ ਆਖਿਓ।'

ਬੰਗਾਲ ਦਾ ਨਾਂ ਸੁਣਦਿਆਂ ਹੀ ਸਭ ਖਿਲਰ ਗਏ। ਗਿਰਧਾਰੀ ਬੀਰੂ ਨੂੰ ਕਹਿਣ ਲੱਗਾ-'ਦੋ ਕਾਲੇ ਮੁਰਗੇ ਤੇ ਸ਼ਰਾਬ ਦੀਆਂ ਦੋ ਬੋਤਲਾਂ ਇਸ ਟੂਣੇ ਕੋਲ ਟੋਕਰੇ ਹੇਠ ਲਿਆ ਕੇ ਰੱਖ ਦਿਓ। ਖ਼ਤਰਨਾਕ ਚੀਜ਼ਾਂ ਖਾਣ ਦੇ ਹੌਸਲੇ ਨਾਲ ਕੋਈ ਕਾਰਾ ਨਹੀਂ ਕਰਨਗੀਆਂ, ਨਹੀਂ ਤਾਂ ਪਤਾ ਨ੍ਹੀਂ ਕੀ ਹੋ ਜਾਵੇ ਇਥੇ।'

ਪਿੰਡੋਂ ਫਟਾਫਟ ਦੋ ਕਾਲੇ ਮੁਰਗੇ ਲਿਆਂਦੇ ਗਏ, ਦੋ ਕਾਲੇ ਕਵਰ ਵਾਲੀਆਂ ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਲਿਆਂਦੀਆਂ ਗਈਆਂ।

'ਹੁਣ ਦੱਸੋ ਕੀ ਕਰਨਾ ਐ ਜਨਾਬ?' ਬੀਰੂ ਨੇ ਗਿਰਧਾਰੀ ਨੂੰ ਪੁੱਛਿਆ।

'ਪਹਿਲਾਂ ਕਾਲੇ ਕੁੱਕੜ ਦੀ ਬਲੀ ਦਿੱਤੀ ਗਈ ਐ, ਇਹ ਹੱਡੀਆਂ ਤੇ ਖੰਭ ਉਸੇ ਦੇ ਨੇ। ਪਹਿਰਾ ਇੰਨਾ ਸਖ਼ਤ ਐ ਪਈ ਮੈਂ ਇਨ੍ਹਾਂ ਨੂੰ ਹੱਥ ਨਹੀਂ ਪਾ ਸਕਦਾ।'

'ਫੇਰ ਹੋਵੇ ਕੀ ਮਹਾਰਾਜ ਹੁਣ?' ਬੀਰੂ ਦੀਆਂ ਸਿਰਫ਼ ਧਾਹਾਂ ਮਾਰਨੀਆਂ ਰਹਿ ਗਈਆਂ ਸਨ।

'ਇੱਕੀ ਹਜ਼ਾਰ ਦੀ ਪੂਜਾ ਐ। ਸਾਰੀ ਰਾਤ ਮੈਨੂੰ ਜਾਗਣਾ ਪਊ, ਤੇ ਤੂੰ ਬੀਰੂ ਕਾਰ ਲੈ ਕਿਰਾਏ 'ਤੇ, ਛੇਤੀ ਜਾਹ ਤੇ ਮੇਰੇ ਗੁਰੂ ਨੂੰ ਸਵੇਰ ਤੱਕ ਸਹਾਰਨਪੁਰੋਂ ਲੈ ਕੇ ਆ। ਉਹਦੇ ਕਾਬੂ 'ਚ ਆਉਣਗੀਆਂ ਇਹ ਚੀਜ਼ਾਂ।'

ਤੇ ਇੱਕੀ ਹਜ਼ਾਰ ਰੁਪਿਆ ਗਿਰਧਾਰੀ ਦੀ ਤਲੀ 'ਤੇ ਰੱਖ ਕੇ ਬੀਰੂ ਸਹਾਰਨਪੁਰ ਨੂੰ ਤੁਰ ਪਿਆ।

ਸਾਰੀ ਰਾਤ ਗਿਰਧਾਰੀ ਪਤਾ ਨਹੀਂ ਕੀ ਮੂੰਹ 'ਚ ਬੁੜ ਬੁੜ ਕਰਦਾ ਰਿਹਾ। ਸ਼ਰਾਬ ਦੀ ਗਲਾਸੀ ਭਰੇ, ਕੁੱਕੜਾਂ 'ਤੇ ਛਿੱਟਾ ਦੇਵੇ ਤੇ ਸੜ੍ਹਾਕ ਲਵੇ ਸਾਰੀ। ਸਵੇਰ ਤੱਕ ਗਿਰਧਾਰੀ ਨੇ ਇਕ ਬੋਤਲ ਕਰ'ਤੀ ਖਾਲੀ।

ਤੇ ਅੱਠ ਕੁ ਵੱਜਦੇ ਨੂੰ ਆ ਗਿਆ ਬੀਰੂ ਗਿਰਧਾਰੀ ਦੇ ਗੁਰੂ ਨੂੰ ਲੈ ਕੇ, ਤੇ ਜਿਵੇਂ ਗੁੰਗੇ ਦੀ ਮਾਂ ਸਾਰੀਆਂ ਰਮਜ਼ਾਂ ਸਮਝ ਗਈ ਹੋਵੇ। ਗੁਰੂ ਦੇ ਹੱਥ 'ਚ ਲੋਹੇ ਦੀਆਂ ਛੜਾਂ ਤੇ ਉਹ ਡੱਡੂ ਵਾਂਗ ਟਪੂਸੀਆਂ ਮਾਰਦਾ ਆਖੇ-'ਜਾਹ ਅਲੀ, ਕਰ ਭਲੀ।' ਤੇ ਫਿਰ ਚੀਕ ਮਾਰ ਕੇ ਬੋਲੇ-'ਕਿਵੇਂ ਜਾਊਂਗੀਆਂ ਬੰਗਾਲ ਨੂੰ? ਤੁਹਾਨੂੰ ਇਹ ਗਰੀਬ ਬੀਰੂ ਹੀ ਟੱਕਰਿਐ?'

ਤੇ ਨਸ਼ੇ 'ਚ ਟੂੰਨ ਗਿਰਧਾਰੀ ਕਹਿਣ ਲੱਗਾ-'ਗੁਰੂ ਜੀ, ਮੈਂ ਇਨ੍ਹਾਂ ਨੂੰ ਮਸਾਂ ਤਰਲੇ ਮਿੰਨਤਾਂ ਕਰ ਕੇ ਮਨਾਇਆ ਹੈ। ਇਹ ਆਂਹਦੀਆਂ ਨੇ ਸਾਨੂੰ 50 ਹਜ਼ਾਰ ਕਿਰਾਇਆ ਚਾਹੀਦੈ ਤੇ ਚਾਰ ਕਾਲੇ ਮੁਰਗੇ।'

'ਬੋਲ ਬੀਰੂ ਮਨਜ਼ੂਰ ਐ?'

'ਜੀ ਜਨਾਬ, ਕੱਢੋ ਇਨ੍ਹਾਂ ਨੂੰ ਘਰੋਂ। ਜਿਹੜੀ ਮੈਂ ਮੱਝ ਵੇਚੀ ਸੀ ਪੰਝੀ ਹਜ਼ਾਰ ਦੀ, ਉਹਦੀ ਰਾਤ ਪੂਜਾ ਕਰ'ਤੀ ਗਿਰਧਾਰੀ ਹੋਰਾਂ ਨੇ, ਤੇ ਮੁੰਡੇ ਨੇ ਜਿਹੜਾ ਮੋਟਰਸਾਇਕਲ ਲੈਣ ਲਈ ਪੰਜਾਹ ਹਜ਼ਾਰ ਰੁਪਿਆ ਰੱਖਿਐ, ਉਹ ਇਨ੍ਹਾਂ ਦੇ ਮੱਥੇ ਮਾਰੋ, ਸਾਡਾ ਪਿੱਛਾ ਛੱਡਣ...।'

'ਓਏ ਬੀਰੂਆ, ਮੱਥੇ ਮਾਰਨਾ ਨਾ ਕਹਿ। ਜੇ ਇਹ ਗੁੱਸੇ 'ਚ ਫਿਰ ਚਿਪ ਗਈਆਂ ਤਾਂ ਪੱਕੇ ਡੇਰੇ ਲਾ ਕੇ ਬਹਿ ਜਾਣਗੀਆਂ।'

ਤੇ ਪੰਜਾਹ ਹਜ਼ਾਰ ਬੀਰੂ ਨੇ ਗਿਰਧਾਰੀ ਦੇ ਗੁਰੂ ਦੇ ਹੱਥ 'ਤੇ ਰੱਖਦਿਆਂ ਕਿਹਾ-'ਲਓ ਮਹਾਰਾਜ ਇਨ੍ਹਾਂ ਦੀ ਪੂਜਾ।'

ਤੇ ਗੁਰੂ ਨੇ ਚਾਰ ਪੰਜ ਲੱਤਾਂ ਮਾਰੀਆਂ ਖਿੱਚ ਖਿੱਚ ਕੇ ਟੂਣੇ ਦੇ, ਤੇ ਸਭ ਕੁਝ 'ਕੱਠਾ ਕਰ ਕੇ ਆਪਣੇ ਪਰਨੇ 'ਚ ਆਏਂ ਬੰਨ੍ਹ ਕੇ ਮੋਢੇ ਲਾਇਆ ਜਿਵੇਂ ਦੋ ਢਾਈ ਕੁਇੰਟਲ ਭਾਰ ਚੁੱਕਣਾ ਪਿਆ ਹੋਵੇ।

ਹਾਲੇ ਗੁਰੂ ਚੇਲੇ ਘਰੋਂ ਨਿਕਲੇ ਹੀ ਸਨ ਕਿ ਅੱਸੀ ਕੁ ਹਜ਼ਾਰ ਦਾ ਟੀਕਾ ਲੁਆ ਕੇ ਹਟਿਆ ਬੀਰੂ ਕੱਢਣ ਲੱਗ ਪਿਆ ਪਿਆ ਗੁੱਸਾ ਗੁਆਂਢੀ ਬੰਤੇ ਉਤੇ, 'ਸਾਲਿਆ ਤੇਰੇ ਮੁੰਡੇ ਨੂੰ ਆਉਂਦਾ ਕੀ ਸੀ, ਜੇ ਮੇਰਾ ਨੌਕਰੀ ਲੱਗ ਗਿਆ ਤਾਂ ਤੈਥੋਂ ਝੱਲ ਨ੍ਹੀਂ ਹੋਇਆ। ਕੀੜੇ ਪੈ ਕੇ ਨਿਕਲੂ ਮੇਰੀ ਹੱਕ ਦੀ ਕਮਾਈ।' ਤੇ 4 ਘੰਟੇ ਕੌਰਵ-ਪਾਂਡਵ ਉਲਝੇ ਰਹੇ।

ਦੋ ਦਿਨ ਬਾਅਦ ਜਦੋਂ ਮੈਂ ਦਿੱਲੀ ਤੋਂ ਘਰੇ ਪਰਤਿਆ ਤਾਂ ਸਾਡੀ ਗੁਆਂਢਣ ਮੇਰੀ ਵਹੁਟੀ ਕੋਲ ਬੈਠੀ ਲਿਟ ਲਿਟ ਜਾਵੇ। ਮੈਂ ਕਿਹਾ-'ਭਾਬੀ ਪ੍ਰੀਤੋ, ਗੱਲ ਕੀ ਹੋਈ?'

ਹੱਸਦੀ ਤੋਂ ਗੱਲ ਨਾ ਹੋਵੇ। ਆਖਣ ਲੱਗੀ-'ਸਾਡੇ ਕਾਲੇ ਮੁਰਗੇ ਨੂੰ ਚਾਰ ਕੁ ਦਿਨ ਪਹਿਲਾਂ ਬਿੱਲੀ ਪੈ ਗਈ। ਇਕ ਲੱਤ ਜ਼ਖਮੀ ਕਰ ਗਈ। ਦੋ ਕੁ ਦਿਨ ਮੈਂ ਹਲਦੀ ਬੰਨ੍ਹਦੀ ਰਹੀ। ਪਰਸੋਂ ਤੇਰੇ ਤਾਏ ਨੇ ਵੱਢ ਕੇ ਧਰ ਲਿਆ। ਕੁਦਰਤੀ ਸਾਡਿਓਂ ਆਂਡੇ ਲੈਣ ਆਈ ਸੀ ਬੀਰੂ ਦੀ ਭਤੀਜੀ। ਕਹਿਣ ਲੱਗੀ...ਤਾਈ ਚਾਚਾ ਬੀਰੂ ਤੇ ਰਾਣੀ ਤਾਂ ਕਿਸੇ ਚੇਲੇ ਕੋਲ ਗਏ ਐ, ਮੁੰਡਾ ਚਾਬੀ ਸਾਡੇ ਘਰ ਰੱਖ ਗਿਐ।...ਉਹ ਵੀ ਮਸ਼ਗੂਲਣ ਤੇ ਮੈਂ ਵੀ! ਅਸੀਂ ਆਂਡਿਆਂ 'ਤੇ ਲਾਇਆ ਰੰਗ; ਪੱਠੇ ਕੁਤਰਨ ਵਾਲੀ ਮਸ਼ੀਨ 'ਚੋਂ ਤੇਲ ਕੱਢ ਕੇ ਚੌਂਕਾ ਪੂਰਿਆ, ਮੁਰਗੇ ਦੇ ਖੰਭ, ਹਲਦੀ ਵਾਲੀ ਲੀਰ ਤੇ ਮੁੱਠ ਕੁ ਮਾਂਹ ਸਾਬਤ ਰੱਖ'ਤੇ।'

ਮੈਂ ਤੇ ਮੇਰੀ ਵਹੁਟੀ ਵੀ ਸਾਰੀ ਕਹਾਣੀ ਸੁਣ ਕੇ ਹਾਸੇ 'ਚ ਉਛਲਦੇ ਜਾਈਏ ਪਰ ਉਹ ਕਹਿਣ ਲੱਗੀ-ਬੀਰੂ ਦੀ ਭਤੀਜੀ ਬਹੁਤ ਡਰੀ ਪਈ ਐ, ਪਈ ਜੇ ਚਾਚੇ ਨੂੰ ਪਤਾ ਲੱਗ ਗਿਆ ਤਾਂ ਬਾਪ ਤਾਂ ਮੇਰਾ ਪਹਿਲਾਂ ਵੀ ਹੈਨ੍ਹੀਂ, ਮੇਰੀ ਮਾਂ ਦਾ ਸਿਰ ਪਾੜੂ।

ਪਰ ਵਰ੍ਹੇ ਬੀਤ ਗਏ ਨੇ ਇਹ ਭੇਤ ਬਣਿਆ ਹੀ ਹੋਇਐ। ਬੀਰੂ ਵੀ ਪਿਛਲੇ ਸਾਲ ਚੜ੍ਹਾਈ ਕਰ ਗਿਐ ਪਰ ਵਿਚਾਰੇ ਦਾ ਅੱਸੀ ਹਜ਼ਾਰ ਦਾ ਘਾਟਾ ਉਹਨੂੰ ਲੈ ਕੇ ਹੀ ਬਹਿ ਗਿਆ।

ਕੌਣ ਜਾਣੇ ਕਿ ਬੰਗਾਲ 'ਚ ਕਾਲਾ ਇਲਮ ਹੈ ਵੀ ਜਾਂ ਨਹੀਂ? ਪਰ ਪਖੰਡ ਦੋਹੀਂ ਹੱਥੀਂ ਗਿੱਧਾ ਪਾ ਰਿਹੈ, ਵਹਿਮ ਦੇ ਛੈਣੇ ਵੱਜ ਰਹੇ ਨੇ ਤੇ ਪਾਖੰਡੀ ਦੂਹਰੇ ਹੋ ਕੇ ਨੱਚ ਰਹੇ ਨੇ। ਗਿਆਨ ਦਾ ਦਾਅਵਾ ਕਰਨ ਵਾਲਾ ਯੁੱਗ ਅਗਿਆਨਤਾ ਦਾ ਨੇਰ੍ਹ ਬੰਗਾਲ ਦਾ ਨਾਂ ਲੈ ਕੇ ਢੋਈ ਜਾ ਰਿਹੈ।

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### ਨਵੀਂ ਜਵਾਨੀ

ਕੋਠੇ ਜਿੱਡੇ ਪੁੱਤ ਨਾਲ ਬਾਪੂ ਕਰੇ ਕੁਪੱਤ। ਪਤਾ ਨਹੀਂ ਲੱਥੀ ਚੜ੍ਹੀ ਦਾ ਮਾਰੀ ਗਈ ਏ ਮੱਤ।
ਨਸ਼ਾ ਜਵਾਨੀ ਪੀ ਗਿਆ ਪੀਲਾ ਹੋਇਆ ਰੰਗ, ਕਾਨੇ ਜਿਹੇ ਸਰੀਰ ਵਿਚ ਰਹੀ ਭੋਰਾ ਨਾ ਰੱਤ।
ਭੁੱਲ-ਭੁਲੇਖੇ ਜਿਨ੍ਹਾਂ ਨੇ ਲਿਆ ਸੀ ਪੁੱਤ ਵਿਆਹ। ਭਾਂਡੇ-ਟੀਂਡੇ ਵੇਚ'ਤੇ ਗਿਆ ਗਹਿਣਾ ਗੱਟਾ ਖਾ।
ਧੀ ਬਿਗਾਨੀ ਵਿਲਕਦੀ ਬੱਚੇ ਭੁੱਬੀਂ ਰੋਣ, ਰੱਬ ਹੀ ਜਾਣੇ ਇਨ੍ਹਾਂ ਦਾ ਅੱਗੇ ਬਣ ਕਿਆ?
ਸੁੰਗੜੀ ਬੈਠੀ ਰਹੇ ਵਿਚਾਰੀ ਕਰੇ ਨਾ ਕੋਈ ਹੁੱਤ। ਨਾ ਅੱਖ ਦਾ ਤਾਰਾ ਸੁਧਰਿਆ ਬਾਪੂ ਬੜਾ ਫੇਰਿਆ ਜੁੱਤ।
ਹੁੰਦਾ ਬਾਲ-ਵਰੇਸ ਤੋਂ ਬੁਢਾਪੇ ਵਿਚ ਪ੍ਰਵੇਸ਼। ਤਾਂ ਨ੍ਹੀਂ 'ਭੌਰੇ' ਮੁੱਕਦਾ ਘਰ 'ਚੋਂ ਕਲਾ-ਕਲੇਸ਼।

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

(ਸਫਾ 22 ਦੀ ਬਾਕੀ)

ਹੋਇਆ। ਇਹ ਗੱਲ ਜਨਵਰੀ ਮਹੀਨੇ ਦੀ ਹੈ।

ਪਹਿਲੀ ਅਪਰੈਲ ਨੂੰ ਅਪਰੈਲ ਫੂਲ ਵਜੋਂ ਦਫਤਰ ਦੇ ਨੋਟਿਸ ਬੋਰਡਾਂ ਉਤੇ 'ਪੰਜਾਬੀ ਟ੍ਰਿਬਿਊਨ' ਦੇ ਸਟਾਫ ਮੈਂਬਰਾਂ ਬਾਰੇ ਟਿੱਪਣੀਆਂ ਦਾ ਪਰਚਾ ਲੱਗਾ ਹੋਇਆ ਸੀ। ਮੇਰੇ ਬਾਰੇ ਟਿੱਪਣੀ ਸੀ-'ਆਖਿਰ 12 ਵਰ੍ਹਿਆਂ ਬਾਅਦ ਰੂੜੀ ਦੀ ਵੀ ਸੁਣੀ ਗਈ।' ਉਂਜ, ਇਕ ਤਰ੍ਹਾਂ ਨਾਲ ਇਹ ਸਾਡੀ ਜਿੱਤ ਨਹੀਂ ਬਲਕਿ ਇਖਲਾਕੀ ਹਾਰ ਸੀ। ਮੈਨੂੰ 'ਮੁਕਤੀ' ਤਾਂ ਮਿਲ ਗਈ ਪ੍ਰੰਤੂ ਆਤਮਾ ਦੇ ਪੱਧਰ 'ਤੇ ਇਸ ਮੁਹਿੰਮ ਵਿਚ ਸਾਡਾ ਬੜਾ ਕੁਝ ਕੀਮਤੀ ਸਰਮਾਇਆ ਦਾਅ 'ਤੇ ਲੱਗ ਗਿਆ ਸੀ।

ਪਿੱਛੋਂ ਪਤਾ ਲੱਗਾ ਕਿ ਫਸਟ ਅਪਰੈਲ ਵਾਲੀਆਂ ਇਹ ਟਿੱਪਣੀਆਂ ਦਲਬੀਰ ਦੀਆਂ ਲਿਖੀਆਂ ਹੋਈਆਂ ਸਨ। ਇਹ ਉਹੀ ਦਲਬੀਰ ਸੀ ਜਿਸ ਨੂੰ ਪਾਠਕ ਉਸ ਦੇ ਕਾਲਮ 'ਜਗਤ ਤਮਾਸ਼ਾ' ਕਰਕੇ ਜਾਣਦੇ ਹਨ। ਇਹ ਕਾਲਮ 'ਪੰਜਾਬ ਟਾਈਮਜ਼' ਵਿਚ ਵੀ ਛਪਦਾ ਰਿਹਾ ਹੈ। ਮੇਰਾ ਉਦੋਂ ਵੀ ਵਿਸ਼ਵਾਸ ਸੀ ਕਿ ਉਹ ਪੰਜਾਬੀ ਦੇ ਚੋਟੀ ਦੇ ਪੇਸ਼ੇਵਰ ਪੱਤਰਕਾਰਾਂ ਵਿਚੋਂ ਇਕ ਸੀ ਅਤੇ ਅੱਜ ਤੱਕ ਵੀ ਹੈ ਕਿ ਉਸ ਜਿਹੇ ਕਾਬਲ ਪੱਤਰਕਾਰ ਅੱਜ ਵੀ ਇਕ ਦੋ ਹੀ ਹੋਰ ਹਨ। ਉਹੋ ਸ਼ਾਮ ਸਿੰਘ ਅਤੇ ਦਲਬੀਰ ਜੋ ਮੇਰਾ ਸਖਤ ਵਿਰੋਧ ਕਰਦੇ ਆਏ ਸਨ, ਮੇਰੇ ਕੰਮ ਕਰਕੇ ਪਿਛੋਂ ਮੇਰੇ ਪ੍ਰਸ਼ੰਸਕ ਵੀ ਬਣ ਗਏ। ਸਾਲ ਕੁ ਬਾਅਦ ਨਰਿੰਦਰ ਭੁੱਲਰ 'ਪੰਜਾਬੀ ਟ੍ਰਿਬਿਊਨ' ਵਿਚ ਆ ਗਿਆ ਅਤੇ ਮੇਰਾ ਬਹੁਤ ਕਰੀਬੀ ਦੋਸਤ ਵੀ ਬਣਿਆ। 2007 ਵਿਚ ਉਹ ਇੱਥੇ ਸ਼ਿਕਾਗੋ ਮੇਰੇ ਪਾਸ ਆਇਆ, ਮੇਰੇ ਕੋਲ ਤਿੰਨ ਮਹੀਨੇ ਰਿਹਾ ਅਤੇ ਇਥੋਂ ਵਾਪਸ ਜਾਂਦਿਆਂ ਚੌਥੇ ਦਿਨ ਹੀ ਇਕ ਸੜਕ ਹਾਦਸੇ ਵਿਚ ਇਸ ਜਹਾਨੋਂ ਤੁਰਦਾ ਹੋਇਆ। ਉਸ ਨਾਲ ਦੋਸਤੀ ਦੀ ਬਾਤ ਕਦੀ ਫਿਰ।

ਗੁਰਪੁਰਬ 'ਤੇ ਵਿਸ਼ੇਸ਼

# ਜਗਤ ਗੁਰੂ ਬਾਬਾ ਨਾਨਕ

ਪ੍ਰਿੰ. ਸ਼ਮਸ਼ੇਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸੰਸਾਰ ਦੀ ਧਰਮ ਚੇਤਨਾ ਵਿਚ ਇਕ ਅਲੌਕਿਕ ਕ੍ਰਿਸ਼ਮਾ ਪੈਦਾ ਹੋਇਆ। ਉਨ੍ਹਾਂ ਦਾ ਜੀਵਨ ਮਿਸ਼ਨ ਸਮੁਚੀ ਮਾਨਵਤਾ ਨੂੰ ਇਕ ਪਧਰ ਉਤੇ ਇਕਸਾਰਤਾ ਅਤੇ ਇਕਸੁਰਤਾ ਵਿਚ ਪਰੋਣਾ ਸੀ। ਆਖਣ ਵਿਚ ਇਹ ਸ਼ਬਦ ਇਕਸਾਰਤਾ ਅਤੇ ਇਕਸੁਰਤਾ ਬਹੁਤ ਸੌਖੇ ਅਤੇ ਸੰਖੇਪ ਜਾਪਦੇ ਹਨ, ਪ੍ਰੰਤੂ ਇਨ੍ਹਾਂ ਨੂੰ ਧਾਰਨ ਕਰਨ ਅਤੇ ਕਰਵਾਉਣ ਲਈ ਪਹਾੜ ਜਿਡੇ ਜਿਗਰੇ ਤੇ ਉਤਸ਼ਾਹ ਦੀ ਲੋੜ ਹੁੰਦੀ ਹੈ, ਫਿਰ ਅਜਿਹੇ ਸਮੇਂ ਜਦੋਂ ਸੰਸਾਰ ਵਿਚ ਹਰ ਪਾਸੇ ਪਾਪ ਅਤੇ ਜ਼ੁਲਮ ਦਾ ਬੋਲਬਾਲਾ ਹੋਵੇ। ਸਮਕਾਲੀ ਸਮਾਜ ਵਿਚ ਮਨੁਖ ਦੀਆਂ ਇਖਲਾਕੀ ਕਦਰਾਂ ਕੀਮਤਾਂ ਇਤਨੀਆਂ ਗਿਰ ਚੁਕੀਆਂ ਹੋਣ ਕਿ ਉਨ੍ਹਾਂ ਵਿਚੋਂ ਸ਼ਾਇਦ ਚੰਗਿਆਈ ਦੇ ਤਤ ਖਤਮ ਹੀ ਹੋ ਗਏ ਹੋਣ। ਪਾਪ ਕਰਨ ਵਾਲੇ ਜ਼ਾਲਮਾਂ ਦੀ ਜ਼ਮੀਰ ਇਤਨੀ ਮਰ ਚੁਕੀ ਸੀ ਕਿ ਉਨ੍ਹਾਂ ਨੂੰ ਅਪਰਾਧ ਕਰਨਾ ਬੁਰਾ ਨਹੀਂ ਸੀ ਲਗਦਾ, ਸਗੋਂ ਚੰਗਾ ਲਗਦਾ ਸੀ। ਬੁਰਾਈ ਤੋਂ ਘਿਰਣਾ ਹੋਣ ਦੀ ਥਾਂ ਉਹ ਬੁਰੇ ਕਰਮ ਦੀ ਚਾਹਤ ਰਖਣ ਵਾਲੇ ਬਣ ਗਏ ਸਨ। ਗੁਰਬਾਣੀ ਵਿਚ ਗੁਰੂ ਪਾਤਸ਼ਾਹ ਨੇ ਮਾਨਵ ਦੀ ਇਸ ਬਿਰਤੀ ਦਾ ਬਹੁਤ ਥਾਈਂ ਜ਼ਿਕਰ ਕੀਤਾ ਹੈ,

ਪਾਪੁ ਬੁਰਾ ਪਾਪੀ ਕਉ ਪਿਆਰਾ॥
ਪਾਪਿ ਲਦੇ ਪਾਪੇ ਪਾਸਾਰਾ॥

ਧਰਮ ਨਾਂ ਕਰਕੇ ਤਾਂ ਸੀ, ਪ੍ਰੰਤੂ ਧਰਮ ਦੀ ਸੂਝ ਤੋਂ ਮਾਨਵਤਾ ਸਖਣੀ ਹੋ ਚੁਕੀ ਸੀ। ਧਰਮ ਦੇ ਆਗੂਆਂ ਵਿਚ ਧਰਮ ਦੀ ਪ੍ਰਤੀਤੀ ਨਹੀਂ ਸੀ, ਇਸ ਲਈ ਪੂਜਾ ਵਿਅਰਥ ਸੀ। ਸੱਚ ਨਹੀਂ ਤਾਂ ਸੰਜਮ ਕਾਹਦਾ? ਜਤ ਨਹੀਂ ਤਾਂ ਜਨੇਊ ਦੇ ਕੀ ਅਰਥ? ਬਾਹਰਲੇ ਕਰਮ ਕਾਂਡਾਂ ਨਾਲ ਸੁਚ ਨਹੀਂ ਹੋ ਸਕਦੀ। ਅਜਿਹੀਆਂ ਫੋਕਟ ਪੂਜਾ ਵਿਧੀਆਂ ਦੀ ਉਨ੍ਹਾਂ ਨਿਰਭੈ ਹੋ ਕੇ ਵਿਰੋਧਤਾ ਕੀਤੀ। ਗੁਰੂ ਜੀ ਨੇ ਸਮੇਂ ਦੇ ਧਾਰਮਿਕ ਆਗੂਆਂ ਦੀ ਉਨ੍ਹਾਂ ਦੀਆਂ ਕਰਤੂਤਾਂ ਕਰਕੇ ਸਖਤ ਨਿਖੇਧੀ ਕੀਤੀ ਅਤੇ ਉਨ੍ਹਾਂ ਨੂੰ ਧਰਮ ਦੀ ਬਰਬਾਦੀ ਕਰਨ ਵਾਲੇ ਉਜਾੜੂ ਦਸਿਆ। ਗੁਰਦੇਵ ਜੀ ਦੇ ਸਮੇਂ ਬ੍ਰਾਹਮਣ, ਕਾਜ਼ੀ ਅਤੇ ਜੋਗੀ ਆਪਣੇ ਆਪਣੇ ਧਾਰਮਿਕ ਮਤਾਂ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਦਾ ਕਿਰਦਾਰ ਇਤਨਾ ਘਟੀਆ ਅਤੇ ਨਿੰਦਣਯੋਗ ਬਣ ਚੁਕਾ ਸੀ ਕਿ ਉਹ ਕਿਸੇ ਤਰ੍ਹਾਂ ਵੀ ਆਪਣੇ ਧਾਰਮਿਕ ਫਿਰਕਿਆਂ ਦੀ ਅਗਵਾਈ ਦੇ ਯੋਗ ਨਹੀਂ ਸਨ। ਹਜ਼ੂਰ ਦੇ ਆਪਣੇ ਸ਼ਬਦਾਂ ਵਿਚ ਉਨ੍ਹਾਂ ਦਾ ਇਖਲਾਕ ਇਉਂ ਬਿਆਨ ਹੈ,

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥

ਕਾਜ਼ੀ ਇਸਲਾਮ ਧਰਮ ਵਿਚ ਨਿਆਂ ਕਰਨ ਵਾਲਾ ਅਧਿਕਾਰੀ ਹੁੰਦਾ ਸੀ। ਕਿਸੇ ਰਾਜਨੀਤਕ ਵਿਵਸਥਾ ਵਿਚ ਨਿਆਂ ਪ੍ਰਣਾਲੀ ਉਸ ਰਾਜ ਦਾ ਇਕ ਬਹੁਤ ਮਹਤਵਪੂਰਨ ਅੰਗ ਹੈ। ਨਿਆਂ ਦੀ ਪ੍ਰਾਪਤੀ ਨਾਲ ਲੋਕਾਈ ਵਿਚ ਰਾਜ ਦੇ ਮੁਖੀ ਪ੍ਰਤੀ ਵਿਸ਼ਵਾਸ ਦੀ ਭਾਵਨਾ ਉਪਜਦੀ ਹੈ, ਪ੍ਰੰਤੂ ਜਦੋਂ ਨਿਆਂ ਕਰਨ ਵਾਲੇ ਅਧਿਕਾਰੀ ਰਿਸ਼ਵਤੀ, ਢੌਂਗੀ ਅਤੇ ਝੂਠੇ ਬਣ ਕੇ ਨਿਆਂ ਦੀਆਂ ਧਜੀਆਂ ਉਡਾਉਂਦੇ ਹੋਣ ਤਾਂ ਪਰਜਾ ਦੀ ਮਾਨਸਿਕਤਾ ਨੂੰ ਸਮਝਣਾ ਕੋਈ ਕਠਿਨ ਨਹੀਂ ਹੁੰਦਾ।

ਹਿੰਦੂ ਵਰਣ ਵੰਡ ਵਿਚ ਬ੍ਰਾਹਮਣ ਨੇ ਸਭ ਤੋਂ ਉਚੀ ਪਦਵੀ ਉਪਰ ਆਪਣਾ ਅਧਿਕਾਰ ਰਖਿਆ ਹੋਇਆ ਸੀ। ਸਾਰੀਆਂ ਧਾਰਮਿਕ ਕਿਰਿਆਵਾਂ ਦਾ ਉਹ ਮੁਖੀਆ ਹੁੰਦਾ ਸੀ। ਵਿਦਿਆ ਪੜ੍ਹਾਉਣ ਦੀ ਜ਼ਿੰਮੇਵਾਰੀ ਵੀ ਉਸ ਦੀ ਸੀ। ਵਿਦਿਆ ਪ੍ਰਾਪਤੀ ਨੂੰ ਉਸ ਨੇ ਦੋ ਵਰਣਾਂ ਤਕ ਸੀਮਤ ਕੀਤਾ ਹੋਇਆ ਸੀ। ਵਿਦਿਆ ਦੇ ਪ੍ਰਕਾਸ਼ ਨਾਲ ਅਗਿਆਨਤਾ ਦੂਰ ਹੁੰਦੀ ਹੈ ਤੇ ਮਾਨਵ ਨੂੰ ਆਪਣੇ ਕਰਤਵਾਂ ਅਤੇ ਫਰਜ਼ਾਂ ਪ੍ਰਤੀ ਚੇਤਨਾ ਹਾਸਿਲ ਹੁੰਦੀ ਹੈ ਪਰ ਪੂਜਾ ਦਾ ਧਾਨ ਖਾਣ ਵਾਲੇ ਇਨ੍ਹਾਂ ਕਪਟੀਆਂ ਨੇ ਲੋਕਾਈ ਨੂੰ ਅਗਿਆਨ ਦੀ ਜ਼ਹਾਲਤ ਵਿਚ ਡੱਕੀ ਰੱਖਿਆ ਤੇ ਕਈ ਪੱਖਾਂ ਤੋਂ ਮਾਨਵ ਦੀ ਬੌਧਿਕ ਉਸਾਰੀ ਦੇ ਕਾਤਲ ਬਣੇ।

ਜੋਗੀ ਪਰਮਾਤਮਾ ਨਾਲ ਮਿਲਾਪ ਲਈ ਇਕਾਂਤਵਾਸ ਦਾ ਸਹਾਰਾ ਲੈਣ ਲਈ ਜੰਗਲਾਂ ਵਿਚ ਨਿਵਾਸ ਕਰਨ ਲਗੇ। ਉਨ੍ਹਾਂ ਲਈ ਸੰਸਾਰ ਦਾ ਤਿਆਗ ਪਹਿਲਾ ਪੜ੍ਹਾਅ ਸੀ। ਗੁਰੂ ਜੀ ਨੇ ਜੋਗੀਆਂ ਨੂੰ ਸਪਸ਼ਟ ਕੀਤਾ ਕਿ ਜੁਗਤੀ ਤੋਂ ਬਿਨਾਂ ਪ੍ਰਭੂ ਮਿਲਾਪ ਲਈ ਟੱਕਰਾਂ ਮਾਰਨੀਆਂ ਕੇਵਲ ਅਗਿਆਨ ਹੀ ਨਹੀਂ, ਸਗੋਂ ਮੂਰਖਤਾ ਵੀ ਹੈ। ਜਿਸ ਸਮਾਜ ਵਿਚ ਤੁਸੀਂ ਪੈਦਾ ਹੋਏ ਹੋ, ਉਸ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੋ ਸਕੇਗਾ। ਉਨ੍ਹਾਂ ਉਸ ਸਮੇਂ ਦੇ ਧਾਰਮਿਕ ਮੁਖੀਆਂ ਦੇ ਕਿਰਦਾਰ ਨੂੰ ਨੰਗਿਆਂ ਕਰਦਿਆਂ ਸਪਸ਼ਟ ਕੀਤਾ ਕਿ ਉਹ ਆਗੂ ਹੀ ਪਰਜਾ ਨੂੰ ਬਰਬਾਦ ਕਰ ਰਹੇ ਹਨ,

ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥

ਅਜਿਹੀ ਗਿਰਾਵਟ ਕੇਵਲ ਧਾਰਮਿਕ ਮਸਲਿਆਂ ਵਿਚ ਹੀ ਨਹੀਂ ਸੀ ਆਈ, ਸਗੋਂ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਵਿਵਸਥਾ ਵੀ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁਕੀ ਸੀ। ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਸੀ। ਉਹ ਸ਼ੀਹਾਂ ਦੀ ਤਰ੍ਹਾਂ ਪਰਜਾ ਦਾ ਘਾਤ ਕਰ ਰਹੇ ਸਨ। ਉਨ੍ਹਾਂ ਦੇ ਅਹਿਲਕਾਰਾਂ ਨੇ ਕੁਤਿਆਂ ਦੇ ਸੁਭਾਅ ਅਖਤਿਆਰ ਕਰ ਲਏ ਸਨ। ਇਸ ਤਰ੍ਹਾਂ ਰਾਜ ਦੇ ਮੁਖੀ ਆਪਣੀਆਂ ਦਰਬਾਰੀ ਜੁੰਡਲੀਆਂ ਸਮੇਤ ਲੋਕਾਂ ਦਾ ਲਹੂ ਪੀ ਰਹੇ ਸਨ। ਅਜਿਹੇ ਜਾਬਰਾਂ, ਲਹੂ ਪੀਣਿਆਂ ਦੇ ਮੂੰਹ ਉਤੇ ਗੁਰੂ ਬਾਬੇ ਨੇ ਨਿਡਰਤਾ ਨਾਲ ਆਖਿਆ,

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥

ਜਦੋਂ ਬਾਬਰ ਨੇ ਹਿੰਦ ਉਪਰ ਹਮਲਾ ਕੀਤਾ ਤਾਂ ਇਥੋਂ ਦੇ ਡਰਪੋਕ ਰਾਜਿਆਂ ਤੇ ਦਰਬਾਰੀਆਂ ਨੇ ਉਸ ਦਾ ਢੁਕਵਾਂ ਉਤਰ ਨਹੀਂ ਦਿਤਾ। ਹਿੰਦੂ ਜਾਤੀ ਦੀ ਵਰਣ ਵੰਡ ਦੇ ਸਿਟੇ ਵਜੋਂ ਦੇਸ਼ ਦੀ ਰਖਿਆ ਦੀ ਜ਼ਿੰਮੇਵਾਰੀ ਕੇਵਲ ਖਤਰੀਆਂ ਉਪਰ ਸੀ। ਜਦੋਂ ਕਿਸੇ ਸਮਾਜ, ਰਾਜ ਜਾਂ ਦੇਸ਼ ਦੀ ਸਮੁਚਤਾ ਵਿਚੋਂ ਕੇਵਲ ਇਕ ਵਰਗ ਨੇ ਟਾਕਰਾ ਕਰਨਾ ਹੋਵੇ ਤਾਂ ਜਿਤ ਦੀ ਆਸ ਕਰਨੀ ਮੂਰਖਤਾ ਹੈ। ਬਾਕੀ ਦੇ ਦੋ ਹਿੱਸੇ ਤਾਂ ਕਿਸੇ ਗਿਣਤੀ ਵਿਚ ਨਹੀਂ ਸਨ ਅਤੇ ਬ੍ਰਾਹਮਣਾਂ ਨੇ ਪੂਜਾ ਪਾਠ ਤੇ ਮਾਨਸਿਕ ਭੁਖ ਤੋਂ ਉਪਰ ਕਦੇ ਸੋਚਿਆ ਹੀ ਨਹੀਂ ਸੀ। ਇਸ ਲਈ ਬਾਬਰ ਦੀਆਂ ਫੌਜਾਂ ਨੇ ਰਤਨ ਵਰਗੇ ਖੂਬਸੂਰਤ ਦੇਸ਼ ਨੂੰ ਉਜਾੜ ਕੇ ਰਖ ਦਿਤਾ, ਪਰ ਇਨ੍ਹਾਂ ਕੁੱਤਿਆਂ ਦੀ ਗੈਰਤ ਅਤੇ ਅਣਖ ਮਾਨੋ ਮਰ ਹੀ ਚੁਕੀ ਸੀ। ਇਸ ਸ਼ਰਮਨਾਕ ਅਵਸਥਾ ਵਿਚ ਜੀਵਨ ਬਸਰ ਕਰਨਾ ਗੁਰੂ ਜੀ ਨੂੰ ਪ੍ਰਵਾਨ ਨਹੀਂ ਸੀ, ਇਸੇ ਲਈ ਉਨ੍ਹਾਂ ਅਜਿਹੇ ਸਮਾਜ ਦਾ ਨਿਰਮਾਣ ਕਰਨ ਦਾ ਬੀੜਾ ਚੁਕਿਆ, ਜਿਥੇ ਅਣਖ ਜਿੰਦਾ ਹੋਵੇ, ਗੈਰਤ ਦੇ ਕੁਝ ਅਰਥ ਹੋਣ, ਨਿਰਭੈਤਾ ਅਤੇ ਨਿਰਵੈਰਤਾ ਜਿਥੇ ਇਕਸੁਰ ਹੋਣ, ਜਿਥੇ ਕੋਈ ਮੁਖੀਆ ਦੂਸਰਿਆਂ ਦਾ ਸ਼ੋਸ਼ਣ ਨਾ ਕਰੇ। ਜੇ ਅਜਿਹਾ ਨਹੀਂ ਹੈ ਤਾਂ ਜੀਵਨ ਦਾ ਕੋਈ ਮਕਸਦ ਨਹੀਂ, ਉਦੇਸ਼ ਨਹੀਂ,

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਸਮਾਜਿਕ ਪਧਰ ਉਤੇ ਵੀ ਉਸ ਸਮੇਂ ਬਹੁਤ ਲੁਟ ਖਸੁਟ ਸੀ, ਸ਼ਕਤੀਸ਼ਾਲੀ ਵਿਅਕਤੀ ਕਮਜ਼ੋਰਾਂ ਲਈ ਹਊਆ ਬਣਿਆ ਰਹਿੰਦਾ। ਜਰਵਾਣਾ ਸਦਾ ਹੀ ਕਮਜ਼ੋਰ ਨੂੰ ਆਪਣੀ ਖੇਤੀ ਸਮਝਦਾ ਆਇਆ ਹੈ। ਮਾੜੇ ਦੇ ਹੱਕ ਨੂੰ ਦਬਾਉਣਾ ਉਸ ਦੀ ਸ਼ਾਨ ਦਾ ਇਕ ਹਿੱਸਾ ਬਣ ਗਿਆ ਸੀ। ਗੁਰੂ ਜੀ ਨੇ ਜਰਵਾਣੇ ਦੀ ਇਸ ਕੁਬੁਧ ਬਿਰਤੀ ਨੂੰ ਠੱਲ ਪਾਉਣ ਲਈ ਸਪਸ਼ਟ ਕੀਤਾ,

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥

ਸਮਾਜ ਨੂੰ ਜਾਤੀ ਵੰਡ ਨੇ ਸਾਹ ਸਤ ਹੀਣ ਕੀਤਾ ਹੋਇਆ ਸੀ। ਅਖੌਤੀ ਉਚੀਆਂ ਜਾਤਾਂ ਵਾਲੇ ਨੀਵੀਆਂ ਜਾਤਾਂ ਵਾਲੇ ਪ੍ਰਾਣੀਆਂ ਨੂੰ ਘਟੀਆ ਹੀ ਨਹੀਂ ਸਨ ਸਮਝਦੇ, ਸਗੋਂ ਘਿਰਣਾ ਅਤੇ ਨਫਰਤ ਵੀ ਕਰਦੇ ਸਨ। ਉਨ੍ਹਾਂ ਨੂੰ ਧਾਰਮਿਕ ਪੁਸਤਕਾਂ ਪੜ੍ਹਨ ਦਾ ਅਧਿਕਾਰ ਨਹੀਂ ਸੀ। ਉਹ ਮੰਦਰਾਂ ਵਿਚ ਪੂਜਾ ਨਹੀਂ ਸਨ ਕਰ ਸਕਦੇ। ਅਖੌਤੀ ਉਚ ਜਾਤੀਆਂ ਦੇ ਖੂਹਾਂ ਤੋਂ ਪਾਣੀ ਨਹੀਂ ਸਨ ਭਰ ਸਕਦੇ। ਗੁਰੂ ਜੀ ਨੇ ਅਜਿਹੀ ਵਰਗ ਵੰਡ ਨੂੰ ਮੂਲੋਂ ਹੀ ਰਦ ਕਰ ਦਿਤਾ ਅਤੇ ਜਾਤੀ ਅਭਿਮਾਨ ਨੂੰ ਫਜ਼ੂਲ ਦੀ ਬਕਵਾਸ ਦਾ ਨਾਂ ਦਿਤਾ। ਉਨ੍ਹਾਂ ਅਨੁਸਾਰ ਸਭ ਪ੍ਰਾਣੀ ਮਾਤਰ ਇਕ ਅਕਾਲ ਪੁਰਖ ਦੀ ਰਚਨਾ ਹਨ ਤੇ ਉਨ੍ਹਾਂ ਦੇ ਅਧਿਕਾਰ ਬਰਾਬਰ ਹਨ। ਉਨ੍ਹਾਂ 'ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥' ਆਖ ਕੇ ਜਾਤੀ ਅਭਿਮਾਨ ਦੇ ਖੋਖਲੇ ਭਰਮ ਗੜ੍ਹ ਨੂੰ ਤੋੜ ਦਿਤਾ। ਉਨ੍ਹਾਂ ਆਪਣੇ ਆਪ ਨੂੰ ਉਨ੍ਹਾਂ ਨੀਚ ਕਹੇ ਜਾਣ ਵਾਲਿਆਂ ਵਿਚ ਸ਼ਾਮਲ ਕਰਕੇ ਉਨ੍ਹਾਂ ਦੀ ਸ਼ਕਤੀ ਸੰਭਾਵਨਾ ਨੂੰ ਉਜਾਗਰ ਕੀਤਾ ਅਤੇ ਸਪਸ਼ਟ ਕੀਤਾ ਕਿ ਜਿਥੇ ਨੀਵਿਆਂ ਦੀ ਸੰਭਾਲ ਹੁੰਦੀ ਹੈ ਉਥੇ ਪ੍ਰਭੂ ਦੀ ਮੇਹਰ ਦੀ ਨਜ਼ਰ ਹੁੰਦੀ ਹੈ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

ਸਮਾਜਿਕ ਜੀਵਨ ਦੀ ਨੀਂਹ, ਗ੍ਰਿਹਸਥੀ ਜੀਵਨ ਵਿਚ ਪਤੀ-ਪਤਨੀ ਦਾ ਪਿਆਰ ਜੋ ਬੇਲਾਗ ਤੇ ਨਿਸਚੇਮਈ ਹੁੰਦਾ ਹੈ ਤੇ ਜੋ ਸਮਾਜ ਦੀ ਮੁਢਲੀ ਇਕਾਈ ਪਰਿਵਾਰ ਨੂੰ ਸਦਾ ਪ੍ਰਭਾਵਿਤ ਕਰਦਾ ਹੈ, ਵਿਚ ਵੀ ਇਖਲਾਕੀ ਕਦਰਾਂ ਕੀਮਤਾਂ ਵਿਚ ਅਣਕਿਆਸੀ ਗਿਰਾਵਟ ਆ ਚੁਕੀ ਸੀ। ਇਸ ਭਾਵਨਾਤਮਕ ਰਿਸ਼ਤੇ ਵਿਚ ਵੀ ਖੋਟੀ ਕਮਾਈ ਨੂੰ ਪਹਿਲ ਪ੍ਰਾਪਤ ਹੋ ਚੁਕੀ ਸੀ, ਜੇ ਖੋਟੀ ਨਹੀਂ ਤਾਂ ਭਾਵੇਂ ਕਿਥੇ ਕੋਈ ਪਿਆ ਜਾਵੇ, ਆਵੇ, ਕੋਈ ਪੁਛਦਾ ਨਹੀਂ ਸੀ,

ਇਸਤਰੀ ਪੁਰਖੈ ਖਟਿਐ ਭਾਉ॥
ਭਾਵੈ ਆਵਉ ਭਾਵੈ ਜਾਉ॥

ਇਸ ਪਹੁੰਚ ਨੂੰ ਖਤਮ ਕਰਨ ਲਈ ਗੁਰਦੇਵ ਨੇ ਪਤੀ-ਪਤਨੀ ਦੇ ਪ੍ਰੇਮ ਨੂੰ ਪ੍ਰਭੂ ਪਰਾਇਣ ਕਰਦਿਆਂ ਸਪਸ਼ਟ ਕੀਤਾ ਕਿ ਜੇ ਇਸਤਰੀ ਵਿਚ ਪਤੀ ਦਾ ਬਹੁਤ ਪ੍ਰੇਮ ਹੋਵੇ ਤਾਂ ਦਿਆਲੂ ਪਤੀ ਖੁਸ਼ ਹੋ ਕੇ ਪਿਆਰ ਦਿੰਦਾ ਹੈ। ਫਿਰ ਪ੍ਰਭੂ ਪਤੀ ਆਪ ਕਿਰਪਾ ਕਰਦਾ ਹੈ ਤੇ ਇਸਤਰੀ ਦਾ ਪਤੀ ਨਾਲ ਮੇਲ ਹੁੰਦਾ ਹੈ। ਪਤੀ ਨਾਲ ਮਿਲ ਕੇ ਸੇਜ ਸੋਹਣੀ ਲਗਦੀ ਹੈ ਤੇ ਇਸਤਰੀ ਦੇ ਸੱਤੇ ਸ੍ਰੋਤ ਅੰਮ੍ਰਿਤ ਨਾਲ ਭਰ ਜਾਂਦੇ ਹਨ,

ਧਨ ਪਿਰ ਨੇਹੁ ਘਣਾ ਰਸਿ
ਪ੍ਰੀਤਿ ਦਇਆਲਾ ਰਾਮ॥
ਧਨ ਪਿਰਹਿ ਮੇਲਾ ਹੋਇ ਸੁਆਮੀ
ਆਪਿ ਪ੍ਰਭੁ ਕਿਰਪਾ ਕਰੇ॥
ਸੇਜਾ ਸੁਹਾਵੀ ਸੰਗਿ ਪਿਰ ਕੈ
ਸਾਤ ਸਰ ਅੰਮ੍ਰਿਤ ਭਰੇ॥

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਭਿਆਚਾਰ ਦੀ ਅਧੋਗਤੀ ਸਿਖਰਾਂ ਛੂਹ ਰਹੀ ਸੀ। ਧਰਮ ਪ੍ਰਤੀ ਉਨ੍ਹਾਂ ਦਾ ਵਿਸ਼ਵਾਸ ਅਤੇ ਦ੍ਰਿੜ੍ਹਤਾ ਜਿਥੇ ਡਾਵਾਂਡੋਲ ਸਥਿਤੀ ਵਿਚ ਸੀ, ਉਥੇ ਲਿਬਾਸ ਅਤੇ ਖੁਰਾਕ ਵੀ ਉਨ੍ਹਾਂ ਦੀ ਆਪਣੀ ਨਹੀਂ ਸੀ। ਮਲੇਛਾਂ ਦਾ ਧਾਨ ਖਾਣ ਲਈ ਕਈ ਤਰ੍ਹਾਂ ਦੇ ਪਾਪੜ ਵੇਲੇ ਜਾਂਦੇ ਸਨ। ਹਾਲਤ ਇਹ ਸੀ ਲੋਕ ਅੰਦਰੀਂ ਲੁਕ ਛਿਪ ਕੇ ਪੂਜਾ ਕਰਦੇ ਸਨ, ਪ੍ਰੰਤੂ ਡਰਦੇ ਮਾਰੇ ਦਿਖਾਵਾ ਮੁਸਲਮਾਨੀ ਪੁਸਤਕਾਂ ਪੜ੍ਹਨ ਦਾ ਕਰਦੇ ਸਨ ਤੇ ਰਹਿਣੀ ਬਹਿਣੀ ਵੀ ਉਨ੍ਹਾਂ ਵਾਲੀ ਹੀ ਰਖਣ ਦੇ ਆਦੀ ਹੋ ਗਏ ਸਨ,

ਅੰਤਰਿ ਪੂਜਾ ਪੜਹਿ ਕਤੇਬਾ
ਸੰਜਮੁ ਤੁਰਕਾ ਭਾਈ॥

ਇਥੇ ਹੀ ਬਸ ਨਹੀਂ, ਸਭਿਆਚਾਰ ਦਾ ਮਹਤਵਪੂਰਨ ਤਤ ਮਾਂ ਬੋਲੀ ਨੂੰ ਤਿਆਗ ਕੇ ਇਨ੍ਹਾਂ ਅਖੌਤੀ ਆਗੂਆਂ ਨੇ ਸਭ ਤੋਂ ਵਡੀ ਅਵਗਿਆ ਕੀਤੀ ਅਤੇ ਆਪਣੇ ਦਿਵਾਲੀਏਪਨ ਦਾ ਸਬੂਤ ਦਿਤਾ। ਛਤਰੀ ਲੋਕਾਂ ਦਾ ਫਰਜ਼ ਸੀ ਕਿ ਆਪਣੇ ਦੇਸ਼ ਦੇ ਧਰਮ-ਕਰਮ ਅਤੇ ਬੋਲੀ ਨੂੰ ਬਚਾ ਕੇ ਰਖਦੇ, ਪ੍ਰੰਤੂ ਅਜਿਹਾ ਕਰਨ ਦੀ ਥਾਂ ਉਨ੍ਹਾਂ ਗੁਲਾਮੀ ਵਾਲੀ ਬਿਰਤੀ ਨੂੰ ਪਹਿਲ ਦਿਤੀ,

(ੳ) ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।

(ਅ) ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਲਗਾਤਾਰ ਵਿਸ਼ਵ ਦਾ ਭਰਮਣ ਯਾਨਿ ਉਦਾਸੀਆਂ ਕਰਕੇ ਥਾਂ ਪਰ ਥਾਂ ਸੰਗਤਾਂ ਦੀ ਸਥਾਪਨਾ ਕੀਤੀ। ਆਮ ਜਨ ਸਾਧਾਰਨ ਨੂੰ ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕਰਵਾ ਕੇ 'ਘਾਲਿ ਖਾਇ ਕਿਛੁ ਹਥਹੁ ਦੇਇ' ਦਾ ਉਪਦੇਸ਼ ਦਿਤਾ। ਜ਼ਬਰ ਦਾ ਟਾਕਰਾ ਸਬਰ ਨਾਲ ਕਰਨ ਦੇ ਨਾਲ ਨਾਲ ਹਲੇਮੀ ਰਾਜ ਦੇ ਆਦਰਸ਼ ਦੀ ਸਥਾਪਤੀ ਲਈ ਚੇਤੰਨ ਕੀਤਾ ਤੇ 'ਰਾਜੇ ਸੀਹ ਮੁਕਦਮ ਕੁਤੇ' ਦੇ ਅਤਿਆਚਾਰਾਂ ਦਾ ਅੰਤ ਕਰਨ ਲਈ ਲੋਕਾਈ ਨੂੰ ਜਥੇਬੰਦ ਕਰਕੇ ਇਕ ਕੌਮ ਵਜੋਂ ਉਭਾਰਿਆ।

ਇਹ ਅਟਲ ਸੱਚਾਈ ਹੈ ਕਿ ਇਤਿਹਾਸ ਦੇ ਉਸ ਸੰਕਟ ਕਾਲ ਵਿਚ ਗੁਰੂ ਜੀ ਨੇ ਸੋਚ ਤੇ ਸੰਵੇਦਨਾ, ਸੱਚ ਤੇ ਸਚਿਆਰ, ਹਕ ਤੇ ਇਨਸਾਫ, ਪਤਿ ਤੇ ਪੂਜਾ ਅਤੇ ਸੱਚ ਤੇ ਸੁਹਜ ਦਾ ਵਿਲਖਣ ਜੀਵਨ ਲਕਸ਼ ਪੇਸ਼ ਕਰਕੇ ਜਗਤ ਜਲੰਦੇ ਨੂੰ ਠਾਰਿਆ।

ਅਫਸੋਸ ਇਸ ਗੱਲ ਦਾ ਹੈ ਕਿ ਅੱਜ ਸਿੱਖ ਕੌਮ ਭੁੱਲੜ ਹੋਈ ਪਈ ਹੈ। ਜਿਹੜੀਆਂ ਗੱਲਾਂ ਤੋਂ ਗੁਰੂ ਸਾਹਿਬ ਨੇ ਸਾਨੂੰ ਵਰਜਿਆ ਸੀ, ਅਸੀਂ ਉਹੀ ਸਭ ਕੁਝ ਕਰ ਰਹੇ ਹਾਂ। ਗੁਰਦੁਆਰੇ ਹਉਮੈ ਨੂੰ ਖਤਮ ਕਰਨ ਦੀ ਥਾਂ ਹੋਣ ਦੀ ਥਾਂ ਹਉਮੈ ਨੂੰ ਪੱਠੇ ਪਾਉਣ ਵਾਲੀ ਥਾਂ ਬਣ ਗਏ ਹਨ। ਇਸੇ ਕਰਕੇ ਗੁਰੂ ਘਰਾਂ ਵਿਚ ਲੜਾਈਆਂ ਹੁੰਦੀਆਂ ਹਨ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਿੱਖ ਇਕ ਦੂਜੇ ਨਾਲ ਹੱਥੋਪਾਈ ਹੁੰਦੇ ਹਨ ਅਤੇ ਗਾਲੀ-ਗਲੋਚ 'ਤੇ ਉਤਰਦੇ ਹਨ। ਸਿੱਖ ਪੰਥ ਗੁਰੂ ਨਾਨਕ ਦੇਵ ਜੀ ਦਾ 543ਵਾਂ ਜਨਮ ਦਿਹਾੜਾ ਮਨਾ ਰਿਹਾ ਹੈ। ਗੁਰੂ ਸਾਹਿਬ ਦੇ ਦੱਸੇ ਮਾਰਗ ਉਤੇ ਚੱਲਣਾ ਹੀ ਉਨ੍ਹਾਂ ਪ੍ਰਤੀ ਸਹੀ ਸ਼ਰਧਾ ਹੋਵੇਗੀ।

---

## ਇਕ ਮਰਦਿ ਕਾਮਲ ਨੇ ਜਗਾਇਆ ਖ਼ਾਬ ਸੇ

ਕੌਮ ਨੇ ਪੈਗਾਮਿ ਗੌਤਮ ਕੀ
ਜ਼ਰਾ ਪਰਵਾਹ ਨ ਕੀ,
ਕਦਰ ਪਹਿਚਾਨੀ ਨ
ਅਪਨੇ ਗੌਹਰ ਯਕਦਾਨਾ ਕੀ।
ਆਹ ਬਦਕਿਸਮਤ ਰਹੇ
ਆਵਾਜ਼ਿ ਹੱਕ ਸੇ ਬੇਖਬਰ,
ਗਾਫਿਲ ਅਪਨੇ ਫਲ ਕੀ
ਸ਼ੀਰਨੀ ਸੇ ਹੋਤਾ ਹੈ ਸ਼ਜਰ।
ਆਸ਼ਕਾਰ ਉਸ ਨੇ ਕੀਯਾ
ਜੋ ਜ਼ਿੰਦਗੀ ਕਾ ਰਾਜ਼ ਥਾ,
ਹਿੰਦ ਕੋ ਲੇਕਿਨ ਖਯਾਲੀ
ਫਲਸਫਾ ਪਰ ਨਾਜ਼ ਥਾ।
ਸ਼ਮ੍ਹਾ-ਏ-ਹੱਕ ਸੇ ਜੋ ਮੁਨੱਵਰ ਹੋ
ਯਿਹ ਵੋਹ ਮਹਿਫਲ ਨ ਥੀ,
ਬਾਰਿਸ਼-ਏ-ਰਹਿਮਤ ਹੁਈ
ਲੇਕਿਨ ਜ਼ਮੀਂ ਕਾਬਿਲ ਨ ਥੀ।
ਆਹ ਸ਼ੂਦਰ ਕੇ ਲੀਏ
ਹਿੰਦੁਸਤਾਨ ਗਮਖਾਨਾ ਹੈ,
ਦਰਦ-ਏ-ਇਨਸਾਨੀ ਸੇ
ਉਸ ਕਾ ਦਿਲ ਬੇਗਾਨਾ ਹੈ।
ਬ੍ਰਹਿਮਨ ਸ਼ਰਸ਼ਾਰ ਹੈ
ਅਬ ਤਕ ਮਏ-ਪਿੰਦਾਰ ਮੇਂ,
ਸ਼ਮ੍ਹਾ-ਏ ਗੌਤਮ ਜਲ ਰਹੀ ਹੈ
ਮਹਫਿਲੇ ਅਗਯਾਰ ਮੇਂ।
ਬੁਤਕਦਾ ਫਿਰ ਬਾਅਦ ਮੁੱਦਤ ਕੇ
ਮਗਰ ਰੌਸ਼ਨ ਹੁਆ,
ਨੂਰਿ-ਇਬਰਾਹੀਮ ਸੇ
ਆਜ਼ਰ ਕਾ ਘਰ ਰੌਸ਼ਨ ਹੁਆ।
ਫਿਰ ਉਠੀ ਆਖਿਰ ਸਦਾ
ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦਿ ਕਾਮਲ ਨੇ
ਜਗਾਇਆ ਖ਼ਾਬ ਸੇ।

*-ਅਲਾਮਾ ਮੁਹੰਮਦ ਇਕਬਾਲ*

---

## ਗੁਰਪੁਰਬ

ਗੁਰੂ ਨਾਨਕ ਤੁਹਾਡੇ ਜਨਮ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।
ਸੰਗਤਾਂ ਘਰ ਤੋਂ ਤੁਰ ਕੇ
ਤੁਹਾਡੇ ਦਰ 'ਤੇ ਆਈਆਂ ਜੀ।

ਅੱਜ ਤੁਹਾਡੇ ਜਨਮ ਦੀਆਂ
ਲੋਕੀਂ ਖੁਸ਼ੀਆਂ ਮਨਾਉਂਦੇ ਨੇ।
ਮੱਥਾ ਟੇਕ ਕੇ ਗੁਰਦੁਆਰੇ
ਝੋਲੀਆਂ ਭਰ ਭਰ ਜਾਂਦੇ ਨੇ।
ਕਿਸੇ ਧਰਮ ਦੇ ਬੰਦੇ ਨੂੰ ਨਾ
ਆਉਣ ਦੀਆਂ ਮਨਾਹੀਆਂ ਜੀ।

ਤੁਸੀਂ ਤਾਂ ਸਾਰੇ ਸੰਸਾਰ ਵਿਚ
ਇਕ ਪੰਥ ਚਲਾਇਆ ਸੀ।
ਅੱਜ ਕੱਲ੍ਹ ਦੇ ਬਾਬਿਆਂ ਨੇ
ਲੋਕਾਂ ਨੂੰ ਮੂਰਖ ਬਣਾਇਆ ਈ।
ਤੁਹਾਥੋਂ ਬਿਨਾਂ ਸਿੱਖ ਧਰਮ ਵਿਚ
ਪੈ ਗਈਆਂ ਤਨਹਾਈਆਂ ਜੀ।

ਅੱਜ ਸਾਰੇ ਦੇਸ਼ ਵਿਚ ਹੋਇਆ
ਰਾਤ ਤੇ ਦਿਨ ਨੂੰ ਸਵੇਰਾ ਏ।
ਗੁਰੂਘਰਾਂ ਵਿਚ ਦੀਪਮਾਲਾ
ਫੁੱਲਾਂ ਨਾਲ ਸਜਿਆ ਬਨੇਰਾ ਏ।
ਹਰ ਇਕ ਨੇ ਆਪਣੇ ਘਰਾਂ ਦੇ ਵਿਚ
ਦੀਵੇ, ਮੋਮਬੱਤੀਆਂ ਲਾਈਆਂ ਜੀ।

ਬਾਬਾ ਵੇ ਤੇਰੀ ਸੱਚੀ ਸੁੱਚੀ ਬਾਣੀ
ਦੁਨੀਆਂ ਤੋਂ ਨਿਰਾਲੀ ਏ।
ਜੋ ਪੜ੍ਹਦਾ ਸੱਚਾ ਮਨ ਲਾ ਕੇ
ਆ ਜਾਂਦੀ ਖੁਸ਼ਹਾਲੀ ਏ।
'ਮੀਰ ਪੁਰੀ ਸ਼ਿੰਦੇ' ਤੇਰੀ ਕਲਮ
ਵਿਚ ਪਈਆਂ ਮੋੜ ਮੋੜਾਈਆਂ ਜੀ।
ਗੁਰੂ ਨਾਨਕ ਤੁਹਾਡੇ ਜਨਮ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।

*-ਸ਼ਿੰਦਰ ਸਿੰਘ*
*ਫੋਨ: 559-285-0841*

---

## ਧਰਮ ਦੇ ਠੇਕੇਦਾਰਾਂ ਕੋਲੋਂ

ਮਾਂ ਤ੍ਰਿਪਤਾ ਦੀ ਕੁੱਖੋਂ ਜਣਿਆ
ਨਾਨਕ ਕੋਈ ਅਵਤਾਰ ਨਹੀਂ ਹੈ।
ਨੀਵਿਆਂ ਨਾਲ ਨਿਭਾਉਂਦਾ ਆਇਆ
ਉਹ ਵੱਡਿਆਂ ਦਾ ਯਾਰ ਨਹੀਂ ਹੈ।
ਸਾਖੀਆਂ ਵਾਲਾ 'ਨਾਨਕ' ਛੱਡ ਕੇ
ਅਸਲੀ 'ਨਾਨਕ' ਨੂੰ ਅਪਨਾਈਏ,
ਧਰਮ ਦੇ ਠੇਕੇਦਾਰਾਂ ਕੋਲੋਂ
ਬਾਬੇ ਨਾਨਕ ਨੂੰ ਛੁਡਵਾਈਏ।

ਗੁਰੂ ਘਰਾਂ 'ਤੇ ਕਬਜ਼ੇ ਕਰਨੇ
ਇਹ ਨਾਨਕ ਦਾ ਧਰਮ ਨਹੀਂ ਹੈ।
ਆਪਣੀ ਹਉਮੈ ਖਾਤਰ ਲੜਨਾ
ਇਹ ਸਿੱਖ ਦਾ ਕਰਮ ਨਹੀਂ ਹੈ।
ਮੂੰਹ ਗਰੀਬ ਦਾ ਗੁਰੂ ਦੀ ਗੋਲਕ
ਦੁਨੀਆਂ ਤਾਈਂ ਇਹ ਸਮਝਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ
ਬਾਬੇ ਨਾਨਕ ਨੂੰ ਛੁਡਵਾਈਏ।

ਗੁਰੂ ਨਾਨਕ ਦੀ ਫੋਟੋ ਨੂੰ ਤਾਂ
ਸੋਨੇ ਵਿਚ ਜੜਵਾ ਛੱਡਿਆ ਹੈ।
ਪਰ, ਉਹਦੀ ਆਖੀ ਹੋਈ ਗੱਲ ਨੂੰ
ਦਿਲ 'ਚੋਂ ਅਸੀਂ ਭੁਲਾ ਛੱਡਿਆ ਹੈ।
ਮੂਰਤੀਆਂ ਦੀ ਪੂਜਾ ਕਰਦੇ ਕਿਧਰੇ
ਪੱਥਰ ਨਾ ਬਣ ਜਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ
ਬਾਬੇ ਨਾਨਕ ਨੂੰ ਛੁਡਵਾਈਏ।

ਜੀਵਨ ਜਾਚ ਸਿਖਾਉਂਦੀ ਬਾਣੀ
ਇਹ ਕੋਈ ਮੰਤਰ ਜਾਪ ਨਹੀਂ ਹੈ।
ਜੋ ਬਾਣੀ ਨੂੰ ਵੇਚ ਰਹੇ ਨੇ
ਇਸ ਤੋਂ ਵੱਡਾ ਪਾਪ ਨਹੀਂ ਹੈ।
ਬਾਣੀ ਪੜ੍ਹੀਏ, ਸੁਣੀਏ, ਗਾਈਏ
ਪਰ ਬਾਣੀ 'ਤੇ ਅਮਲ ਕਮਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ
ਬਾਬੇ ਨਾਨਕ ਨੂੰ ਛੁਡਵਾਈਏ।

ਚਿੱਟ ਕੱਪੜੀਏ, ਚੋਲਿਆਂ ਵਾਲੇ
ਇਹ ਨਾਨਕ ਦੇ ਕੁਝ ਨਹੀਂ ਲੱਗਦੇ।
ਭੋਲੇ-ਭਾਲੇ ਲੋਕਾਂ ਨੂੰ ਜੋ
ਸੁਰਗ ਦਾ ਲਾਰਾ ਲਾ ਕੇ ਠੱਗਦੇ।
ਨਾਨਕ ਦੇ ਵਾਰਿਸ ਨੇ ਕਿਰਤੀ
ਇਸ ਗੱਲ ਨੂੰ ਨਾ ਝੁਠਲਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ
ਬਾਬੇ ਨਾਨਕ ਨੂੰ ਛੁਡਵਾਈਏ।

ਕਿਰਤ ਕਰੇਂਦਾ, ਵੰਡ ਕੇ ਛਕਦਾ
ਜਿਹੜਾ ਨਾਮ ਧਿਆਉਂਦਾ ਏ।
'ਟੌਲੇਵਾਲੀਆ' ਉਹ ਅਸਲੀ ਸਿੱਖ
ਗੁਰੂ ਨਾਨਕ ਨੂੰ ਭਾਉਂਦਾ ਏ।
ਗੁਰੂ ਦੀ ਸਿੱਖਿਆ ਉਤੇ ਚੱਲ ਕੇ
ਆਪਣਾ ਜੀਵਨ ਸਫ਼ਲ ਬਣਾਈਏ
ਧਰਮ ਦੇ ਠੇਕੇਦਾਰਾਂ ਕੋਲੋਂ
ਬਾਬੇ ਨਾਨਕ ਨੂੰ ਛੁਡਵਾਈਏ।

*-ਡਾ. ਅਮਨਦੀਪ ਸਿੰਘ ਟੱਲੇਵਾਲੀਆ*
*ਫੋਨ: 91-98146-99446*

ਪ੍ਰਤੀਕਰਮ

# ਮਹਿਬੂਬ ਨਾਲ ਕੋਈ ਕੀਨਾ ਨਹੀਂ; ਮਤਭੇਦ ਵਿਚਾਰਾਂ ਦੇ ਸਨ

ਪੰਜਾਬ ਟਾਈਮਜ਼ ਦੇ 17 ਨਵੰਬਰ ਦੇ ਅੰਕ ਵਿਚ ਡਾ. ਗੁਰਤਰਨ ਸਿੰਘ ਦੀਆਂ ਮੇਰੇ ਬਾਰੇ ਟਿੱਪਣੀਆਂ ਤੇ ਮਹਿਬੂਬ ਸਾਹਿਬ ਦਾ 45 ਸਾਲ ਪਹਿਲਾਂ ਲਿਖਿਆ ਲੇਖ 'ਰਿਗਵੇਦ ਦੀਆਂ ਆਵਾਜ਼ਾਂ' ਪੜ੍ਹਿਆ। ਮੇਰੇ ਬਾਰੇ ਲੇਖ ਦੀ ਪਹਿਲੀ ਪੰਕਤੀ ਇਹ ਹੈ ਕਿ ਪੰਨੂ ਨੇ ਖਿਝ ਕੇ ਲਿਖਿਆ ਹੈ। ਮੇਰੀ ਲਿਖਤ ਵਿਚ ਸਿਆਣਪ ਦੀ ਘਾਟ ਹੋਵੇ ਇਹ ਤਾਂ ਮੈਂ ਮੰਨਣ ਨੂੰ ਤਿਆਰ ਹਾਂ ਪਰ ਗੁੱਸਾ, ਖਿਝ, ਚਿੜਚਿੜਾਪਣ ਆਦਿ ਰੋਗਾਂ ਤੋਂ ਮੈਂ ਬਚਿਆ ਹੋਇਆ ਹਾਂ। ਉਨ੍ਹਾਂ ਦੂਜੇ ਪੈਰੇ ਵਿਚ ਮੇਰੇ 'ਤੇ ਦੋਸ਼ ਲਾਇਆ ਹੈ ਕਿ ਮੈਂ ਮਹਿਬੂਬ ਸਾਹਿਬ ਨੂੰ ਮੰਗਤਾ ਬਣਾ ਕੇ ਪੇਸ਼ ਕੀਤਾ ਹੈ, ਇਹ ਦੋਸ਼ ਵੀ ਵਾਜਬ ਨਹੀਂ। ਮੈਂ ਮਹਿਬੂਬ ਨੂੰ ਸ਼ਾਇਰ ਵਜੋਂ ਸਤਿਕਾਰ ਦਿੰਦਾ ਰਿਹਾ ਹਾਂ ਤੇ ਸ਼ਾਇਰ ਬਾਦਸ਼ਾਹ ਹੁੰਦੇ ਹਨ, ਮੰਗਤੇ ਨਹੀਂ।

ਗੁਰਤਰਨ ਸਿੰਘ ਨੇ ਮਹਿਬੂਬ ਦੀ ਟਿੱਪਣੀ ਦਾ ਹਵਾਲਾ ਅਜੀਤ ਅਖਬਾਰ ਵਿਚ ਛਪੀ ਇੰਟਰਵਿਊ ਵਿਚੋਂ ਦਿੰਦਿਆਂ ਲਿਖਿਆ ਹੈ ਕਿ ਮਹਿਬੂਬ ਨੇ ਕਿਹਾ ਸੀ, "ਮੈਂ ਇਨਾਮ ਨੂੰ ਚਲਾ ਕੇ ਮਾਰਾਂਗਾ, ਜੇ ਸਰਕਾਰ ਵਲੋਂ ਕੋਈ ਇਸ ਸਬੰਧ ਵਿਚ ਵਿਰੋਧ ਹੋਇਆ।" ਸਰਕਾਰ ਵਲੋਂ ਵਿਰੋਧ ਕਿਉਂ ਹੁੰਦਾ? ਸਰਕਾਰ ਨੇ ਤਾਂ ਇਹ ਇਨਾਮ ਪ੍ਰਦਾਨ ਕੀਤਾ ਸੀ। ਵਿਰੋਧ ਤਾਂ ਕਾਂਗਰਸ ਪਾਰਟੀ ਦੇ ਕਾਰਕੁਨਾਂ ਵਲੋਂ ਹੋਇਆ ਸੀ ਤੇ ਉਨ੍ਹਾਂ ਵਲੋਂ ਹੀ ਹੋਣਾ ਸੀ ਕਿਉਂਕਿ ਇੰਦਰਾ ਗਾਂਧੀ ਵਿਰੁਧ ਟਿੱਪਣੀਆਂ ਛਾਪੀਆਂ ਗਈਆਂ ਸਨ, ਇਨਾਮ ਵਾਸਤੇ ਭੇਜੀਆਂ ਪੋਥੀਆਂ ਵਿਚੋਂ ਇਹ ਪੰਨੇ ਕੱਟ ਲਏ ਗਏ ਸਨ। ਇਨਾਮ ਦੇਣ ਦਾ ਫੈਸਲਾ ਕਰਨ ਵਾਲੇ ਪੈਨਲ ਵਿਚ ਡਾ. ਜਸਬੀਰ ਸਿੰਘ ਆਹਲੂਵਾਲੀਆ ਵੀ ਮੈਂਬਰ ਸਨ। ਜਦੋਂ ਰਛਪਾਲ ਸਿੰਘ ਗਿੱਲ ਤੇ ਮੈਂ ਡਾ. ਆਹਲੂਵਾਲੀਆ ਦੀ ਕੋਠੀ 'ਇਲਾਹੀ ਨਦਰ ਦੇ ਪੈਂਡੇ' ਕਿਤਾਬ ਰਿਲੀਜ਼ ਕਰਨ ਦੀ ਅਰਜ਼ ਲੈ ਕੇ ਗਏ ਉਦੋਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਕਾਰ ਵੀ ਗੁਸੈਲੇ ਕਾਂਗਰਸੀਆਂ ਨੇ ਪੱਥਰਾਂ ਨਾਲ ਭੰਨ ਦਿਤੀ ਸੀ।

ਟੈਗੋਰ ਅਤੇ ਸੁਭਾਸ਼ ਚੰਦਰ ਬੋਸ ਬਾਰੇ ਟਿੱਪਣੀ ਕਰਦਿਆਂ ਡਾ. ਗੁਰਤਰਨ ਸਿੰਘ ਲਿਖਦੇ ਹਨ, "ਇਥੇ ਉਹ ਪ੍ਰਸੰਗ ਬਿਲਕੁਲ ਨਹੀਂ ਢੁਕਦਾ ਕਿਉਂਕਿ ਅੰਗਰੇਜ਼ਾਂ ਦੀ ਹਕੂਮਤ ਬਾਹਰਲੀ ਹਕੂਮਤ ਸੀ।" ਤਾਂ ਕੀ ਗੁਰਤਰਨ ਸਿੰਘ ਤੇ ਮਹਿਬੂਬ ਸਾਹਿਬ ਵਾਸਤੇ ਭਾਰਤੀ ਹਕੂਮਤ ਆਪਣੀ ਹਕੂਮਤ ਹੈ? ਜੇ ਇਹ ਆਪਣੀ ਹਕੂਮਤ ਹੈ ਤਾਂ ਫਿਰ ਖਾਲਿਸਤਾਨ ਦੀ ਮੰਗ ਕਿਵੇਂ ਵਾਜਬ ਹੋਈ? ਪਾਣੀਆਂ ਦੇ ਹੈਡਵਰਕਸ, ਪਾਣੀਆਂ ਦੀ ਗਲਤ ਵੰਡ, ਪੰਜਾਬ ਦੀ ਕਾਂਟਛਾਂਟ, ਅਕਾਲੀ ਸਰਕਾਰਾਂ ਨੂੰ ਅਕਾਰਣ ਤੋੜਨ, ਦਰਬਾਰ ਸਾਹਿਬ ਉਪਰ ਹਮਲਾ ਕਰਨ ਵਰਗੀਆਂ ਅਨੇਕ ਘਟਨਾਵਾਂ ਨੇ ਮੇਰੇ ਅੰਦਰ ਬੇਗਾਨਗੀ ਦਾ ਅਹਿਸਾਸ ਪੈਦਾ ਕੀਤਾ ਹੈ। ਲੋਕਤੰਤਰੀ ਤਰੀਕੇ ਨਾਲ ਮੈਂ ਇਸ ਵਰਤਾਰੇ ਦਾ ਵਿਰੋਧ ਕਰਦਾ ਰਿਹਾ ਹਾਂ ਜਿਸ ਸਦਕਾ ਮੈਨੂੰ ਖਤਰਨਾਕ ਸੰਕਟਾਂ ਦਾ ਵੀ ਸਾਹਮਣਾ ਕਰਨਾ ਪਿਆ, ਫੌਜੀ ਤਸ਼ੱਦਦ ਅਤੇ ਅਪਰਾਧਕ ਮਾਮਲੇ ਪੇਸ਼ ਪਏ ਤੇ ਨਜਿੱਠੇ। ਮੇਰਾ ਪ੍ਰਸ਼ਨ ਸਾਫ ਹੈ, ਹਿੰਦੂ ਸਟੇਟ ਨੂੰ ਨਫ਼ਰਤ ਕਰਨ ਵਾਲੇ ਮਹਿਬੂਬ ਸਾਹਿਬ ਨੇ ਸਟੇਟ ਵਲੋਂ ਦਿਤਾ ਐਵਾਰਡ ਕਿਉਂ ਹਾਸਲ ਕੀਤਾ?

ਡਾ. ਗੁਰਤਰਨ ਸਿੰਘ ਅਤੇ ਬੀਬੀ ਗੁਰਨਾਮ ਕੌਰ ਨੂੰ ਪਤਾ ਹੈ ਕਿ ਮੈਂ ਕਿਹੜੀ ਕਿਤਾਬ ਰਿਲੀਜ਼ ਕਰਵਾਉਣ ਵਿਚ ਕਾਮਯਾਬ ਹੋਇਆ ਸਾਂ। ਇਨ੍ਹਾਂ ਦੋਵਾਂ ਨੇ ਸ਼ਬਦਾਂ ਦੀਆਂ ਘਾੜਤਾਂ ਘੜ ਘੜ ਮੈਨੂੰ ਗੱਪੀ ਸਾਬਤ ਕੀਤਾ ਹੈ ਕਿਉਂਕਿ 'ਸਹਿਜੇ ਰਚਿਓ ਖਾਲਸਾ' ਮੈਂ ਰਿਲੀਜ਼ ਨਹੀਂ ਕਰਵਾਈ।

ਜਦੋਂ ਰਛਪਾਲ ਸਿੰਘ ਗਿੱਲ ਅਤੇ ਮੈਂ 'ਇਲਾਹੀ ਨਦਰ ਦੇ ਪੈਂਡੇ' ਦੀ ਪਹਿਲੀ ਜਿਲਦ ਦੇ ਰਿਲੀਜ਼ ਸਮਾਰੋਹ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਸਾਂ ਤਾਂ ਸ. ਗਿੱਲ ਕਹਿਣ ਲੱਗੇ, "ਪੰਨੂ ਯਾਰ, ਮੈਂ ਨਹੀਂ ਚਾਹੁੰਦਾ ਤਰਨੀ (ਗੁਰਤਰਨ ਸਿੰਘ) ਨੂੰ ਸੱਦਾ ਦਿਆਂ। ਮੈਨੂੰ ਉਹ ਉਕਾ ਨਹੀਂ ਭਾਉਂਦਾ, ਪਰ ਆ ਉਹਨੇ ਜਾਣਾ ਹੈ ਬਿਨਾਂ ਸੱਦਿਆਂ ਵੀ, ਕੀ ਕਰੀਏ?" ਸਾਥੀ ਪ੍ਰੋਫੈਸਰ ਸੁਣ ਕੇ ਕਹਿਣ ਲੱਗਾ, "ਮੇਰੇ ਪਿੰਡ ਇਕ ਬੰਦਾ ਬੜਾ ਖਰੂਦੀ ਸੀ। ਸ਼ਰਾਬ ਪੀ ਕੇ ਉਹਨੇ ਵਿਆਹ ਸ਼ਾਦੀ ਵਿਚ ਵਿਗਾੜ ਪਾਉਣਾ ਈ ਪਾਉਣਾ ਹੁੰਦਾ। ਸੱਦਾ ਪੱਤਰ ਵੰਡਣ ਦੀ ਤਿਆਰੀ ਹੋ ਰਹੀ ਸੀ। ਵਿਚਾਰ ਵਟਾਂਦਰਾ ਹੋਣ ਲੱਗਾ ਕਿ ਇਹਨੂੰ ਸੱਦੀਏ ਕਿ ਨਾ। ਇਕ ਸਿਆਣੇ ਨੇ ਰਾਇ ਦਿਤੀ, "ਐਂ ਕਰਦੇ ਆਂ, ਪੂਰੀ ਪੰਚਾਇਤ ਪਹਿਲਾ ਕਾਰਡ ਲੈ ਕੇ ਉਸ ਦੇ ਘਰ ਜਾਵੇ ਤੇ ਕਹੇ- ਭਰਾ ਅਸੀਂ ਤੇਰੀ ਏਨੀ ਇੱਜ਼ਤ ਕਰਦੇ ਆਂ ਕਿ ਪਹਿਲਾ ਕਾਰਡ ਤੇਰੇ ਘਰ ਪੁਚਾਣ ਆਏ ਆਂ। ਆਹ ਫੜ ਕਾਰਡ। ਹੁਣ ਤੂੰ ਵੀ ਸਾਡੀ ਇੱਜ਼ਤ ਰੱਖੀਂ। ਕਿਰਪਾ ਕਰਕੇ ਵਿਆਹ ਵਿਚ ਨਾ ਆਈਂ।"

ਡਾ. ਗੁਰਤਰਨ ਸਿੰਘ ਨੇ 'ਰਿਗਵੇਦ ਦੀਆਂ ਆਵਾਜ਼ਾਂ' ਲੇਖ ਇਸ ਕਰਕੇ ਭੇਜਿਆ ਹੈ ਤਾਂ ਕਿ ਇਸ ਨੂੰ ਪੜ੍ਹ ਕੇ 'ਪੰਨੂ ਦਾ ਅਗਿਆਨ ਪੂਰੀ ਤਰ੍ਹਾਂ ਬੇਨਕਾਬ ਹੋ ਜਾਵੇ।' ਮੇਰਾ ਅਗਿਆਨ ਜ਼ਰੂਰ ਦੂਰ ਹੋ ਜਾਂਦਾ ਪਿਆਰੇ ਗੁਰਤਰਨ ਸਿੰਘ ਜੇ ਕਿਤੇ ਇਹ ਲਿਖਤ ਮੈਨੂੰ ਸਮਝ ਆਈ ਹੁੰਦੀ। ਅਜੇ ਤਾਂ ਉਨ੍ਹਾਂ ਨੂੰ ਵੀ ਇਸ ਦੀ ਸਮਝ ਨਹੀਂ ਆਈ ਤਦੇ ਲਿਖਿਆ, "ਮੇਰੀ ਹਾਲੀ ਵੀ ਸਮਝ ਇਸ ਨੂੰ ਪੂਰੀ ਤਰ੍ਹਾਂ ਗ੍ਰਹਿਣ ਨਹੀਂ ਕਰ ਸਕੀ।" ਜੇ ਮਹਿਬੂਬ ਦੇ ਸ਼੍ਰੋਮਣੀ ਵਿਆਖਿਆਕਾਰ ਨੂੰ ਉਸ ਦੀ ਸਮਝ ਨਹੀਂ ਲਗਦੀ ਤਾਂ ਬਾਕੀ ਜਹਾਨ ਦਾ ਰੱਬ ਰਾਖਾ। ਇਹੋ ਸ਼ੈਲੀ 'ਸਹਿਜੇ ਰਚਿਓ ਖਾਲਸਾ' ਦੀ ਹੈ ਜਿਸ 'ਚੋਂ ਕੁੱਝ ਪਤਾ ਨਹੀਂ ਲਗਦਾ ਕਿ ਲੇਖਕ ਨੇ ਦੱਸਣਾ ਕੀ ਹੈ?

ਮੈਕਸਮੂਲਰ ਦਾ ਰਿਗਵੇਦ ਦਾ ਅੰਗਰੇਜ਼ੀ ਅਨੁਵਾਦ ਪੜ੍ਹਿਆ ਹੈ। ਮੈਨੂੰ ਹਰੇਕ ਵਾਕ ਸਮਝ ਆ ਗਿਆ ਹੈ। ਮਹਿਬੂਬ ਦੀ ਪੰਜਾਬੀ ਕਿਉਂ ਪੱਲੇ ਨਹੀਂ ਪੈਂਦੀ? ਪੰਜਾਬ ਟਾਈਮਜ਼ ਦੇ ਹਜ਼ਾਰਾਂ ਪਾਠਕ ਹਨ। ਜਿਸ ਕਿਸੇ ਨੂੰ ਪਤਾ ਲੱਗਾ ਹੋਵੇ, ਮਹਿਬੂਬ ਨੇ ਇਸ ਲੇਖ ਵਿਚ ਕੀ ਕਿਹਾ ਹੈ, ਕਿਰਪਾ ਕਰਕੇ ਉਹ ਮੈਨੂੰ ਵੀ ਦੱਸ ਦਏ। ਰਿਗਵੇਦ ਦੀ ਭੂਮਿਕਾ ਵਿਚ ਮੈਕਸਮੂਲਰ ਦਾ ਵਾਕ ਹੈ, 'ਸਰਘੀ ਵੇਲੇ ਰੁਮਕਦੀਆਂ ਪੌਣਾਂ 'ਚ ਅਤੇ ਤਾਰਿਆਂ ਦੀ ਛਾਂ ਹੇਠ ਅਨੰਦ ਵਿਭੋਰ ਹੋ ਕੇ ਏਸ਼ੀਆ ਦੇ ਬੱਚਿਆਂ ਨੇ ਕਿਲਕਾਰੀ ਮਾਰੀ ਤਾਂ ਰਿਗਵੇਦ ਪ੍ਰਗਟ ਹੋਇਆ।'

ਕਥਾ: ਔਰਤ ਨੇ ਵੱਡ ਆਕਾਰੀ ਘੱਗਰਾ ਧੋ ਕੇ ਸੁੱਕਣੇ ਪਾ ਦਿੱਤਾ। ਸ਼ਾਮੀ ਹਨੇਰੀ ਆਈ ਤਾਂ ਉਡ ਕੇ ਦਰਖਤ ਦੇ ਟਾਹਣਾਂ ਉਪਰ ਫੈਲ ਗਿਆ। ਹਨੇਰੇ ਵਿਚ ਬੜਾ ਡਰਾਉਣਾ ਲਗਦਾ ਸੀ। ਪੇਂਡੂ ਡਰ ਗਏ ਉਨ੍ਹਾਂ ਨੂੰ ਪਤਾ ਨਾ ਲੱਗਾ ਤਾਂ ਸਿਆਣਾ ਲੈ ਆਂਦਾ। ਸਿਆਣਾ ਆ ਕੇ ਪਹਿਲੋਂ ਹੱਸਿਆ, ਫੇਰ ਰੋਇਆ। ਪੇਂਡੂਆਂ ਨੇ ਹੱਸਣ-ਰੋਣ ਦਾ ਕਾਰਨ ਪੁੱਛਿਆ ਤਾਂ ਦੱਸਿਆ, "ਹੱਸਿਆ ਤਾਂ ਮੈਂ ਏਸ ਲਈ ਕਿ ਏਨੀ ਮਾਮੂਲੀ ਚੀਜ਼ ਦਾ ਵੀ ਤੁਹਾਨੂੰ ਪਤਾ ਨਹੀਂ ਲਗਦਾ। ਰੋਇਆ ਮੈਂ ਏਸ ਵਾਸਤੇ ਕਿ ਜਦੋਂ ਮੈਂ ਮਰ ਗਿਆ ਉਦੋਂ ਤੁਸੀਂ ਕਿਸ ਨੂੰ ਬੁਲਾਇਆ ਕਰੋਗੇ। ਰਹੀ ਗੱਲ ਅਹੁ ਸਾਹਮਣੇ ਝੂਲਦੀ ਵੱਡੀ ਸਾਰੀ ਗੇਂਦ ਦੀ, ਇਸ ਦਾ ਪਤਾ ਮੈਨੂੰ ਵੀ ਨਹੀਂ ਲੱਗਦਾ।"

ਹਰਿੰਦਰ ਸਿੰਘ ਮਹਿਬੂਬ ਦਾ ਮੈਂ ਸਦਾ ਸਤਿਕਾਰ ਕੀਤਾ ਹੈ। ਹੋਇਆ ਇਹ ਕਿ ਮੈਂ ਦਸਮ ਗ੍ਰੰਥ ਬਾਰੇ ਲੇਖ ਅਖਬਾਰ ਵਿਚ ਛਪਵਾ ਦਿੱਤਾ। ਇਸ ਲੇਖ ਨੂੰ ਪੜ੍ਹਨ ਪਿਛੋਂ ਉਨ੍ਹਾਂ ਨੇ ਹਰੇਕ ਖਤ ਰਾਹੀਂ ਮੈਨੂੰ ਇਸ ਗ੍ਰੰਥ ਵਿਰੁਧ ਮਾੜੇ ਵਾਕ ਲਿਖ ਕੇ ਭੇਜਣੇ ਸ਼ੁਰੂ ਕਰ ਦਿੱਤੇ। ਮੈਂ ਜਵਾਬ ਵਿਚ ਇਹ ਵੀ ਅਰਜ਼ ਕੀਤੀ ਕਿ ਸਾਡੀਆਂ ਧਾਰਨਾਵਾਂ ਵਿਚ ਵਖਰੇਵਾਂ ਹੈ, ਇਸ ਲਈ ਇਸ ਮਸਲੇ ਬਾਰੇ ਵਿਵਾਦ ਨਾ ਕਰੀਏ ਤਾਂ ਵਧੀਆ ਰਹੇਗਾ। ਉਨ੍ਹਾਂ ਦਾ ਜਵਾਬ ਆਇਆ, "ਮੇਰੇ ਹੱਥ ਵਿਚ ਭਾਈ ਬਚਿਤ੍ਰ ਸਿੰਘ ਦੀ ਨਾਗਣੀ ਆ ਗਈ ਹੈ। ਕੋਝੇ ਹੱਥਾਂ ਨਾਲ ਲਿਖੇ ਹੋਏ ਮੈਂ ਤੇਰੇ ਇਸ ਅਖੌਤੀ ਦਸਮ ਗ੍ਰੰਥ ਦਾ ਮੱਥਾ ਭੰਨ ਦਿਆਂਗਾ।" ਮੈਂ ਉਤਰ ਦਿਤਾ, "ਮਹਿਬੂਬ ਭਰਾ, ਦਸਮ ਗ੍ਰੰਥ ਨਾ ਮਸਤਿਆ ਹੋਇਆ ਹਾਥੀ ਹੈ, ਨਾ ਇਸ ਨੇ ਸ਼ਰਾਬ ਪੀਤੀ ਹੋਈ ਹੈ। ਇਤਫਾਕ ਵਸ ਜੇ ਤੁਹਾਡੇ ਹੱਥ ਪਵਿਤਰ ਨਾਗਣੀ ਆ ਗਈ ਹੈ ਤਾਂ ਉਸ ਦਾ ਦੁਰਉਪਯੋਗ ਕਿਉਂ ਕਰਨਾ ਹੋਇਆ?"

'ਸਹਿਜੇ ਰਚਿਓ ਖਾਲਸਾ' ਦੀ ਪਹਿਲੀ ਐਡੀਸ਼ਨ ਮਹਿਬੂਬ ਨੇ ਗੁਰਤਰਨ ਸਿੰਘ ਨੂੰ ਸਮਰਪਣ ਕੀਤੀ ਪਰ ਬਾਦ ਵਿਚ ਉਹ ਇੰਨੇ ਬਦਜ਼ਨ ਹੋ ਗਏ ਕਿ ਅਕਸਰ ਕਹਿੰਦੇ, ਮੈਂ ਦੂਜੀ ਐਡੀਸ਼ਨ ਵਿਚੋਂ ਇਸ ਦਾ ਨਾਮ ਕੱਟ ਦੇਣਾ ਹੈ। ਦੋਸਤਾਂ ਨੇ ਜਿਵੇਂ ਕਿਵੇਂ ਉਨ੍ਹਾਂ ਨੂੰ ਮਨਾ ਕੇ ਸਿੰਘ ਬ੍ਰਦਰਜ਼ ਵਲੋਂ ਛਾਪੀ ਦੂਜੀ ਐਡੀਸ਼ਨ ਵਿਚ ਸਮਰਪਣ ਉਵੇਂ ਰਹਿਣ ਦਿਤਾ ਤਾਂ ਕਿ ਆਪਸੀ ਤਕਰਾਰ ਜੱਗ ਜ਼ਾਹਰ ਨਾ ਹੋਵੇ। ਦੋਵੇਂ ਗਰਾਈਂ ਸਨ। ਉਨ੍ਹਾਂ ਦੀ ਦਿਲੀ ਖਾਹਸ਼ ਸੀ ਕਿ ਰਿਟਾਇਰਮੈਂਟ ਤੋਂ ਬਾਦ ਗੜ੍ਹਦੀਵਾਲਾ ਛੱਡ ਕੇ ਉਹ ਆਪਣੇ ਪਿੰਡ ਝੁੰਗਾਂ ਵਿਚ ਵਸ ਜਾਣ, ਪਰ ਕਿਹਾ ਕਰਦੇ, "ਗੁਰਤਰਨ ਦੀ ਵਜਾ ਸਦਕਾ ਮੈਂ ਪਿੰਡ ਨਹੀਂ ਆਵਾਂਗਾ ਕਿਉਂਕਿ ਉਸ ਦੀਆਂ ਹਰਕਤਾਂ ਸਦਕਾ ਮੇਰੇ ਵਲੋਂ ਅਰੰਭਿਆ ਮਹਾਂਕਾਵਿ ਪੂਰਾ ਨਹੀਂ ਹੋਵੇਗਾ, ਉਹ ਹਰ ਪਲ ਵਿਘਨ ਪਾਵੇਗਾ।" ਇਹ ਗੱਲ ਸਾਰਾ ਪਿੰਡ ਜਾਣਦਾ ਹੈ। ਇਨ੍ਹਾਂ ਤੱਥਾਂ ਦੀ ਪ੍ਰਸ਼ਟੀ ਸ. ਰਛਪਾਲ ਸਿੰਘ ਗਿੱਲ (ਸਾਬਕਾ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ) ਪਾਸੋਂ ਕੀਤੀ ਜਾ ਸਕਦੀ ਹੈ ਜੋ ਮਹਿਬੂਬ ਸਾਹਿਬ ਦੇ ਪਰਮ ਮਿੱਤਰ ਅਤੇ ਉਨ੍ਹਾਂ ਦੇ ਗਰਾਈਂ ਹਨ।

*–ਹਰਪਾਲ ਸਿੰਘ ਪੰਨੂ (ਪ੍ਰੋ.)*

# ਕੁਝ ਗੱਲਾਂ ਮਹਿਬੂਬ ਸਾਹਿਬ ਦੀਆਂ ਰਚਨਾਵਾਂ ਬਾਰੇ

ਮੈਂ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਟਾਈਮਜ਼ ਵਿਚ ਮਰਹੂਮ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਬਾਰੇ ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਡਾ. ਗੁਰਤਰਨ ਸਿੰਘ ਦੀਆਂ ਟਿਪਣੀਆਂ ਦਰ ਟਿਪਣੀਆਂ ਪੜ੍ਹ ਰਿਹਾਂ। ਮੈਂ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਵਿਦਵਾਨ ਨੂੰ ਨਹੀਂ ਮਿਲਿਆ। ਇਨ੍ਹਾਂ ਨੂੰ ਜਾਂ ਇਨ੍ਹਾਂ ਬਾਰੇ ਪੜ੍ਹਦਾ ਸੁਣਦਾ ਜ਼ਰੂਰ ਰਹਿੰਦਾ ਹਾਂ। ਇਸ ਲਈ ਮੇਰੀ ਰਾਇ ਕਿਸੇ ਦੇ ਹੱਕ ਜਾਂ ਵਿਰੋਧ ਵਿਚ ਹੋਣ ਦਾ ਸਵਾਲ ਨਹੀਂ। ਮੇਰਾ ਮੁਸ਼ਾਹਦਾ ਨਿਰੋਲ ਮੇਰਾ ਆਪਣਾ ਹੈ। ਮੈਨੂੰ ਲੱਗਦਾ ਹੈ ਕਿ ਮਹਿਬੂਬ ਸਾਹਿਬ ਬਾਰੇ, ਸ਼੍ਰੋਮਣੀ ਕਮੇਟੀ ਕੋਲੋਂ ਜਾਂ ਸਾਹਿਤ ਅਕਾਦਮੀ ਕੋਲੋਂ ਇਨਾਮ ਲੈਣ ਬਾਰੇ ਜਿਹੜੀ ਰਾਇ ਪ੍ਰੋ. ਪੰਨੂੰ ਨੇ ਦਿੱਤੀ ਹੈ, ਸ਼ਬਦਾਂ ਦੇ ਓਹਲੇ ਵਿਚ ਡਾ. ਗੁਰਤਰਨ ਸਿੰਘ ਵੀ ਉਹ ਗੱਲ ਇਕ ਤਰ੍ਹਾਂ ਮੰਨ ਹੀ ਰਹੇ ਹਨ। ਪ੍ਰੋ. ਪੰਨੂੰ ਨੇ ਸ਼੍ਰੋਮਣੀ ਕਮੇਟੀ ਕੋਲ ਮਹਿਬੂਬ ਸਾਹਿਬ ਦੀ ਸਿਫਾਰਸ਼ ਕੀਤੀ ਹੋਵੇ ਜਾਂ ਨਾ, ਇਹ ਗੱਲ ਛੱਡ ਵੀ ਲਈਏ ਤਦ ਵੀ ਪਿਛਲੀ ਕਿਸੇ ਟਿਪਣੀ ਵਿਚ ਡਾ. ਗੁਰਤਰਨ ਸਿੰਘ ਕਹਿੰਦੇ ਹਨ ਕਿ ਸ਼੍ਰੋਮਣੀ ਕਮੇਟੀ ਕੋਲੋਂ ਸਹਾਇਤਾ ਲਈ ਮੰਗ ਰੱਖਣੀ ਮਹਿਬੂਬ ਸਾਹਿਬ ਦਾ 'ਹੱਕ' ਬਣਦਾ ਸੀ। ਮੇਰਾ ਸਵਾਲ ਹੈ, ਕਾਹਦਾ ਹੱਕ? ਉਨ੍ਹਾਂ ਨੇ ਸਿੱਖੀ ਬਾਰੇ ਲਿਖਿਆ, ਉਨ੍ਹਾਂ ਦੇ ਸ਼ਾਬਾਸ਼ੇ! ਉਨ੍ਹਾਂ ਕਿਸੇ 'ਤੇ ਅਹਿਸਾਨ ਨਹੀਂ ਕੀਤਾ। ਇਹ ਉਨ੍ਹਾਂ ਦੀ ਅਣਸਰਦੀ ਲੋੜ ਸੀ। ਜਦੋਂ ਵੀ ਕੋਈ ਵਿਦਵਾਨ ਕਿਸੇ ਕੌਮ ਲਈ ਲਿਖਦਾ ਜਾਂ ਕੋਈ ਆਗੂ (ਭਾਵੇਂ ਧਾਰਮਿਕ ਹੋਵੇ ਭਾਵੇਂ ਸਿਆਸੀ) ਕੌਮ ਲਈ ਕੁਝ ਕਰਦਾ ਹੈ ਤਾਂ ਉਹ ਆਪਣੀ ਜ਼ਮੀਰ ਨੂੰ ਜਾਗਦਾ ਤੇ ਜਿਉਂਦਾ ਰੱਖਣ ਲਈ ਕਰਦਾ ਹੈ, ਆਪਣਾ ਫਰਜ਼ ਸਮਝ ਕੇ ਕਰਦਾ ਹੈ। ਕਿਸੇ 'ਤੇ ਅਹਿਸਾਨ ਨਹੀਂ ਕਰਦਾ। ਇਹ ਉਸ ਦੀ ਨਿਸ਼ਕਾਮ ਸੇਵਾ ਹੁੰਦੀ ਹੈ। ਜਿੱਥੇ ਕਿਸੇ ਨੇ ਕਿਸੇ ਲਈ 'ਕੁਝ' ਕੀਤਾ ਹੋਵੇ ਤੇ ਉਹਨੇ 'ਕੀਤੇ ਦੇ ਇਵਜ਼' ਵਿਚ ਅਗਲੇ ਕੋਲੋਂ ਕੀਤੇ ਦਾ ਮੁੱਲ ਲੈਣਾ ਹੋਵੇ ਤਾਂ ਉਥੇ ਹੀ 'ਹੱਕ' ਸ਼ਬਦ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।

ਇਸ ਪ੍ਰਸੰਗ ਵਿਚ ਜੇ ਮਹਿਬੂਬ ਸਾਹਿਬ ਨੇ ਹੱਕ ਸਮਝ ਕੇ ਸ਼੍ਰੋਮਣੀ ਕਮੇਟੀ ਤੋਂ ਸਹਾਇਤਾ ਮੰਗੀ ਸੀ ਤਾਂ ਇਹ ਕਿਸੇ ਸੂਰਤ ਵਿਚ ਵੀ 'ਹੱਕ-ਬ-ਜਾਨਬ' ਨਹੀਂ। ਹਾਂ, ਜਿਸ ਕੌਮ ਜਾਂ ਭਾਈਚਾਰੇ ਲਈ ਕਿਸੇ ਨੇ ਕੁਝ ਕੀਤਾ ਹੋਵੇ ਤੇ ਉਹ ਉਸ ਦੀ ਦੇਣ ਦਾ ਸਤਿਕਾਰ ਕਰਦੇ ਹੋਣ ਤਾਂ ਉਸ ਕੌਮ ਲਈ ਕੁਝ ਕਰਨ ਵਾਲੇ ਦਾ ਸਤਿਕਾਰ ਕਰਨਾ ਦੂਜੀ ਧਿਰ ਦਾ ਫਰਜ਼ ਤਾਂ ਹੋ ਸਕਦਾ ਹੈ ਪਰ 'ਕਰਨ ਵਾਲੇ' ਦਾ ਹੱਕ ਕਦਾਚਿਤ ਨਹੀਂ। ਜੇ 'ਕਰਨ ਵਾਲਾ' ਮੰਗਦਾ ਹੈ ਤਾਂ ਉਹ ਸੇਵਾ ਸਿੱਖੀ ਅਸੂਲਾਂ ਮੁਤਾਬਕ ਵੀ ਤੇ ਸਾਧਾਰਨ ਸੋਚ ਦੇ ਪੱਖ ਤੋਂ ਵੀ ਮੁਨਾਸਬ ਨਹੀਂ ਆਖੀ ਜਾ ਸਕਦੀ। ਸਹਾਇਤਾ ਮੰਗ ਕੇ ਕੀ ਮਹਿਬੂਬ ਸਾਹਿਬ ਕੀਤੇ ਦਾ ਮੁੱਲ ਨਹੀਂ ਸੀ ਵੱਟਣਾ ਚਾਹੁੰਦੇ? ਦੂਜੀ ਗੱਲ, ਉਹ ਕੋਈ ਆਰਥਿਕ ਪੱਖੋਂ ਵੀ ਏਨੇ ਗਏ-ਗੁਜ਼ਰੇ ਨਹੀਂ ਸਨ ਹੋ ਸਕਦੇ। ਕਾਲਜ ਵਿਚ ਪ੍ਰੋਫੈਸਰ ਸਨ। ਵਾਹਵਾ ਸੱਬਰਕੱਤੀ ਤਨਖਾਹ ਲੈਂਦੇ ਸਨ।

ਸਾਹਿਤ ਅਕਾਦਮੀ ਦਾ ਇਨਾਮ ਲੈਣ ਬਾਰੇ ਵੀ ਡਾ. ਗੁਰਤਰਨ ਸਿੰਘ ਦੀ ਦਲੀਲ ਢੁਕਵੀਂ ਨਹੀਂ। ਅਖੇ ਜੀ, ਜਿਨ੍ਹਾਂ ਨੇ ਇਨਾਮ ਦਿਵਾਇਆ ਸੀ 'ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ' ਵੀ ਤਾਂ ਕਰਨਾ ਬਣਦਾ ਸੀ। ਮਤਲਬ ਕਿ ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ ਦਾ ਸਤਿਕਾਰ ਬਣਾਈ ਰੱਖਣ ਤੇ ਉਨ੍ਹਾਂ ਨੂੰ ਆਲੋਚਨਾ ਤੋਂ ਬਚਾਈ ਰੱਖਣ ਲਈ ਤੁਸੀਂ 'ਇੰਦਰਾ ਗਾਂਧੀ' ਵਰਗੀ 'ਸਿਧਾਂਤਕ ਦੁਸ਼ਮਣ' ਬਾਰੇ ਲਿਖੀ ਕਵਿਤਾ ਨੂੰ ਕਿਤਾਬ ਵਿਚੋਂ ਕੱਢਣ ਲਈ ਮੰਨ ਗਏ? ਤੁਸੀਂ ਇਨਾਮ ਦੇਣ ਵਾਲਿਆਂ ਦੇ ਬਚਾਅ ਲਈ ਆਪਣਾ 'ਸਿਧਾਂਤਕ ਪੈਂਤੜਾ' ਪੇਸ਼ ਕਰਨ ਵਾਲੀ ਕਵਿਤਾ ਨੂੰ ਬਾਹਰ ਕਿਵੇਂ ਕੱਢ ਸਕਦੇ ਹੋ? ਮਤਲਬ, ਤੁਹਾਡੇ ਲਈ ਇਨਾਮ ਤੇ ਇਨਾਮ ਦੇਣ ਵਾਲੇ ਪਹਿਲੇ ਨੰਬਰ 'ਤੇ ਹੋ ਗਏ ਤੇ ਤੁਹਾਡੀ ਆਪਣੀ ਵਿਚਾਰਧਾਰਾ ਦੂਜੇ ਨੰਬਰ 'ਤੇ ਹੋ ਗਈ? ਮਹਿਬੂਬ ਸਾਹਿਬ ਲਈ ਤਾਂ ਦਰਬਾਰ ਸਾਹਿਬ ਦਾ ਘੱਲੂਘਾਰਾ ਕਰਨ ਵਾਲੀ ਇੰਦਰਾ ਨਾਲ 'ਵਿਚਾਰਧਾਰਕ ਦੁਸ਼ਮਣੀ' ਬਣਾਈ ਰੱਖਣੀ ਪਹਿਲ ਹੋਣੀ ਚਾਹੀਦੀ ਸੀ ਜਾਂ ਉਹਦੀ ਜਾਂ ਉਹਦਿਆਂ ਦੀ ਸਰਕਾਰ ਕੋਲੋਂ ਇਨਾਮ ਲੈਣਾ ਪਹਿਲ ਹੋਣੀ ਚਾਹੀਦੀ ਸੀ? ਜ਼ਾਹਿਰ ਹੈ ਕਿ ਮਹਿਬੂਬ ਲਈ ਵਿਚਾਰਧਾਰਾ ਦੂਜੇ ਨੰਬਰ 'ਤੇ ਹੋ ਗਈ ਤੇ ਇਨਾਮ ਲੈਣਾ ਪਹਿਲੇ ਨੰਬਰ 'ਤੇ ਹੋ ਗਿਆ। ਕਿੱਥੇ ਗਈ ਪ੍ਰਤੀਬੱਧਤਾ ਤੇ ਹਕੂਮਤ ਖਿਲਾਫ ਮਾਰੇ ਲਲਕਾਰੇ? ਉਂਜ ਵੀ ਇਨਾਮ ਦੇਣ ਦਿਵਾਉਣ ਵਾਲਿਆਂ ਦੀਆਂ 'ਭਾਵਨਾਵਾਂ' ਦਾ 'ਏਨਾ ਖਿਆਲ' ਰੱਖਣ ਦਾ ਮਤਲਬ ਹੈ ਕਿ ਇਨਾਮ ਵੀ ਆਖ-ਅਖਵਾ ਕੇ 'ਲਿਆ' ਗਿਆ ਸੀ। ਜਦੋਂ ਬਲੂ ਸਟਾਰ ਆਪ੍ਰੇਸ਼ਨ ਵੇਲੇ ਕੁਝ ਲੋਕਾਂ ਨੇ ਆਪਣੇ ਸਰਕਾਰੀ ਸਨਮਾਨ (ਪਦਮਸ੍ਰੀ) ਵਗੈਰਾ ਮੋੜੇ ਸਨ ਤਾਂ ਉਨ੍ਹਾਂ ਦੀ ਵੀ ਦਿੱਤੇ ਜਾਣ ਸਮੇਂ ਕਿਸੇ 'ਸਿਫਾਰਸ਼' ਕੀਤੀ ਹੋਵੇਗੀ। ਉਨ੍ਹਾਂ ਨੇ ਸਨਮਾਨ ਵਾਪਸ ਕਰਨ ਲੱਗਿਆਂ ਆਪਣੇ ਉਨ੍ਹਾਂ ਸਿਫਾਰਸ਼ੀਆਂ ਦੀਆਂ 'ਭਾਵਨਾਵਾਂ' ਦਾ ਖਿਆਲ ਕਿਉਂ ਨਾ ਰੱਖਿਆ? ਉਹ ਤਾਂ ਸਿਧਾਂਤਕ ਤੌਰ 'ਤੇ ਮਹਿਬੂਬ ਸਾਹਿਬ ਵਾਂਗ 'ਕੌਮ' ਦੇ 'ਪੱਥ-ਪ੍ਰਦਰਸ਼ਕ' ਜਾਂ 'ਸਿਧਾਂਤਵੇਤਾ' ਵੀ ਨਹੀਂ ਸਨ।

ਇਨ੍ਹਾਂ ਦੋਵਾਂ ਇਨਾਮਾਂ-ਸਨਮਾਨਾਂ ਦੇ ਲੈਣ ਦੇ ਤਰੀਕੇ ਤੋਂ ਮਹਿਬੂਬ ਸਾਹਿਬ ਗਰਜ਼ ਪੂਰੀ ਕਰਨ ਲਈ ਵਿਚਾਰਾਂ ਨੂੰ ਪਾਸੇ ਰੱਖਣ ਵਾਲੇ ਅਸਲੋਂ ਸਾਧਾਰਨ ਤੇ 'ਦੁਨੀਆਂਦਾਰ' ਬੰਦੇ ਲੱਗਦੇ ਨੇ। ਕੋਈ ਅਸਮਾਨੀ ਬੁਲੰਦੀਆਂ ਛੂਹਣ ਵਾਲੇ ਚਿੰਤਕ ਨਹੀਂ, ਜਿਵੇਂ ਉਨ੍ਹਾਂ ਦੇ ਗੁਰਤਰਨ ਸਿੰਘ ਵਰਗੇ ਪ੍ਰਸ਼ੰਸਕ ਸਮਝਦੇ ਹਨ। ਰਹੀ ਗੱਲ ਇਸ ਵਾਰ 'ਬਾਈ ਸਾਲਾਂ' ਦੀ ਛੋਟੀ ਉਮਰ ਵਿਚ ਵੇਦਾਂਤ ਪਰੰਪਰਾ ਨਾਲ 'ਸੰਵਾਦ' ਰਚਾਉਂਦੀ ਮਹਿਬੂਬ ਸਾਹਿਬ ਦੀ ਲਿਖਤ ਬਾਰੇ। ਮੈਂ ਇਸ ਨੂੰ ਦੋ ਕੁ ਵਾਰ ਪੜ੍ਹਨ ਤੇ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਪਰ ਅੱਧ ਤੋਂ ਵੱਧ ਅੱਗੇ ਨਹੀਂ ਪੜ੍ਹ ਸਕਿਆ ਕਿਉਂਕਿ ਮੇਰੇ ਪਿੜ-ਪੱਲੇ ਕੁਝ ਨਹੀਂ ਸੀ ਪੈ ਰਿਹਾ। ਸ਼ਬਦਾਂ ਤੇ ਅਲੰਕਾਰਾਂ ਦਾ ਅਜਿਹਾ ਕਾਵਿਕ ਅਡੰਬਰ ਰਚਿਆ ਹੈ ਕਿ ਅਰਥਾਂ ਤੱਕ ਪਹੁੰਚਣ ਲਈ ਬਾਰੀਆਂ-ਦਰਵਾਜ਼ੇ ਲੱਭਣੇ ਮੁਸ਼ਕਲ ਜਾਪਦੇ ਨੇ। ਮੇਰੀ ਸੀਮਤ ਸਮਝ ਕਾਰਨ ਅਜਿਹਾ ਹੋ ਸਕਦਾ ਹੈ। ਹੋ ਸਕਦਾ ਹੈ ਕਿ ਮੇਰੇ ਅੰਦਰ ਭਾਸ਼ਾ ਤੇ ਅਰਥਾਂ ਦੇ ਗੁਹਜ ਨੂੰ ਸਮਝਣ ਦੀ ਸੋਝੀ ਨਾ ਹੋਵੇ। ਮੈਨੂੰ ਆਪਣੀ ਸੀਮਤ ਸਮਝ 'ਤੇ ਨਦਾਮਤ ਵੀ ਹੋਈ ਪਰ ਫਿਰ ਮੈਂ ਆਪਣੇ ਆਪ ਨੂੰ ਹੌਸਲਾ ਦੇ ਲਿਆ ਕਿ ਜਿਹੜੀ ਲਿਖਤ ਮਹਿਬੂਬ ਸਾਹਿਬ ਦੇ ਅਨਿੰਨ ਸਿੱਖ ਗੁਰਤਰਨ ਸਿੰਘ ਨੂੰ 45 ਸਾਲ ਤੋਂ ਵਾਰ ਵਾਰ ਪੜ੍ਹਨ 'ਤੇ ਵੀ ਅਜੇ ਤੱਕ ਪੂਰੀ ਸਮਝ ਨਹੀਂ ਪਈ ਤਾਂ ਮੇਰੇ ਵਰਗੇ ਨੂੰ ਤਾਂ ਮੁਆਫ ਕੀਤਾ ਹੀ ਜਾ ਸਕਦਾ ਹੈ। ਉਂਜ ਜਿਹੜਾ ਗਿਆਨ ਕਿਸੇ ਨੂੰ ਸਮਝ ਹੀ ਨਹੀਂ ਆਉਂਦਾ, ਉਹਦੀ ਸਾਰਥਿਕਤਾ ਵੀ ਭਲਾ ਕੀ ਰਹਿ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਬਾਰੇ ਜਦੋਂ ਭਾਈ ਗੁਰਦਾਸ ਨੇ ਕਿਹਾ ਸੀ ਕਿ ਸੂਰਜ ਚੜ੍ਹਨ ਨਾਲ ਤਾਰੇ ਛਿਪ ਗਏ ਸਨ ਤਾਂ ਇਸ ਪਿੱਛੇ ਲੁਕਵੀਂ ਗੱਲ ਇਹ ਸੀ ਕਿ ਗੁਰੂ ਜੀ ਦਾ ਦਿੱਤਾ ਗਿਆਨ ਸੂਰਜ ਵਾਂਗ ਸੀ, ਜੋ ਲੋਕਾਂ ਨੂੰ ਨਿੱਘ ਦਿੰਦਾ ਸੀ, ਰੌਸ਼ਨੀ ਦਿੰਦਾ ਸੀ, ਰਾਹ ਦੱਸਦਾ ਸੀ ਕਿਉਂਕਿ ਉਨ੍ਹਾਂ ਦਾ ਗਿਆਨ ਲੋਕ-ਮੁਖੀ ਸੀ। ਜਿਹੜੇ 'ਤਾਰੇ' ਛਿਪ ਗਏ ਸਨ ਉਹ ਅਸਲ ਵਿਚ ਉਹ ਪੁਰਾਤਨ ਗਿਆਨ ਪਰੰਪਰਾਵਾਂ ਸਨ ਜਿਹੜੀਆਂ 'ਹੋ ਸਕਦਾ ਹੈ ਕੁਝ ਦੂਰ ਦੇ ਤਾਰਿਆਂ ਵਾਂਗ ਸੂਰਜ ਤੋਂ ਵੱਡੀਆਂ' ਵੀ ਹੋਣ ਪਰ ਉਨ੍ਹਾਂ ਦੀ ਰੌਸ਼ਨੀ ਤੇ ਨਿੱਘ ਲੋਕਾਂ ਤੱਕ ਨਹੀਂ ਪਹੁੰਚ ਸਕਿਆ ਜਿੰਨਾ ਗੁਰੂ ਜੀ ਦੇ 'ਨੇੜਲੇ' 'ਸੂਰਜੀ ਗਿਆਨ' ਦਾ ਪੁੱਜਾ। ਇਹ ਗੱਲ ਦੱਸਦੀ ਹੈ ਕਿ ਗਿਆਨ ਦੀ ਗੱਲ ਏਨੀ ਰਹੱਸਮਈ ਤੇ ਭੇਤ ਭਰੀ ਵੀ ਨਾ ਹੋਵੇ ਕਿ ਆਮ ਬੰਦੇ ਦੇ ਸਮਝ ਹੀ ਨਾ ਆਉਂਦੀ ਹੋਵੇ। ਜੇ ਮਹਿਬੂਬ ਸਾਹਿਬ ਦੀ ਬਾਈ ਸਾਲ ਦੀ ਉਮਰ ਵਿਚ ਲਿਖੀ ਲਿਖਤ 45 ਸਾਲਾਂ ਵਿਚ ਅਜੇ ਡਾ. ਗੁਰਤਰਨ ਸਿੰਘ ਨੂੰ ਸਮਝ ਨਹੀਂ ਆਈ ਤਾਂ ਮਹਿਬੂਬ ਸਾਹਿਬ ਦੀਆਂ 'ਉਪਰਲੀਆਂ' ਤੈਅ ਕੀਤੀਆਂ ਮੰਜ਼ਿਲਾਂ ਤੱਕ ਆਮ ਬੰਦੇ ਦੀ ਕੀ ਪਹੁੰਚ ਤੇ ਸਮਰੱਥਾ ਹੋਵੇਗੀ?

ਮੇਰੇ ਮਨ ਵਿਚ ਤਾਂ ਇਹ ਸਵਾਲ ਵੀ ਆਉਂਦਾ ਹੈ ਕਿ ਕੁਝ ਸਾਲ ਪਹਿਲਾਂ 'ਪੰਜਾਬ ਟਾਈਮਜ਼' ਵਿਚ ਗੁਰਦਿਆਲ ਬੱਲ ਨੂੰ ਲਿਖੇ ਤੇ ਛਪੇ ਖ਼ਤ ਵਿਚ ਪਾਸ਼ ਦੇ ਕਤਲ ਨੂੰ ਹੱਕਬਜਾਨਬ ਠਹਿਰਾਉਣ ਦੀ ਏਨੇ 'ਉਤਮ ਗੁਰਸਿੱਖ' ਦੀ ਭਲਾ ਕੀ ਤਰਕ ਬਣਦੀ ਸੀ।

ਮੇਰੀਆਂ ਗੱਲਾਂ ਜਾਂ ਸ਼ੰਕੇ ਜੇ ਕਿਸੇ ਮਹਿਬੂਬ ਸ਼ਰਧਾਲੂ ਨੂੰ ਦੁਖੀ ਕਰਨ ਤਾਂ ਪੇਸ਼ਗੀ ਮੁਆਫ਼ੀ ਮੰਗਦਾ ਹਾਂ। ਪਰ ਮੇਰੀ ਆਵਾਜ਼ ਵਿਚ ਬਹੁਤ ਸਾਰੇ ਉਨ੍ਹਾਂ ਲੋਕਾਂ ਦੀ ਆਵਾਜ਼ ਵੀ ਸ਼ਾਮਲ ਹੈ ਜਿਹੜੇ ਮਹਿਬੂਬ ਸਾਹਿਬ ਬਾਰੇ ਕੁਝ ਇੰਜ ਵੀ ਸੋਚਦੇ ਹਨ।

*–ਕੁਲਦੀਪ ਸਿੰਘ, ਅੰਮ੍ਰਿਤਸਰ*

# ਚਰਚਾ ਸ਼ਖਸੀਅਤਾਂ ਬਾਰੇ ਨਹੀਂ, ਰਚਨਾ ਬਾਰੇ ਹੋਵੇ

ਪਿਛਲੇ ਦਿਨਾਂ ਤੋਂ 'ਪੰਜਾਬ ਟਾਈਮਜ਼' ਵਿਚ ਹਰਿੰਦਰ ਸਿੰਘ ਮਹਿਬੂਬ ਬਾਰੇ ਵਿਚਾਰ ਚਰਚਾ ਚੱਲ ਰਹੀ ਹੈ। ਇੰਜ ਲੱਗਦਾ ਹੈ ਕਿ ਮਹਿਬੂਬ ਦੀ ਸ਼ਾਇਰੀ ਬਾਰੇ ਘੱਟ ਅਤੇ ਉਸ ਦੀ ਸ਼ਖ਼ਸੀਅਤ ਬਾਰੇ ਜ਼ਿਆਦਾ ਲਿਖਿਆ ਜਾ ਰਿਹਾ ਹੈ ਜਦੋਂਕਿ ਚਰਚਾ ਉਸ ਦੀਆਂ ਲਿਖਤਾਂ ਬਾਰੇ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਨਾਲ ਮਹਿਬੂਬ ਨੂੰ ਜ਼ਿਆਦਾ ਜਾਣਿਆ ਜਾ ਸਕੇਗਾ। ਪਿਛਲੇ ਦਿਨੀਂ ਡਾ. ਗੁਰਤਰਨ ਸਿੰਘ ਨੇ ਲਿਖਿਆ ਕਿ ਮਹਿਬੂਬ ਨੂੰ ਸਮਝਣ ਲਈ ਪਹਿਲਾਂ ਕੌਮਾਂਤਰੀ ਪੱਧਰ ਦਾ ਹੋਰ ਸਾਹਿਤ ਪੜ੍ਹਨਾ ਚਾਹੀਦਾ ਹੈ; ਹੁਣ ਸਵਾਲ ਉਠਦਾ ਹੈ ਕਿ ਲੇਖਕ ਆਪਣੇ ਲੋਕਾਂ ਲਈ ਆਪਣੀ ਬੋਲੀ 'ਚ ਲਿਖਦਾ ਹੈ, ਜੇ ਉਸ ਦਾ ਲਿਖਿਆ ਉਸ ਦੇ ਲੋਕਾਂ ਨੂੰ ਸਮਝ ਹੀ ਨਹੀਂ ਆਉਂਦਾ ਤਾਂ ਇਸ ਦਾ ਕੀ ਮਤਲਬ ਹੋਇਆ? ਇਸ ਸੂਰਤ ਵਿਚ ਸਾਹਿਤ ਜਿਸ ਨੂੰ ਭਾਵੇਂ ਕੋਈ ਕੌਮਾਂਤਰੀ ਪੱਧਰ ਦਾ ਕਹੇ, ਉਹ ਵੀ 'ਸਾਹਿਤਕ ਫਰਨੀਚਰ ਦੀ ਦੁਕਾਨ' ਤੋਂ ਵੱਧ ਨਹੀਂ ਹੁੰਦਾ।

ਪੰਜਾਬ ਦੀ ਖਾਲਿਸਤਾਨੀ ਲਹਿਰ ਨੇ ਪੰਜਾਬੀ ਜਨ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ। ਇਸ ਲਹਿਰ ਦੀ ਬਦੌਲਤ ਕਈ ਨਾਇਕ, ਖਲਨਾਇਕ ਬਣ ਗਏ ਤੇ ਕਈ ਖਲਨਾਇਕ, ਨਾਇਕ ਬਣ ਗਏ। ਮਹਿਬੂਬ ਵੀ ਇਸ ਵਰਤਾਰੇ ਦਾ ਸ਼ਿਕਾਰ ਹੋਇਆ। ਡਾ. ਗੁਰਤਰਨ ਸਿੰਘ ਦੇ ਦੱਸਣ ਮੁਤਾਬਿਕ ਪ੍ਰੋ. ਪ੍ਰੀਤਮ ਸਿੰਘ ਮਹਿਬੂਬ ਸਾਹਿਬ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਲੈ ਜਾਣਾ ਚਾਹੁੰਦੇ ਸਨ। ਇਹ ਵੀ ਸੱਚ ਹੈ ਕਿ ਮਹਿਬੂਬ ਨੇ ਪਹਿਲਾਂ ਜੰਡਿਆਲਾ (ਜਲੰਧਰ) ਦੇ ਖਾਲਸਾ ਕਾਲਜ ਵਿਚ ਅਧਿਆਪਨ ਸ਼ੁਰੂ ਕੀਤਾ ਸੀ ਜਿਹੜਾ ਕਹਿਣ ਨੂੰ ਖਾਲਸਾ ਕਾਲਜ ਸੀ, ਪਰ ਹਕੀਕਤ 'ਚ ਇਹ 'ਕਾਮਰੇਡ ਸੱਭਿਆਚਾਰ' ਵਾਲਾ ਕਾਲਜ ਸੀ। ਇਸ ਦੇ ਪ੍ਰਿੰਸੀਪਲ ਸਨ, ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਜਿਹੜੇ ਪ੍ਰਤੀਬੱਧ ਮਾਰਕਸੀ ਸਨ। ਉਸ ਵਕਤ ਮਹਿਬੂਬ ਦੀ ਲਾਲ ਪੱਗ ਹਰੇ ਰੰਗ 'ਚ ਰੰਗੀ ਗਈ ਸੀ ਤੇ ਉਨ੍ਹਾਂ ਨੂੰ ਮਨੁੱਖੀ ਸਮੱਸਿਆਵਾਂ ਦਾ ਹੱਲ ਸਿਰਫ਼ ਸੂਫ਼ੀ ਫਲਸਫੇ 'ਚੋਂ ਹੀ ਨਜ਼ਰ ਆਉਂਦਾ ਸੀ। ਸੇਖੋਂ ਨੂੰ ਇਹ ਸਭ ਹਜ਼ਮ ਨਹੀਂ ਹੋ ਰਿਹਾ ਸੀ। ਉਂਜ ਵੀ ਉਹ ਮਹਿਬੂਬ ਸਾਹਿਬ ਨੂੰ ਕਨਫਿਊਜ਼ਡ ਪਰਸਨ ਦੱਸਦੇ ਸਨ। ਮਹਿਬੂਬ ਦੇ ਜੰਡਿਆਲਾ ਕਾਲਜ ਛੱਡਣ ਜਾਂ ਛੁਡਵਾਉਣ ਪਿਛੇ ਇਹ ਵੱਡਾ ਕਾਰਨ ਵੀ ਸੀ।

ਮੇਰਾ ਇਸ ਗੱਲ ਦਾ ਜ਼ਿਕਰ ਕਰਨਾ ਦਾ ਮਤਲਬ ਹੈ ਕਿ ਪੰਜਾਬੀ ਸਾਹਿਤਕਾਰਾਂ 'ਚ ਇਹ ਆਮ ਬਿਮਾਰੀ ਹੈ ਕਿ ਨੌਕਰੀਆਂ ਦੇਣ-ਦਿਵਾਉਣ 'ਚ ਲਿਆਕਤ ਨੂੰ ਪਿੱਛੇ ਸੁੱਟ ਕੇ ਭਾਈਵਾਲੀਆਂ ਪਾਲੀਆਂ ਜਾਂਦੀਆਂ ਹਨ। ਸਾਹਿਤਕਾਰਾਂ ਦੀਆਂ ਲਿਹਾਜ਼ਦਾਰੀਆਂ ਤੇ ਨਿੱਜੀ ਰੰਜਿਸ਼ਾਂ ਵੀ ਸਾਹਿਤਕਾਰਾਂ ਨੂੰ ਨਾਇਕ ਤੇ ਖਲਨਾਇਕ ਬਣਾ ਦਿੰਦੀਆਂ ਹਨ। ਮੈਨੂੰ ਲੱਗਦਾ ਹੈ ਕਿ ਮਹਿਬੂਬ ਦੀ ਸਿਰਜਣਾ ਨੂੰ ਪਿੱਛੇ ਸੁੱਟ ਕੇ ਇਕ ਧਿਰ ਉਸ ਨੂੰ ਦੇਵ ਪੁਰਸ਼ ਬਣਾ ਰਹੀ ਹੈ ਤੇ ਦੂਜੀ ਧਿਰ ਲੋੜੋਂ ਵੱਧ ਥੱਲੇ ਲਾਹ ਰਹੀ ਹੈ। ਗੱਲ ਹੋਣੀ ਚਾਹੀਦੀ ਹੈ ਉਸ ਦੀ ਕਵਿਤਾ ਦੀ, ਕਿ ਕੀ ਉਸ ਦੀ ਕਵਿਤਾ

(ਬਾਕੀ ਸਫਾ 27 'ਤੇ)

# ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਕਹਿਣ 'ਤੇ ਕਿੰਤੂ ਕਿਉਂ?

**ਵਿਚਾਰ-ਚਰਚਾ**

***ਭਗਤ ਸਿੰਘ 20ਵੀਂ ਸਦੀ ਦਾ ਉਹ ਸ਼ਖ਼ਸ ਸੀ ਜਿਸ ਨੇ ਆਪਣੀ ਤਿੱਖੀ ਸੋਚ ਅਤੇ ਭਰਵੀਂ ਸਿਆਸੀ ਸਰਗਰਮੀ ਰਾਹੀਂ ਆਪਣੇ ਦੌਰ ਵਿਚ ਵੱਡਾ ਦਖਲ ਦੇਣ ਦਾ ਯਤਨ ਕੀਤਾ। ਉਸ ਦੀ ਇਸ ਸੋਚ ਅਤੇ ਸਰਗਰਮੀ ਦਾ ਕੇਂਦਰ ਅੰਗਰੇਜ਼ ਹਾਕਮਾਂ ਖਿਲਾਫ ਲੜਾਈ ਅਤੇ ਆਪਣੇ ਵਤਨ ਦੇ ਲੋਕਾਂ ਦੀ ਸਾਵੀਂ-ਪੱਧਰੀ ਜ਼ਿੰਦਗੀ ਲਈ ਹੰਭਲਾ ਸੀ। ਆਪਣੇ ਵਿਤ ਮੁਤਾਬਕ ਉਹਨੇ ਸਫਲਤਾ ਵੀ ਹਾਸਲ ਕੀਤੀ ਅਤੇ ਆਪਣੇ ਸਮਕਾਲੀਆਂ ਜਿਨ੍ਹਾਂ ਵਿਚ ਉਸ ਦੇ ਵਿਰੋਧੀ ਵੀ ਸ਼ਾਮਲ ਸਨ, ਨੂੰ ਸੋਚਣ ਲਈ ਮਜਬੂਰ ਕੀਤਾ। ਉਸ ਦੀ ਇਸੇ ਸੋਚ ਅਤੇ ਸਰਗਰਮੀ ਬਾਰੇ ਚਰਚਾ ਅਜੇ ਤੱਕ ਚੱਲ ਰਹੀ ਹੈ ਕਿਉਂਕਿ ਉਸ ਵੱਲੋਂ ਵਿੱਢੀ ਜੱਦੋਜਹਿਦ ਅਜੇ ਵੀ ਚੱਲ ਰਹੀ ਹੈ। ਉਸ ਸਮੇਂ ਵਾਂਗ ਅੱਜ ਵੀ ਉਸ ਦੇ ਪੱਖ ਵਾਲੇ ਅਤੇ ਖਿਲਾਫ ਬੋਲਣ ਵਾਲੇ ਉਤਨੇ ਹੀ ਸਰਗਰਮ ਹਨ। ਇਹ ਭਗਤ ਸਿੰਘ ਦੀ ਸ਼ਖ਼ਸੀਅਤ ਦਾ ਕੋਈ ਖਾਸ ਹੀ ਪਹਿਲੂ ਹੋਵੇਗਾ ਕਿ ਵਿਰੋਧੀਆਂ ਨੂੰ ਅੱਜ ਵੀ ਉਸ ਨੂੰ ਵਾਰ ਵਾਰ ਰੱਦ ਕਰਨ ਕਰਨ ਦੀ ਲੋੜ ਭਾਸ ਰਹੀ ਹੈ ਜਦਕਿ ਤੱਥ ਇਹ ਹੈ ਕਿ ਦਿਨ-ਬਦਿਨ ਉਸ ਤੋਂ ਮੁਤਾਸਰ ਲੋਕਾਂ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ। ਕੁਝ ਸਮਾਂ ਪਹਿਲਾਂ ਸਿੱਖ ਚਿੰਤਕ ਸ. ਅਜਮੇਰ ਸਿੰਘ ਨੇ ਗੁਰਦੁਆਰਾ ਪੈਲਾਟਾਈਨ (ਸ਼ਿਕਾਗੋ) ਵਿਖੇ ਸੰਬੋਧਨ ਕਰਦਿਆਂ ਭਗਤ ਸਿੰਘ ਅਤੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਬਾਰੇ ਟਿੱਪਣੀਆਂ ਕੀਤੀਆਂ ਸਨ। ਇਸ ਬਾਰੇ 'ਪੰਜਾਬ ਟਾਈਮਜ਼' ਕੋਲ ਆਇਆ ਸ. ਬੂਟਾ ਸਿੰਘ ਦਾ ਲੇਖ ਅਸੀਂ ਪਹਿਲਾਂ ਹੀ ਛਾਪ ਚੁੱਕੇ ਹਾਂ। ਹੁਣ ਸ. ਮੁਹਿੰਦਰ ਸਿੰਘ ਘੱਗ ਅਤੇ ਦਲਵਿੰਦਰ ਸਿੰਘ ਅਜਨਾਲਾ ਨੇ ਇਸ ਬਾਰੇ ਆਪੋ-ਆਪਣੇ ਲੇਖ ਭੇਜੇ ਹਨ ਜੋ ਅਸੀਂ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

**ਮੁਹਿੰਦਰ ਸਿੰਘ ਘੱਗ**
**ਫੋਨ: 530-695-1318**

ਸਤੰਬਰ 28, 1907 ਨੂੰ ਭਗਤ ਸਿੰਘ ਨੇ ਪਹਿਲਾ ਸਵਾਸ ਲਿਆ। 23 ਸਾਲ ਦੀ ਛੋਟੀ ਉਮਰੇ ਹੀ ਭਾਰਤ ਦੇਸ਼ ਨੂੰ ਅੰਗਰੇਜ਼ੀ ਸਰਕਾਰ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਜਦੋਜਹਿਦ ਕਰਦਾ ਜਾਮ-ਏ-ਸ਼ਹਾਦਤ ਪੀ ਗਿਆ। ਅਣਵੰਡੇ ਦੇਸ਼ ਦੇ ਨੌਜਵਾਨਾਂ ਲਈ ਉਹ ਰਾਹ ਦਸੇਰਾ ਬਣ ਗਿਆ। ਲੋਕਾਈ ਨੇ ਉਸ ਦੀ ਸੋਚ, ਲਗਨ ਅਤੇ ਦ੍ਰਿੜਤਾ ਤੋਂ ਮੁਤਾਸਰ ਹੋ ਕੇ ਉਸ ਨੂੰ ਸ਼ਹੀਦ-ਏ-ਆਜ਼ਮ ਵਜੋਂ ਆਪਣੇ ਮਨਾਂ ਵਿਚ ਵਸਾ ਲਿਆ। 81 ਸਾਲ ਬੀਤਣ 'ਤੇ ਵੀ ਉਸ ਦੀ ਮਕਬੂਲੀਅਤ ਵਿਚ ਕੋਈ ਫਰਕ ਨਹੀਂ ਪਿਆ। ਸਤੰਬਰ ਵਿਚ ਵੱਡੇ ਪੱਧਰ 'ਤੇ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਨਜ਼ਰ ਟਪਾਰ ਲਈ ਸ. ਅਜਮੇਰ ਸਿੰਘ ਅਕਤੂਬਰ ਦੇ ਮਹੀਨੇ ਆਪਣੇ ਵਿਚਾਰਾਂ ਦੀ ਕਾਲੀ ਤੌੜੀ ਟੰਗਦਾ ਹੈ, ਧੰਨਵਾਦ।

ਪਹਿਲਾਂ, ਅਕਤੂਬਰ 2010 ਵਿਚ ਗੁਰੂ ਕਾਸ਼ੀ ਦਮਦਮਾ ਸਾਹਿਬ ਵਿਖੇ ਯੂ.ਜੀ.ਸੀ. ਸੈਮੀਨਾਰ ਵਿਚ ਪਰਚਾ ਪੇਸ਼ ਕਰਦਿਆਂ ਸ. ਅਜਮੇਰ ਸਿੰਘ ਨੇ ਭਗਤ ਸਿੰਘ ਦੀ ਸੋਚ ਅਤੇ ਸ਼ਹਾਦਤ ਨੂੰ ਛੁਟਿਆਉਣ ਦਾ ਯਤਨ ਕੀਤਾ ਅਤੇ ਫੇਰ ਹੁਣ ਸ਼ਿਕਾਗੋ ਦੇ ਗੁਰਦੁਆਰਾ ਪੈਲਾਟਾਈਨ ਵਿਖੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਕਹਿਣਾ ਠੀਕ ਨਹੀਂ। ਖਿਆਲਾਤ ਦੀ ਆਜ਼ਾਦੀ ਹਰ ਇਕ ਦਾ ਹੱਕ ਹੈ ਪਰ ਦਲੀਲ ਰਹਿਤ ਵਿਚਾਰ ਸਿਰਫ ਹਸਦ ਜਾਂ ਮਨ ਦੀ ਭੜਾਸ ਹੋ ਨਿਬੜਦਾ ਹੈ।


ਬਾਬੇ ਨਾਨਕ ਵਲੋਂ ਦਰਸਾਏ ਰਾਹ 'ਕਿਛੁ ਸੁਣੀਐ ਕਿਛੁ ਕਹੀਐ' ਦਾ ਧਾਰਨੀ ਹੁੰਦਿਆਂ ਮੈਂ ਆਪਣੇ ਵਿਚਾਰ ਪਾਠਕਾਂ ਦੀ ਸੱਥ ਵਿਚ ਰੱਖਾਂਗਾ, ਪਰਖ ਪਾਠਕਾਂ ਨੇ ਕਰਨੀ ਹੈ। ਗੁਰਦੁਆਰਾ ਪੈਲਾਟਾਈਨ ਸ਼ਿਕਾਗੋ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਸ. ਅਜਮੇਰ ਸਿੰਘ ਨੇ ਦਲੀਲ ਦਿੱਤੀ, "ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਕਹਿਣਾ ਸਹੀ ਨਹੀਂ, ਕਿਉਂਕਿ ਸਿੱਖ ਪੰਥ ਵਿਚ ਸ਼ਹੀਦ-ਏ-ਆਜ਼ਮ ਸਿਰਫ ਗੁਰੂ ਅਰਜਨ ਦੇਵ ਜੀ ਹਨ।"

ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਨੂੰ 1606 ਈਸਵੀ ਵਿਚ ਸ਼ਹੀਦ ਕਰ ਦਿੱਤਾ ਗਿਆ। 1931 ਵਿਚ ਭਗਤ ਸਿੰਘ ਦੀ ਸ਼ਹੀਦੀ ਦੀ ਜ਼ਿੰਮੇਵਾਰ ਹਕੂਮਤ ਬਰਤਾਨੀਆ ਹੈ। ਦੋਵੇਂ ਸ਼ਹਾਦਤਾਂ ਜ਼ਾਲਮ ਸਰਕਾਰ ਨਾਲ ਜੂਝਦਿਆਂ ਹੋਈਆਂ ਹਨ। ਦੋਵਾਂ ਵਿਚ ਕਿਤੇ ਵੀ ਆਪਣਾ ਮੁਫਾਦ ਨਜ਼ਰ ਨਹੀਂ ਆਉਂਦਾ। ਗੁਰੂ ਅਰਜਨ ਦੇਵ ਨੂੰ ਅੰਤਾਂ ਦੇ ਤਸੀਹੇ ਦਿਤੇ ਗਏ। ਉਮਦਤ-ਤਵਾਰੀਖ ਦਾ ਲਿਖਾਰੀ ਲਿਖਦਾ ਹੈ, "ਕਲਮ ਤਹਿਰੀਰੇ ਆਂ ਖ਼ੂ ਫ਼ਿਸ਼ਾ, ਵ ਦੀਦਹ ਗਿਰਿਆਂ ਵ ਦਿਲ ਬਿਰਿਯਾਂ ਵ ਜਾਨ ਹੈਰਾਂ ਮੇ ਬਾਸ਼ਦ।"

ਸ਼ਹਾਦਤ ਬਾਰੇ ਲਿਖਦਿਆਂ ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ ਤੇ ਦਿਲ ਪਾਟਦਾ ਹੈ। ਬੇਇੰਤਹਾ ਤਸੀਹੇ ਗੁਰੂ ਮਹਾਰਾਜ ਨੂੰ ਡੁਲਾ ਨਾ ਸਕੇ। ਉਨ੍ਹਾਂ ਦੇ ਮੁਖਾਰਬਿੰਦ 'ਚੋਂ ਨਿਕਲੇ 'ਤੇਰਾ ਭਾਣਾ ਮੀਠਾ ਲਾਗੈ' ਦੇ ਸ਼ਬਦ ਅੱਗੇ ਜ਼ਾਲਮ ਹਾਰ ਗਿਆ। ਗੁਰੂ ਜੀ ਦੀ ਸ਼ਹਾਦਤ ਨੇ ਸਿੱਖ ਮਨਾਂ ਅੰਦਰ ਕੁਰਬਾਨੀ ਦੇ ਜਜ਼ਬੇ ਨੂੰ ਜਨਮ ਦਿੱਤਾ। ਸਿੱਖਾਂ ਦਾ ਦਿਲੋ-ਦਿਮਾਗ ਮੌਤ ਤੋਂ ਭੈਅ ਰਹਿਤ ਹੋ ਗਿਆ। ਕਮਜ਼ੋਰ ਅਤੇ ਲਤਾੜੇ ਜਾਂਦੇ ਲੋਕਾਂ ਦੇ ਹੱਕਾਂ ਲਈ ਗੁਰੂ ਜੀ ਦੇ ਸਿੱਖ ਆਪਣੀ ਜਾਨ ਦੀ ਬਾਜ਼ੀ ਲਾਉਣ ਲੱਗ ਪਏ। ਸਿੱਖ ਜਗਤ ਵਿਚ ਗੁਰੂ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਰਕੇ ਜਾਣਿਆ ਗਿਆ। ਭਾਰਤ ਨੂੰ ਅੰਗਰੇਜ਼ਾਂ ਦੇ ਚੁੰਗਲ 'ਚੋਂ ਆਜ਼ਾਦ ਕਰਾਉਣ ਲਈ ਭਗਤ ਸਿੰਘ ਨੇ ਸ਼ਹਾਦਤ ਦਾ ਰਾਹ ਚੁਣਿਆ, ਉਸ ਦੀ ਆਪਣੀ ਵਿਲੱਖਣਤਾ ਹੈ। ਅਦਾਲਤ ਵਿਚ ਦਿਤੇ ਬਿਆਨਾਂ ਨੇ ਦੇਸ਼ ਭਰ ਦੇ ਨੌਜਵਾਨਾਂ ਦੇ ਮਨਾਂ ਵਿਚ ਆਜ਼ਾਦੀ ਦੀ ਚਿਣਗ ਲਾ ਦਿੱਤੀ। ਹਰ ਜ਼ਬਾਨ 'ਤੇ ਭਗਤ ਸਿੰਘ ਦਾ ਨਾਂ ਚੜ੍ਹ ਗਿਆ।

ਅਣਵੰਡੇ ਭਾਰਤ ਦੇ ਲੋਕਾਂ ਲਈ ਉਹ ਰਾਹ ਦਸੇਰਾ ਬਣ ਗਿਆ। ਭਾਰਤੀਆਂ ਨੇ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਕਹਿ ਕੇ ਨਿਵਾਜਿਆ। ਭਗਤ ਸਿੰਘ ਦੀ ਕੁਰਬਾਨੀ ਨੂੰ ਛੁਟਿਆਉਣ ਲਈ ਅਜਮੇਰ ਸਿੰਘ ਹੀ ਨਹੀਂ, ਸਮੇਂ ਸਮੇਂ ਇੱਕਾ ਦੁੱਕਾ ਹੋਰਨਾਂ ਨੇ ਵੀ ਯਤਨ ਕੀਤਾ ਪਰ ਭਗਤ ਸਿੰਘ ਦੀ ਮਕਬੂਲੀਅਤ ਵਿਚ ਕੋਈ ਫਰਕ ਨਹੀਂ ਪਿਆ। ਸਦੀਆਂ ਤੋਂ ਗੁਰੂ ਅਰਜਨ ਦੇਵ ਨੂੰ 'ਸ਼ਹੀਦਾਂ ਦੇ ਸਰਤਾਜ' ਕਰਕੇ ਜਾਣਿਆ ਜਾਂਦਾ ਹੈ ਅਤੇ ਭਗਤ ਸਿੰਘ ਲਈ ਸ਼ਬਦ 'ਸ਼ਹੀਦ-ਏ-ਆਜ਼ਮ' ਵਰਤਿਆ ਗਿਆ ਹੈ।

ਇਕ ਸ਼ਬਦ ਹੈ ਸਰਤਾਜ (ਸਭ ਤੋਂ ਵੱਡਾ), ਦੂਸਰਾ ਹੈ ਆਜ਼ਮ (ਵੱਡਾ)। ਸਰਤਾਜ ਸ਼ਬਦ ਸਭ ਤੋਂ ਵੱਡੇ ਲਈ ਵਰਤਿਆ ਜਾਂਦਾ ਹੈ ਅਤੇ ਆਜ਼ਮ ਦੀ ਵਰਤੋਂ ਕਿਸੇ ਦੇ ਰੁਤਬੇ ਨੂੰ ਵਡਿਤਣ ਦੇਣ ਲਈ ਕੀਤੀ ਜਾਂਦੀ ਹੈ। ਜਿਵੇਂ ਵਜ਼ੀਰ ਨੂੰ ਵਜ਼ੀਰੇ ਆਜ਼ਮ ਕਹਿਣ ਨਾਲ ਉਹ ਵੱਡਾ ਵਜ਼ੀਰ ਤਾਂ ਬਣ ਜਾਂਦਾ ਹੈ ਪਰ ਸਰਤਾਜ ਦੀ ਬਰਾਬਰੀ ਨਹੀਂ ਕਰ ਸਕਦਾ। ਗੁਰੂ ਅਰਜਨ ਪਾਤਸ਼ਾਹ ਲਈ 'ਸ਼ਹੀਦ-ਏ-ਆਜ਼ਮ' ਸ਼ਬਦ ਦੀ ਵਰਤੋਂ ਅਜਮੇਰ ਸਿੰਘ ਦੀ ਕਾਢ ਹੈ। ਉਹ ਗੁਰੂ ਅਰਜਨ ਦੇਵ ਨੂੰ ਸ਼ਹੀਦ-ਏ-ਆਜ਼ਮ ਆਖ ਕੇ ਵਡਿਆਉਂਦਾ ਨਹੀਂ, ਬਲਕਿ ਛੁਟਿਆਉਂਦਾ ਹੈ। ਆਪਣੇ ਆਪ ਨੂੰ ਸਿੱਖ ਵਿਦਵਾਨ, ਇਤਿਹਾਸਕਾਰ ਵਜੋਂ ਸਥਾਪਤ ਕਰ ਰਿਹਾ ਸ. ਅਜਮੇਰ ਸਿੰਘ ਜਾਣੇ-ਅਨਜਾਣੇ ਵਿਚ ਦੋ ਸ਼ਹਾਦਤਾਂ ਨੂੰ ਰਲ-ਗਡ ਕਰਦਾ ਹੈ ਇਸ ਤਰ੍ਹਾਂ ਉਹ ਸਿੱਖ ਜਗਤ ਦਾ ਨਿਰਾਦਰ ਤਾਂ ਕਰਦਾ ਹੀ ਹੈ, ਨਾਲ ਨਾਲ ਆਪਣੇ ਆਪ ਨੂੰ ਵੀ ਅਨਾੜੀ ਸਾਬਤ ਕਰਦਾ ਹੈ।



ਸ਼ਹੀਦ ਭਗਤ ਸਿੰਘ


ਗੁਰਦੁਆਰਾ ਪੈਲਾਟਾਈਨ ਵਿਖੇ ਸ. ਅਜਮੇਰ ਸਿੰਘ ਸ਼ਹਾਦਤ ਦੀ ਵਿਆਖਿਆ ਵੀ ਕੀਤੀ। ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹੀਦੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ, "ਸਿੱਖੀ ਵਿਚ ਸ਼ਹੀਦੀ ਦਾ ਸੰਕਲਪ ਬਿਲਕੁਲ ਨਿਆਰਾ ਹੈ। ਸਿੱਖ ਧਰਮ ਪੂਰੀ ਕਾਇਨਾਤ ਦੀ ਗੱਲ ਕਰਦਾ ਹੈ, ਕਿਸੇ ਦੇਸ਼ ਜਾਂ ਖਿਤੇ ਦੀ ਨਹੀਂ। ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ 'ਤੇਰਾ ਭਾਣਾ ਮੀਠਾ ਲਾਗੈ' ਕਹਿੰਦਿਆਂ ਇਸ ਕਾਇਨਾਤ ਵਿਚ ਹਰ ਇਕ ਦੇ ਜੀਣ-ਥੀਣ ਦੇ ਬਰਾਬਰ ਦੇ ਹੱਕ 'ਤੇ ਪਹਿਰਾ ਦਿੰਦਿਆਂ ਰੱਬੀ ਰਜ਼ਾ ਨੂੰ ਮੰਨਦਿਆਂ ਦਿੱਤੀ ਸੀ। ਸਿੱਖ ਧਰਮ ਹੋਰ ਸਭ ਧਰਮਾਂ-ਵਿਸ਼ਵਾਸਾਂ ਤੋਂ ਨਿਆਰਾ ਹੈ ਜਦੋਂ ਪੱਛਮੀ ਵਿਦਵਾਨ ਸਿੱਖ ਸ਼ਹੀਦੀਆਂ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹੀਦੀਆਂ ਆਖਦੇ ਹਨ ਤਾਂ ਇਹ ਸਾਡੇ ਸ਼ਹੀਦਾਂ ਨਾਲ ਅਨਿਆਂ ਹੁੰਦਾ ਹੈ। ਪੱਛਮੀ ਵਿਚਾਰਧਾਰਾ ਅਨੁਸਾਰ ਮਨੁੱਖ ਆਪਣੇ ਦੇਸ਼ ਕਾਲ ਤਕ ਸੀਮਤ ਹੈ ਜਦੋਂ ਕਿ ਸਿੱਖ ਧਰਮ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ।" ਸ਼ਹੀਦ ਭਗਤ ਸਿੰਘ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਭਗਤ ਸਿੰਘ ਨੇ ਸ਼ਹੀਦੀ ਭਾਰਤ ਦੇਸ਼ ਦੀ ਆਜ਼ਾਦੀ ਲਈ ਦਿੱਤੀ ਨਾ ਕਿ ਸਰਬੱਤ ਦੇ ਭਲੇ ਲਈ।

ਸ. ਅਜਮੇਰ ਸਿੰਘ ਦਾ ਇਹ ਬਿਆਨ ਵੀ ਉਸ ਦੀਆਂ ਲਿਖਤਾਂ ਵਾਂਗ ਹੀ ਆਪਾ-ਵਿਰੋਧੀ ਹੈ, ਆਓ ਦੇਖੀਏ ਉਹ ਕਿੰਦਾਂ! ਗੁਰੂ ਤੇਗ ਬਹਾਦਰ ਜੀ ਨੇ ਆਪ ਜਨੇਊ ਪਹਿਨਿਆ ਨਹੀਂ ਅਤੇ ਦੂਜੇ ਦੇ ਜਬਰੀ ਜਨੇਊ ਲਾਹੁਣ 'ਤੇ ਇਤਰਾਜ਼ ਵਜੋਂ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦੀ ਦਿੱਤੀ। ਗੁਰੂ ਗੋਬਿੰਦ ਸਿੰਘ ਉਸ ਕੁਰਬਾਨੀ ਨੂੰ ਮਨੁੱਖੀ ਅਧਿਕਾਰਾਂ ਲਈ ਦਿੱਤੀ ਕੁਰਬਾਨੀ ਗਿਣਦੇ ਹਨ- "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ। ਕੀਨੋ ਬਡੋ ਕਲੂ ਮੇ ਸਾਕਾ।" ਸ. ਅਜਮੇਰ ਸਿੰਘ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਜੇ ਮਨੁੱਖੀ ਹੱਕਾਂ ਲਈ ਦਿੱਤੀ ਕੁਰਬਾਨੀ ਨਹੀਂ ਗਿਣਦਾ, ਤਾਂ ਜਾਂ ਤਾਂ ਅਜਮੇਰ ਸਿੰਘ ਨੇ ਗੁਰ ਇਤਿਹਾਸ ਪੜ੍ਹਿਆ ਹੀ ਨਹੀਂ, ਜਾਂ ਫੇਰ ਉਹ ਦਸਮ ਪਾਤਸ਼ਾਹ ਦੇ ਵਿਚਾਰਾਂ ਨਾਲ ਸਹਿਮਤ ਨਹੀਂ। ਸ਼ਹਾਦਤ ਦੇ ਜਿਸ ਚੌਖਟੇ ਦੀ ਗੱਲ ਸ. ਅਜਮੇਰ ਸਿੰਘ ਕਰ ਰਿਹਾ ਹੈ, ਜ਼ਰਾ ਦਲੀਲ ਦੇ ਕੇ ਪੁਰਾਤਨ ਅਤੇ ਅੱਜ ਦੀਆਂ ਸਿੱਖ ਸ਼ਹਾਦਤਾਂ ਨੂੰ ਉਸ ਵਿਚ ਫਿਟ ਕਰ ਕੇ ਦਿਖਾਲਣ ਦਾ ਯਤਨ ਕਰੇ, ਸਿੱਖ ਜਗਤ ਉਡੀਕ ਕਰੇਗਾ। ਜੋ ਵਾਕਿਆ ਦੁਹਰਾਇਆ ਜਾ ਸਕੇ, ਉਹ ਇਤਿਹਾਸ ਹੈ; ਜਿਹੜਾ ਨਹੀਂ ਦੁਹਰਾਇਆ ਜਾ ਸਕਦਾ, ਉਹ ਮਿਥਿਹਾਸ ਬਣ ਜਾਂਦਾ ਹੈ। ਸ. ਬੇਅੰਤ ਸਿੰਘ, ਸ. ਸਤਵੰਤ ਸਿੰਘ, ਸ. ਕੇਹਰ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਪੁਰਾਤਨ ਇਤਿਹਾਸ ਨੂੰ ਦੁਹਰਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਕੌਮ ਵਿਚ ਹਾਲੇ ਵੀ ਸੂਰਵੀਰ ਯੋਧੇ ਹਨ ਅਤੇ ਅਗਾਂਹ ਨੂੰ ਵੀ ਪੈਦਾ ਹੁੰਦੇ ਰਹਿਣਗੇ ਜੋ ਆਪਣੇ ਧਰਮ ਅਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨੂੰ ਨਹੀਂ ਬਖਸ਼ਦੇ। ਉਪਰੋਕਤ ਸਿੰਘਾਂ ਨੇ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਤੇ ਬਾਬਾ ਦੀਪ ਸਿੰਘ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿੱਤੀ। ਪਾਠਕ ਸ. ਊਧਮ ਸਿੰਘ ਦੀ ਸ਼ਹਾਦਤ ਬਾਰੇ ਵੀ ਸ. ਅਜਮੇਰ ਸਿੰਘ ਦੇ ਵਿਚਾਰ ਜਾਨਣਾ ਚਾਹੁਣਗੇ।

ਗੁਰਦੁਆਰਾ ਪੈਲਾਟਾਈਨ ਵਿਚ ਹੀ ਬੋਲਦਿਆਂ ਸ. ਅਜਮੇਰ ਸਿੰਘ ਨੇ ਗਦਰੀ ਬਾਬਿਆਂ ਬਾਰੇ ਆਖਿਆ, "ਗਦਰੀ ਬਾਬਿਆਂ ਨੇ ਵੀ ਲੜਨ ਮਰਨ ਦੀ ਪ੍ਰੇਰਨਾ ਸਿੱਖ ਇਤਿਹਾਸ ਤੋਂ ਲਈ। ਉਹ ਪਹਿਲਾਂ ਸਿੱਖ ਸਨ ਤੇ ਫੇਰ ਹੋਰ ਕੁਝ।" ਉਨ੍ਹਾਂ ਇਸ ਗੱਲ 'ਤੇ ਇਤਰਾਜ਼ ਕੀਤਾ ਕਿ ਭਾਰਤੀ ਸਥਾਪਤੀ ਵਲੋਂ ਮੁੜ ਮੁੜ ਗਦਰੀ ਬਾਬਿਆਂ ਨੂੰ ਸਿਰਫ ਭਾਰਤੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮੈਂ ਸ. ਅਜਮੇਰ ਸਿੰਘ ਦੀ ਇਕ ਗੱਲ ਨਾਲ ਸਹਿਮਤ ਹਾਂ ਕਿ ਗਦਰੀ ਬਾਬਿਆਂ ਨੇ ਅਣਖ ਦਾ ਜੀਵਨ ਬਸਰ ਕਰਨ ਦੀ ਸਿੱਖਿਆ ਗੁਰੂ ਮਹਾਰਾਜ ਦੀ ਬਾਣੀ 'ਚੋਂ ਲਈ। ਵਿਸ਼ਵਾਸ ਵਜੋਂ ਉਹ ਗੁਰਸਿੱਖ ਸਨ, ਭਾਰਤ ਦੇ ਵਸਨੀਕ ਹੋਣ ਕਾਰਨ ਭਾਰਤੀ। ਭਾਰਤ ਦੀ ਆਜ਼ਾਦੀ ਲਈ ਉਨ੍ਹਾਂ ਬੇਮਿਸਾਲ ਕੁਰਬਾਨੀ ਦਿਤੀ। ਗੁਰੂਆਂ ਦੇ ਦਰਸਾਏ ਰਾਹ 'ਤੇ ਚੱਲਣ ਕਾਰਨ ਉਨ੍ਹਾਂ ਦੀ ਸੋਚਣੀ ਬੜੀ ਵਿਸ਼ਾਲ ਸੀ ਤੇ ਉਸੇ ਕਾਰਨ ਉਨ੍ਹਾਂ ਨੂੰ ਬਾਬਿਆਂ ਦੀ ਪਦਵੀ ਪ੍ਰਾਪਤ ਹੋਈ। ਸ. ਅਜਮੇਰ ਸਿੰਘ ਅਤੇ ਕੁਝ ਹੋਰ ਪ੍ਰਚਾਰਕ ਅੱਜ ਬਾਬਿਆਂ ਨੂੰ ਆਪਣੀ ਸੌੜੀ ਬੁੱਕਲ ਵਿਚ ਲੈ ਕੇ ਉਨ੍ਹਾਂ ਦੀ ਕੁਰਬਾਨੀ ਨੂੰ ਵੀ ਛੁਟਿਆ ਰਹੇ ਹਨ, ਜੋ ਠੀਕ ਨਹੀਂ।

2010 ਵਿਚ ਦਮਦਮਾ ਸਾਹਿਬ ਵਿਚ ਸ. ਅਜਮੇਰ ਸਿੰਘ ਨੇ ਭਗਤ ਸਿੰਘ ਨੂੰ ਗਾਂਧੀ ਜੀ ਵਾਂਗ ਹੀ ਰਾਸ਼ਟਰਵਾਦੀ ਆਖ ਕੇ ਨਿੰਦਿਆ ਸੀ। ਗਾਂਧੀ ਜੀ ਦਾ ਰਾਸ਼ਟਰਵਾਦ 'ਰਘੂਪਤ ਰਾਘਵ ਰਾਜਾ ਰਾਮ' ਤੱਕ ਸੀਮਤ ਸੀ, ਉਸ ਨੂੰ ਪਾਉਣ ਵਿਚ ਉਹ ਸਫਲ ਵੀ ਹੋ ਗਿਆ। ਭਗਤ ਸਿੰਘ ਦਾ ਰਾਸ਼ਟਰਵਾਦ ਸਿੱਖ ਸਿਧਾਂਤਾਂ 'ਤੇ ਆਧਾਰਤ ਹੈ। ਗੁਰੂ ਨਾਨਕ ਦੇਵ ਨੇ ਬਿਖੜੇ ਪੈਂਡੇ ਝਾਗ ਕੇ ਚਾਰ ਉਦਾਸੀਆਂ ਦੌਰਾਨ ਦੇਸ਼ਾਂ-ਵਿਦੇਸ਼ਾਂ ਦਾ ਗਮਨ ਕੀਤਾ। ਅਜ ਤੋਂ 600 ਸਾਲ ਪਹਿਲਾਂ ਹੀ ਸੰਸਾਰੀਕਰਨ ਵੱਲ ਸੰਕੇਤ ਕੀਤਾ। ਉਸ ਤੋਂ ਅੱਗੇ 9 ਜਾਮਿਆਂ ਵਿਚ ਹਰ ਗੁਰੂ ਮਹਾਰਾਜ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਲਾਏ ਮਿਸ਼ਨ 'ਤੇ ਪਹਿਰਾ ਦਿੰਦਿਆਂ ਦੂਰ-ਦਰਾਡੇ ਤਕ ਪ੍ਰਚਾਰ ਕਰਕੇ ਬਰਾਬਰੀ ਦੇ ਆਧਾਰ 'ਤੇ ਸਮਾਜ ਸਿਰਜਣ ਦਾ ਯਤਨ ਕੀਤਾ। ਗੁਰੂ ਅਮਰਦਾਸ ਜੀ ਨੇ ਪੂਰੇ ਹਿੰਦੋਸਤਾਨ ਵਿਚ ਪ੍ਰਚਾਰ ਲਈ 22 ਮੰਜੀਆਂ ਸਥਾਪਤ ਕੀਤੀਆਂ। ਪੰਚਮ ਪਾਤਸ਼ਾਹ ਨੇ ਬਗੈਰ



ਸ. ਅਜਮੇਰ ਸਿੰਘ

ਕਿਸੇ ਜਾਤੀ ਵਿਤਕਰੇ ਤੋਂ ਪੂਰੇ ਭਾਰਤ ਦੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਕੇ ਇਕ ਵਡ-ਅਕਾਰੇ ਸਮਾਜ ਦੀ ਉਸਾਰੀ ਵਲ ਇਕ ਹੋਰ ਪੁਲਾਂਘ ਪੁੱਟੀ। ਬਾਕੀ ਗੁਰੂ ਸਾਹਿਬਾਨ ਨੇ ਵੀ ਦੂਰ-ਦੁਰੇਡੇ ਤਕ ਪ੍ਰਚਾਰ ਕੀਤਾ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵਲੋਂ ਪੰਜ ਪਿਆਰਿਆਂ ਦੀ ਚੋਣ ਸਮੇਂ ਹਿੰਦੋਸਤਾਨ ਦੀ ਵੱਖ-ਵੱਖ ਦਿਸ਼ਾਵਾਂ 'ਚੋਂ ਵੱਖ-ਵੱਖ ਵਰਣਾਂ ਦੀ ਚੋਣ ਨੂੰ ਰਾਸ਼ਟਰਵਾਦ ਦਾ ਨਾਂ ਦਿਓਗੇ ਜਾਂ ਕੁਝ ਹੋਰ! ਭਗਤ ਸਿੰਘ ਵੀ ਗੁਰੂ ਗੋਬਿੰਦ ਦੇ ਦਰਸਾਏ ਰਾਹ 'ਤੇ ਚੱਲਿਆ ਸੀ। ਭਗਤ ਸਿੰਘ ਬਾਰੇ ਰਣਬੀਰ ਆਪਣੀ ਕਿਤਾਬ 'ਯੁਗ ਪੁਰਸ਼' ਵਿਚ ਲਿਖਦਾ ਹੈ ਕਿ ਦਸਮ ਪਾਤਸ਼ਾਹ ਭਗਤ ਸਿੰਘ ਲਈ ਆਦਰਸ਼ਕ ਮਹਾਂਪੁਰਸ਼ ਸਨ, ਮੈਂ ਭਗਤ ਸਿੰਘ ਨਾਲ ਪਿਆਰ ਕਰਦਾ ਸੀ। ਇਸ ਲਈ ਦਸਮ ਪਿਤਾ ਮੇਰੇ ਲਈ ਵੀ ਆਦਰਸ਼ਕ ਮਹਾਂਪੁਰਸ਼ ਬਣ ਗਏ। (ਯੁਗ ਪੁਰਸ਼ ਪੰਨਾ 71-72) ਦਸਮੇਸ਼ ਪਿਤਾ ਤੋਂ ਪ੍ਰਭਾਵਤ ਭਗਤ ਸਿੰਘ ਨੇ ਬਗੈਰ ਕਿਸੇ ਆਪਣੇ ਮੁਫਾਦ ਦੇ ਭਾਰਤ ਦੀ ਆਜ਼ਾਦੀ ਲਈ 23 ਸਾਲ ਦੀ ਉਮਰ ਵਿਚ ਆਪਣਾ ਜੀਵਨ ਕੁਰਬਾਨ ਕਰ ਦਿਤਾ। ਦੂਜੇ ਦੀ ਕੁਰਬਾਨੀ ਨੂੰ ਛੁਟਿਆ ਕਿ ਕੋਈ ਬੜਾ ਨਹੀਂ ਬਣ ਸਕਦਾ, ਬੜਾ ਬਣਨ ਲਈ ਕੁਝ ਕਰਨਾ ਪੈਂਦਾ ਹੈ।

ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਬਾਰੇ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ 'ਪੰਜਾਬ ਟਾਈਮਜ਼' ਵਿਚ ਚਰਚਾ ਛਿੜੀ ਤਾਂ ਮੈਂ ਇਕ ਦਿਨ ਆਪਣੇ ਦੋਸਤ ਰਿਟਾਇਰਡ ਮੇਜਰ ਗੁਰਮੁਖ ਸਿੰਘ ਦੀ ਰਾਏ ਜਾਣਨੀ ਚਾਹੀ ਤਾਂ ਆਖਣ ਲੱਗਾ-ਪੁਲਿਸ ਵਾਲੇ ਕੇਸ ਦੀ ਤਫਤੀਸ਼ ਤੋਂ ਪਹਿਲਾਂ ਮੋਟਿਵ (ਮਕਸਦ) ਲੱਭਣ ਦਾ ਯਤਨ ਕਰਦੇ ਹਨ। ਸ. ਅਜਮੇਰ ਸਿੰਘ ਦੀ ਲਿਖਤ ਤੋਂ ਇਹ ਸਾਫ ਝਲਕਦਾ ਹੈ ਕਿ ਉਸ ਨੇ ਛੇਤੀ ਸ਼ੋਹਰਤ ਹਾਸਲ ਕਰਨ ਲਈ ਨੌਜਵਾਨਾਂ ਦੀ ਭਾਵਨਾ ਦਾ ਆਸਰਾ ਲਿਆ ਹੈ। ਇਸ ਵਿਚ ਉਹ ਸਫਲ ਵੀ ਹੋ ਰਿਹਾ ਹੈ। ਉਹ ਕਮਿਊਨਿਸਟ ਸਟੱਡੀ ਸਰਕਲ ਵਾਂਗ ਪਾਠਕਾਂ ਨੂੰ ਇਕਪਾਸੜੀ ਗੱਲ ਦੱਸਦਾ ਹੈ। ਉਸ ਦੀਆਂ ਪੁਸਤਕਾਂ ਉਧਾਰੀਆਂ ਟੂਕਾਂ ਅਤੇ ਆਪਾ-ਵਿਰੋਧੀ ਵਿਚਾਰਾਂ ਨਾਲ ਲਥ-ਪਥ ਹਨ। ਇਤਿਹਾਸ ਬਾਰੇ ਕੋਈ ਨਵੀਂ ਜਾਣਕਾਰੀ ਨਹੀਂ। ਆਪਣੇ ਲੇਖਾਂ ਵਿਚ ਅਜਮੇਰ ਸਿੰਘ ਗਾਇਬ ਹੈ। ਉਹ ਕਿਤੇ ਵੀ ਕੋਈ ਸੰਵਾਦ ਛੇੜਦਾ ਨਜ਼ਰ ਨਹੀਂ ਆਉਂਦਾ। ਘਟਨਾ ਘਟਨਾ ਨੂੰ ਜਨਮ ਦਿੰਦੀ ਹੈ। ਮਿਹਣੇ ਤਾਨਿਆਂ ਨੂੰ ਵਿਚਾਰ-ਚਰਚਾ ਨਹੀਂ ਕਿਹਾ ਜਾਂਦਾ। ਮੇਰੀ ਰਾਏ ਮੁਤਾਬਕ ਤਾਂ ਉਨ੍ਹਾਂ ਕਿਤਾਬਾਂ 'ਤੇ ਇੰਨੇ ਲੇਖ ਲਿਖਣ ਦੀ ਲੋੜ ਹੀ ਨਹੀਂ ਸੀ। ਤੈਨੂੰ ਯਾਦ ਹੋਣਾ, ਛੋਟੇ ਹੁੰਦਿਆਂ ਲੰਮੇ ਦਾਅ ਇੱਟਾਂ ਖੜ੍ਹੀਆਂ ਕਰ ਕੇ ਰੇਲ ਗਡੀ ਖੇਲ ਖੇਲਿਆ ਕਰਦੇ ਸੀ। ਇਕ ਇੱਟ ਨੂੰ ਠੋਕਰ ਮਾਰਨ ਨਾਲ ਸਾਰੀਆਂ ਡਿੱਗ ਜਾਂਦੀਆਂ ਸਨ। ਬਾਹਲੇ ਲੇਖਕ ਬਸ ਉਹੀ ਖੇਲ ਖੇਲ ਰਹੇ ਹਨ। ਹਰ ਲੇਖਕ ਠੋਕਰ ਮਾਰਨ ਲਈ ਆਪਣੀ ਮਨਮਰਜ਼ੀ ਦੀ ਘਟਨਾ ਦੀ ਚੋਣ ਕਰਦਾ ਹੈ। ਹਰਿਮੰਦਰ ਸਾਹਿਬ ਦੀ ਪਵਿੱਤਰਤਾ ਪਹਿਲਾਂ ਵੀ ਭੰਗ ਹੁੰਦੀ ਰਹੀ ਹੈ। ਮੱਸਾ ਰੰਘੜ ਵਲੋਂ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ ਗਈ ਤਾਂ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਉਸ ਨੂੰ ਸੋਧਣ ਲਈ ਬਾਹਰੋਂ ਆਉਂਦੇ ਹਨ। ਦੂਜੀ ਵਾਰ ਜਹਾਨ ਖਾਨ ਨੇ ਜਦ ਗੁਰੂ ਘਰ ਦੀ ਬੇਅਦਬੀ ਕੀਤੀ ਤਾਂ ਬਾਬਾ ਦੀਪ ਸਿੰਘ ਨੇ 75 ਸਾਲ ਦੀ ਉਮਰ ਵਿਚ ਹਰਿਮੰਦਰ ਸਾਹਿਬ ਦੀ ਲੜਾਈ ਵਿਚ ਸ਼ਹਾਦਤ ਪਾਈ। ਬਾਬਾ ਦੀਪ ਸਿੰਘ ਵੀ ਬਾਹਰੋਂ ਆਏ ਸਨ। ਇੰਦਰਾ ਵਲੋਂ ਕੀਤੀ ਘਿਨਾਉਣੀ ਹਰਕਤ ਵੇਲੇ ਅਸੀਂ ਹਥਿਆਰਾਂ ਸਮੇਤ ਅੰਦਰ ਕਿਉਂ ਬੈਠੇ ਸੀ? ਇਸ ਬਾਰੇ ਸ. ਅਜਮੇਰ ਸਿੰਘ ਚੁੱਪ ਹੈ। ਸ. ਅਜਮੇਰ ਸਿੰਘ ਆਪਣੀਆਂ ਪੁਸਤਕਾਂ ਕਾਰਨ ਚਰਚਿਤ ਜ਼ਰੂਰ ਹੋਇਆ ਹੈ ਪਰ ਸਿੱਖ ਵਿਦਵਾਨ ਬਣਨ ਲਈ ਉਸ ਨੂੰ ਸਿੱਖੀ ਸਿਧਾਂਤਾਂ ਦੀ ਖੋਜ ਕਰਨੀ ਪਏਗੀ ਅਤੇ ਇਤਿਹਾਸਕਾਰ ਬਣਨ ਲਈ ਉਸ ਨੂੰ ਨਿਰਪੱਖਤਾ ਦਾ ਲੜ ਫੜਨਾ ਪਵੇਗਾ।

ਮੈਂ ਪੁੱਛਿਆ, ਫੌਜੀਆ, ਅਜਮੇਰ ਸਿੰਘ ਭਗਤ ਸਿੰਘ ਬਾਰੇ ਜੋ ਲਿਖਦਾ ਹੈ, ਉਸ ਬਾਰੇ ਤੁਹਾਡੇ ਕੀ ਵਿਚਾਰ ਹਨ?

"ਹੋ ਸਕਦਾ ਹੈ, ਭਗਤ ਸਿੰਘ ਅਤੇ ਅਜਮੇਰ ਸਿੰਘ ਦੇ ਪੁਰਬਲਿਆਂ ਵਿਚ ਕੋਈ ਅਨਬਣ ਹੋ ਗਈ ਹੋਵੇ। ਅੱਜ ਅਜਮੇਰ ਸਿੰਘ ਉਸੇ ਦਾ ਬਦਲਾ ਲੈ ਰਿਹਾ ਹੋਵੇ ਜਾਂ ਉਹ ਹਸਦ ਕਾਰਨ ਭਗਤ ਸਿੰਘ ਦੀ ਸ਼ਹਾਦਤ ਨੂੰ ਛੁਟਿਆਉਣ ਦਾ ਯਤਨ ਕਰ ਰਿਹਾ ਹੋਵੇ। ਬਗੈਰ ਦਲੀਲ ਤੋਂ ਕਿਸੇ ਸਥਾਪਤ ਵਾਕਿਆ ਨੂੰ ਬਦਲਣ ਦਾ ਯਤਨ ਕਰੀਏ ਤਾਂ ਆਪਣਾ ਛੋਟਾਪਨ ਹੀ ਜੱਗ ਜ਼ਾਹਰ ਹੁੰਦਾ ਹੈ। ਜਾਂ ਕੋਈ ਹੋਰ ਸੰਸਥਾ ਜਿਨ੍ਹਾਂ ਨੂੰ ਭਗਤ ਸਿੰਘ ਦੀ ਚੜ੍ਹਤ ਨਹੀਂ ਭਾਉਂਦੀ, ਉਹ ਅਜਮੇਰ ਸਿੰਘ ਦੀ ਵਰਤੋਂ ਕਰ ਰਹੀ ਹੋਵੇ। ਇਕ ਹੋਰ ਵਿਚਾਰ ਇਹ ਵੀ ਹੈ ਕਿ ਸਵੈ ਸਜੇ ਆਗੂ ਹਮੇਸ਼ਾ ਆਪਣੇ ਪੈਰੋਕਾਰਾਂ ਨੂੰ ਆਪਣੀ ਸੋਚ ਦੇ ਦਾਇਰੇ ਵਿਚ ਰੱਖਣਾ ਚਾਹੁੰਦੇ ਹਨ। ਹੋ ਸਕਦਾ ਹੈ ਕਿ ਅਜਮੇਰ ਸਿੰਘ ਵੀ ਸਿੱਖ ਨੌਜਵਾਨਾਂ ਦੀ ਸੋਚ 'ਤੇ ਪਕੜ ਕਾਇਮ ਰੱਖਣ ਲਈ ਹੀ ਭਗਤ ਸਿੰਘ ਨੂੰ ਨਿੰਦਦਾ ਹੋਵੇ। ਭਗਤ ਸਿੰਘ ਆਪਣੀ ਸੋਚ ਨੂੰ ਵਿਸ਼ਾਲ ਕਰਨ ਲਈ ਹਮੇਸ਼ਾ ਕੁਝ ਨਾ ਕੁਝ ਪੜ੍ਹਦਾ ਰਹਿੰਦਾ ਸੀ।"

ਖੈਰ, ਕੁਝ ਵੀ ਹੋਵੇ, ਅਜਮੇਰ ਸਿੰਘ ਨੂੰ ਨੌਜਵਾਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਹੀਂ ਕਰਨੀ ਚਾਹੀਦੀ। ਕਿਸੇ ਇਕ ਦੇ ਕਹੇ 'ਤੇ ਸਥਾਪਤ ਹੋਏ ਵਿਚਾਰ ਬਦਲੇ ਨਹੀਂ ਜਾਂਦੇ। ਦਿਨ ਬਦਿਨ ਸਾਰੇ ਸੰਸਾਰ 'ਤੇ ਕੱਟੜਵਾਦ ਵਧ ਰਿਹਾ ਹੈ। ਅਜ ਲੋੜ ਹੈ ਕਿ ਕੋਈ ਸੂਰਮਾ ਉਠ ਕੇ ਵਧ ਰਹੇ ਕਟੜਵਾਦ ਨੂੰ ਨਕੇਲ ਪਾਵੇ। ਅਜਮੇਰ ਸਿੰਘ ਆਪਣੀ ਸੂਝ ਸਿਆਣਪ ਨੂੰ ਵਧ ਰਹੇ ਹਿੰਦੁਤਵ ਨੂੰ ਨੱਥ ਪਾਉਣ ਲਈ ਵਰਤ ਕੇ ਮਨੁੱਖਤਾ 'ਤੇ ਵੱਡਾ ਅਹਿਸਾਨ ਕਰ ਸਕਦਾ ਹੈ।

#

# ਪੰਜਾਬ ਦਾ ਅਜ਼ੀਮ ਹੀਰੋ ਸਰ ਗੰਗਾ ਰਾਮ

**ਅਨਮੋਲ ਮੋਤੀ**

ਮਜ਼੍ਹਬੀ ਪਾਗਲਪਣ ਨਾਲ ਅੰਨ੍ਹਾ ਹੋਇਆ ਮੁਸਲਮਾਨਾਂ ਦਾ ਜਲੂਸ ਹਿੰਦੂਆਂ ਦੇ ਕੁਝ ਰਿਹਾਇਸ਼ੀ ਇਲਾਕਿਆਂ ਨੂੰ ਅੱਗਾਂ ਲਾ ਕੇ ਤਬਾਹ ਕਰਨ ਮਗਰੋਂ ਸਰ ਗੰਗਾ ਰਾਮ ਦੇ ਬੁੱਤ ਵੱਲ ਆ ਗਿਆ। ਪਹਿਲਾਂ ਉਨ੍ਹਾਂ ਇਸ ਨੂੰ ਪੱਥਰ ਮਾਰੇ, ਫਿਰ ਲੁੱਕ ਨਾਲ ਇਹਦਾ ਮੂੰਹ ਕਾਲਾ ਕੀਤਾ। ਇਸ ਮਗਰੋਂ ਇਕ ਬੰਦਾ ਜੁੱਤੀਆਂ ਦਾ ਹਾਰ ਲੈ ਕੇ ਬੁੱਤ ਦੇ ਗਲ ਵਿਚ ਪਾਉਣ ਲਈ ਚੜ੍ਹਿਆ। ਇਸ ਦੌਰਾਨ

**ਜਸਟਿਸ ਸੱਯਦ ਆਸਫ਼ ਸ਼ਾਹਕਾਰ**

ਪਲਿਸ ਆ ਗਈ। ਗੋਲੀ ਚੱਲ ਗਈ। ਫੱਟੜ ਹੋਣ ਵਾਲਿਆਂ ਵਿਚ ਇਹ ਜੁੱਤੀਆਂ ਦਾ ਹਾਰ ਪਾਉਣ ਵੀ ਸੀ। ਸਾਰੇ ਜਲੂਸ ਨੇ ਰੌਲਾ ਪਾ ਦਿੱਤਾ, "ਫ਼ਟਾ-ਫਟ ਕਰੋ, ਇਹਨੂੰ ਗੰਗਾ ਰਾਮ ਹਸਪਤਾਲ ਲੈ ਚੱਲੋ।"

ਇਹ ਲਫ਼ਜ਼ ਸਆਦਤ ਹਸਨ ਮੰਟੋ ਨੇ ਆਪਣੀ ਇਕ ਮਸ਼ਹੂਰ ਕਹਾਣੀ ਵਿਚ ਲਿਖੇ।

ਇਹ ਬੰਦਾ (ਗੰਗਾ ਰਾਮ) ਕੌਣ ਸੀ ਤੇ ਮਜ਼੍ਹਬੀ ਪਾਗਲਪੁਣੇ ਨੇ ਇਸ ਬੰਦੇ ਨਾਲ ਕੀ ਕੀਤਾ? ਇਹ ਗੱਲ ਹਰ ਪੰਜਾਬੀ ਨੂੰ ਕਦੇ ਨਹੀਂ ਭੁੱਲਣੀ ਚਾਹੀਦੀ। ਇਹ ਉਹ ਬੰਦਾ ਏ ਜਿਹਨੂੰ ਇਨਸਾਨੀਅਤ ਦਾ ਅਜ਼ੀਮ ਖ਼ਾਦਮ, ਪੰਜਾਬੀ ਕੌਮ ਦਾ ਨਾ ਭੁੱਲਣ ਵਾਲਾ ਮਹਾਨ ਹੀਰੋ ਤੇ ਨਵੇਂ ਲਾਹੌਰ ਦਾ ਪਿਓ ਕਿਹਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ। ਇਸ ਬੰਦੇ ਨੇ ਆਪਣੀ ਜ਼ਿੰਦਗੀ ਵਿਚ ਕਿੰਨੇ ਇਨਸਾਨਾਂ ਦਾ ਭਲਾ ਕੀਤਾ, ਇਹ ਗੱਲ ਤਾਂ ਵੱਖਰੀ ਰਹਿ ਗਈ ਪਰ ਇਹਦੇ ਮਰਨ ਮਗਰੋਂ ਅੱਜ ਤੱਕ ਕਿੰਨੇ ਇਨਸਾਨਾਂ ਦਾ ਭਲਾ ਹੋਇਆ, ਇਹਦੀ ਗਿਣਤੀ ਕਰਨੀ ਔਖਾ ਕੰਮ ਏ। ਇਸ ਦੇ ਭਲੇ ਦਾ ਕੰਮ ਮੁੱਕ ਨਹੀਂ ਗਿਆ ਸਗੋਂ ਅੱਜ ਵੀ ਚਾਲੂ ਏ ਤੇ ਰਹਿੰਦੀ ਦੁਨੀਆਂ ਤੱਕ ਜਾਰੀ ਰਹੇਗਾ। ਅੱਜ ਵੀ ਇਸ ਬੰਦੇ ਦੀ ਪੜਪੋਤੀ ਗੰਗਾ ਰਾਮ ਹਸਪਤਾਲ ਨੂੰ ਪੈਸੇ ਘੱਲਦੀ ਏ।

ਬਦਕਿਸਮਤੀ ਨਾਲ ਇਸ ਬੰਦੇ ਦਾ ਇਨਸਾਨਾਂ ਦੇ ਉਸ ਗਰੁਪ (ਹਿੰਦੂਆਂ) ਨਾਲ ਤਾਅਲੁਕ ਏ ਜਿਨ੍ਹਾਂ ਨਾਲ ਨਫ਼ਰਤ ਕਰਨਾ ਮਜ਼੍ਹਬ ਰਾਹੀਂ "ਸਵਾਬ" ਤੇ ਨਾਮਨਿਹਾਦ ਪਾਕਿਸਤਾਨੀ ਕੌਮਪ੍ਰਸਤੀ ਰਾਹੀਂ "ਦੇਸ ਪਿਆਰ" ਦੀ ਨਿਸ਼ਾਨੀ ਬਣ ਗਿਆ ਏ। ਇਸ ਬੰਦੇ ਬਾਰੇ ਲਹਿੰਦੇ ਪੰਜਾਬ ਵਿਚ ਕਿੰਨੇ ਬੰਦਿਆਂ ਨੂੰ ਪਤਾ ਏ? ਉਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਵੀ ਨਹੀਂ। ਪਾਕਿਸਤਾਨ ਦੀ ਤਵਾਰੀਖ਼ ਵਿਚ ਇਸ ਬੰਦੇ ਦਾ ਨਾਂ ਵਰਜ ਦਿੱਤਾ ਗਿਆ ਏ। ਲਹਿੰਦੇ ਪੰਜਾਬ ਵਿਚ ਰੋਜ਼ ਸੜਕਾਂ ਤੇ ਥਾਂਵਾਂ ਦੇ ਨਾਂ ਨਾਮਨਿਹਾਦ ਇਤਿਹਾਸਕ ਸ਼ਖ਼ਸੀਅਤਾਂ ਦੇ ਨਾਂ 'ਤੇ ਰੱਖੇ ਜਾਂਦੇ ਨੇ ਪਰ ਇਸ ਬੰਦੇ ਦੇ ਨਾਂ 'ਤੇ ਨਾ ਤਾਂ ਕਦੇ ਕਿਸੇ ਸੜਕ, ਥਾਂ ਦਾ ਨਾਂ ਰੱਖਿਆ ਗਿਆ ਏ ਤੇ ਨਾ ਈ ਇਸ ਗੱਲ ਦਾ ਖ਼ਿਆਲ ਕਦੇ ਕਿਸੇ ਨੂੰ ਆਵੇਗਾ। ਅਜਿਹੇ ਬੰਦਿਆਂ ਦੀ ਥਾਂ ਉਥੇ ਉਨ੍ਹਾਂ ਲੋਕਾਂ (ਜਿਨ੍ਹਾਂ ਵਿਚ ਵੱਡੀ ਗਿਣਤੀ ਗ਼ੈਰ-ਪੰਜਾਬੀਆਂ ਦੀ ਏ) ਦੇ ਨਾਂ 'ਤੇ ਸੜਕਾਂ ਤੇ ਥਾਂਵਾਂ ਦੇ ਨਾਂ ਧੜਾਧੜ ਰੱਖੇ ਜਾਂਦੇ ਨੇ ਜਿਨ੍ਹਾਂ ਪੰਜਾਬ ਲਈ ਭਲੇ ਦਾ ਕੋਈ ਕੰਮ ਕਰਨ ਦੀ ਥਾਂ ਅੰਗਰੇਜ਼ਾਂ ਦੀ ਚਾਪਲੂਸੀ ਕਰਨ ਲਈ ਪੰਜਾਬ ਨਾਲ ਰੱਜ ਕੇ ਬੁਰਾ ਕੀਤਾ।

ਇਹ ਬੰਦਾ ਸਰ ਗੰਗਾ ਰਾਮ ਏ ਜਿਹਨੂੰ ਬਿਨਾਂ ਸ਼ੱਕ ਪੰਜਾਬੀ ਕੌਮ ਦਾ ਅਜ਼ੀਮ ਹੀਰੋ ਆਖਿਆ ਜਾ ਸਕਦਾ ਏ। ਜੇ ਕਦੇ ਮਜ਼੍ਹਬੀ ਕੱਟੜਪੁਣੇ ਤੋਂ ਪਾਕ ਪੰਜਾਬ ਦੀ ਤਾਰੀਖ਼ ਲਿਖੀ ਜਾਵੇਗੀ ਤਾਂ ਇਸ ਵਿਚ ਸਰ ਗੰਗਾ ਰਾਮ ਦਾ ਨਾਂ ਨਵੇਂ ਪੰਜਾਬ ਦੇ ਮੋਢੀਆਂ ਵਿਚ ਸਭ ਤੋਂ ਉਤੇ ਆਵੇਗਾ। ਇਹ ਸ਼ਾਨਦਾਰ ਜ਼ਿਮੀਂਦਾਰ ਤੇ ਕਦੇ ਨਾ ਭੁੱਲਣ ਵਾਲਾ ਇਨਸਾਨੀ ਭਲਾਈ ਦਾ ਅਜ਼ੀਮ ਅਲੰਬਰਦਾਰ ਸੀ।

ਇਹ ਜ਼ਿਲ੍ਹਾ ਸ਼ੇਖ਼ੂਪੁਰੇ ਦੇ ਪਿੰਡ ਮਾਂਗਟਾਂ ਵਾਲਾ ਵਿਚ ਅਪਰੈਲ 1851 ਵਿਚ ਜੰਮਿਆ। ਉਹਦਾ ਪਿਓ ਦੌਲਤ ਰਾਮ ਮਾਂਗਟਾਂ ਵਾਲਾ ਥਾਣੇ ਵਿਚ ਛੋਟਾ ਥਾਣੇਦਾਰ ਸੀ। ਇਸ ਮਗਰੋਂ ਇਹ ਅੰਮ੍ਰਿਤਸਰ ਜਾ ਕੇ ਰਹਿਣ ਲੱਗ ਪਿਆ ਤੇ ਅਦਾਲਤ ਵਿਚ ਰੀਡਰ ਲੱਗ ਗਿਆ। ਇਥੋਂ ਈ ਗੰਗਾ ਰਾਮ ਨੇ ਗੌਰਮਿੰਟ ਹਾਈ ਸਕੂਲ ਵਿਚੋਂ ਮੈਟ੍ਰਿਕ ਪਾਸ ਕੀਤਾ ਤੇ 1868 ਵਿਚ ਗੌਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋ ਗਿਆ। 1871 ਵਿਚ ਉਹਨੇ ਵਜ਼ੀਫ਼ਾ ਹਾਸਲ ਕੀਤਾ ਤੇ ਥਾਮਸਨ ਸਿਵਲ ਇੰਜੀਨੀਅਰਿੰਗ ਕਾਲਜ ਰੁੜਕੀ ਵਿਚ ਦਾਖ਼ਲ ਹੋ ਗਿਆ। 1873 ਵਿਚ ਇਹ ਇਮਤਿਹਾਨ ਉਹਨੇ ਗੋਲਡ ਮੈਡਲ ਨਾਲ ਪਾਸ ਕੀਤਾ। ਇਹਦੇ ਨਾਲ ਈ ਉਹਨੂੰ ਦਿੱਲੀ ਤੋਂ ਨੌਕਰੀ ਦਾ ਸੱਦਾ ਆ ਗਿਆ।

1873 ਵਿਚ ਪੀ.ਡਬਲਿਊ.ਡੀ. ਵਿਚ ਕੁਝ ਚਿਰ ਕੰਮ ਕਰਨ ਮਗਰੋਂ ਉਹ ਨੌਕਰੀ ਛੱਡ ਕੇ ਜ਼ਿਮੀਂਦਾਰੀ ਵੱਲ ਆ ਗਿਆ। ਉਹਨੇ ਸਰਕਾਰ ਤੋਂ ਮਿੰਟਗੁਮਰੀ (ਸਾਹੀਵਾਲ) ਜ਼ਿਲ੍ਹੇ ਵਿਚ ਪੰਜਾਹ ਹਜ਼ਾਰ ਏਕੜ ਗ਼ੈਰ-ਆਬਾਦ ਜ਼ਮੀਨ ਠੇਕੇ 'ਤੇ ਲਈ ਅਤੇ ਲੰਗੋਟਾ ਕੱਸ ਕੇ ਇਹਨੂੰ ਆਬਾਦ ਕਰਨ ਲੱਗ ਪਿਆ। ਇਹ ਉਸ ਵੇਲੇ ਦਾ ਸਭ ਤੋਂ ਵੱਡਾ ਪ੍ਰਾਈਵੇਟ ਕਾਰੋਬਾਰੀ ਮਨਸੂਬਾ ਸੀ। ਇਹ



ਮਨਸੂਬਾ ਏਡਾ ਵੱਡਾ ਸੀ ਕਿ ਇਸ ਤੋਂ ਪਹਿਲਾਂ ਇਹੋ ਜਿਹਾ ਮਨਸੂਬਾ ਨਾ ਤਾਂ ਕਿਸੇ ਦੇ ਇਲਮ ਵਿਚ ਸੀ ਤੇ ਨਾ ਈ ਕਦੇ ਕਿਸੇ ਸੋਚਿਆ ਸੀ। ਉਹਨੇ ਹਾਈਡਰੋਲਿਕ ਪਲਾਂਟ ਰਾਹੀਂ ਇਨ੍ਹਾਂ ਹਜ਼ਾਰਾਂ ਏਕੜਾਂ ਨੂੰ ਪਾਣੀ ਦੇਣ ਦਾ ਨਿਜ਼ਾਮ ਬਣਾਇਆ ਤੇ ਤਿੰਨਾਂ ਸਾਲਾਂ ਵਿਚ ਈ ਇਹ ਗ਼ੈਰ-ਆਬਾਦ ਤੇ ਬੰਜਰ ਜ਼ਮੀਨ ਹਰੇ ਭਰੇ ਖੇਤਾਂ ਵਿਚ ਬਦਲ ਗਈ। ਇਹ ਸਾਰਾ ਮਨਸੂਬਾ ਉਹਦਾ ਆਪਣਾ ਸੀ। ਇਸ ਮਨਸੂਬੇ ਰਾਹੀਂ ਉਹਨੂੰ ਕਰੋੜਾਂ ਦੀ ਆਮਦਨੀ ਹੋਈ ਪਰ ਉਹਨੇ ਇਹ ਕਰੋੜਾਂ ਰੁਪਏ ਆਪਣੇ ਕੋਲ ਰੱਖਣ ਦੀ ਥਾਂ ਇਨ੍ਹਾਂ ਚੋਂ ਬਹੁਤੇ ਭਲੇ ਦੇ ਕੰਮਾਂ ਉਤੇ ਲਾ ਦਿੱਤੇ। ਇਸ ਵੇਲੇ ਪੰਜਾਬ ਦੇ ਅੰਗਰੇਜ਼ ਗਵਰਨਰ ਮੈਲਕਮ ਹਿੱਲੀ ਦੇ ਕਹਿਣ ਮੁਤਾਬਿਕ, "ਸਰ ਗੰਗਾ ਰਾਮ ਹੀਰੋ ਵਾਂਗ ਜਿੱਤਦਾ ਏ ਪਰ ਦਰਵੇਸ਼ਾਂ ਵਾਂਗ ਦਾਨ ਕਰ ਦਿੰਦਾ ਏ।" ਉਹ ਮਹਾਨ ਇੰਜੀਨੀਅਰ ਤੇ ਇਸ ਤੋਂ ਵੀ ਵੱਡਾ ਦਾਨ ਪੁੰਨ ਕਰਨ ਵਾਲਾ ਇਨਸਾਨ ਸੀ।

1900 ਵਿਚ ਕਿੰਗ ਐਡਵਰਡ ਦੀ ਤਾਜਪੋਸ਼ੀ ਵੇਲੇ ਲਾਰਡ ਕਰਜ਼ਨ ਨੇ ਉਹਨੂੰ ਸ਼ਾਹੀ ਦਰਬਾਰ ਬਣਾਉਣ ਦੀ ਜ਼ਿੰਮੇਦਾਰੀ ਦਿੱਤੀ। ਇਹ ਸਰ ਗੰਗਾ ਰਾਮ ਲਈ ਚੈਲੰਜ ਵਾਂਗ ਸੀ। ਉਹਨੇ ਦਿਨ ਰਾਤ ਲਾ ਕੇ ਹਰ ਤਰ੍ਹਾਂ ਦੇ ਮਸਲੇ ਹੱਲ ਕੀਤੇ ਤੇ ਇਹ ਮਨਸੂਬਾ ਕਾਮਯਾਬੀ ਨਾਲ ਮੁਕੰਮਲ ਕੀਤਾ ਪਰ ਸਰਕਾਰ ਵੱਲੋਂ ਹਰ ਸਾਲ ਇੱਜ਼ਤ ਮਾਣ ਲੈਣ ਵਾਲਿਆਂ ਦੀ ਲਿਸਟ ਵਿਚ ਉਹਦਾ ਨਾਂ ਨਹੀਂ ਸੀ। ਇਸ ਗੱਲ ਤੋਂ ਬਦ-ਦਿਲ ਹੋ ਕੇ ਉਹ 1903 ਵਿਚ ਰਿਟਾਇਰ ਹੋ ਗਿਆ।

ਸਰ ਗੰਗਾ ਰਾਮ ਨੇ ਲਾਹੌਰ ਵਿਚ ਵੱਡਾ ਡਾਕਖ਼ਾਨਾ, ਅਜਾਇਬ ਘਰ, ਐਚੀਸਨ ਕਾਲਜ, ਨੈਸ਼ਨਲ ਕਾਲਜ ਆਫ਼ ਆਰਟਸ, ਗੰਗਾ ਰਾਮ ਹਸਪਤਾਲ, ਲੇਡੀ ਮੈਕਲੈਗਨ ਗਰਲਜ਼ ਹਾਈ ਸਕੂਲ, ਗੌਰਮਿੰਟ ਕਾਲਜ ਲਾਹੌਰ ਦਾ ਕੈਮਿਸਟਰੀ ਡਿਪਾਰਟਮੈਂਟ, ਮੀਓ ਹਸਪਤਾਲ ਦਾ ਅਲਬਰਟ ਵਿਕਟਰ ਹਿੱਸਾ, ਲਾਹੌਰ ਕਾਲਜ ਫ਼ਾਰ ਵਿਮਨ, ਹਿੱਲੀ ਕਾਲਜ ਆਫ਼ ਕਾਮਰਸ, ਮਾਜ਼ੂਰਾਂ ਲਈ ਰਾਵੀ ਰੋਡ ਹਾਊਸ, ਗੰਗਾ ਰਾਮ ਟਰੱਸਟ ਬਿਲਡਿੰਗ, ਲੇਡੀ ਮੈਨਰ ਇੰਡਸਟ੍ਰੀਅਲ ਸਕੂਲ ਤੇ ਮਾਡਲ ਟਾਊਨ ਬਣਾਏ। ਵੰਡ ਤੋਂ ਪਹਿਲਾਂ ਮਾਡਲ ਟਾਊਨ ਲਾਹੌਰ ਪੂਰੇ ਪੰਜਾਬ ਦਾ ਸਭ ਤੋਂ ਮਾਡਰਨ ਤੇ ਮਿਸਾਲੀ ਇਲਾਕਾ ਗਿਣਿਆ ਜਾਂਦਾ ਸੀ।

ਇਸ ਤੋਂ ਵੱਖ ਉਹਨੇ ਰਿਨਾਲਾ ਖ਼ੁਰਦ ਵਿਚ ਬਿਜਲੀ ਘਰ ਅਤੇ ਪਠਾਨਕੋਟ ਤੇ ਅੰਮ੍ਰਿਤਸਰ ਵਿਚਕਾਰ ਰੇਲਵੇ ਲਾਈਨ ਵੀ ਬਣਾਈ। ਪਟਿਆਲਾ ਵਿਚ ਮੋਤੀ ਬਾਗ਼ ਮਹਿਲ, ਦਿੱਲੀ ਵਿਚ ਸੈਕਟਰੀਏਟ ਦੀ ਬਿਲਡਿੰਗ, ਅਦਾਲਤਾਂ, ਥਾਣੇ ਤੇ ਵਿਕਟੋਰੀਆ ਗਰਲਜ਼ ਸਕੂਲ ਵੀ ਬਣਾਏ। ਜ਼ਿਲ੍ਹਾ ਲਾਇਲਪੁਰ (ਫ਼ੈਸਲਾਬਾਦ) ਵਿਚ ਉਹਨੇ ਘੋੜਾ ਗੱਡੀ ਦੀ ਲਾਈਨ ਬਣਾਈ। ਇਹ ਇਕ ਖ਼ਾਸ ਗੱਡੀ ਸੀ ਜਿਹਦੀ ਪਟੜੀ ਤਾਂ ਲੋਹੇ ਦੀ ਸੀ, ਇਸ ਨੂੰ ਇੰਜਣ ਦੀ ਥਾਂ ਘੋੜੇ ਖਿੱਚਦੇ ਸਨ। ਇਹ ਲਾਈਨ ਬਚਿਆਨਾ ਰੇਲਵੇ ਸਟੇਸ਼ਨ ਤੋਂ ਉਹਦੇ ਪਿੰਡ ਗੰਗਾ ਰਾਮ ਜਾਂਦੀ ਸੀ।

ਵਾਹੀ ਬੀਜੀ ਦੇ ਮੈਦਾਨ ਵਿਚ ਇਸ ਕਮਾਲ ਕੀਤੇ। ਉਹਨੇ ਪਹਿਲਾਂ ਮਿੰਟਗੁਮਰੀ ਵਿਚ ਪੰਜਾਹ ਹਜ਼ਾਰ ਏਕੜ ਜ਼ਮੀਨ ਠੇਕੇ 'ਤੇ ਲਈ। ਫ਼ਿਰ ਹਜ਼ਾਰਾਂ ਏਕੜ ਜ਼ਮੀਨ ਜ਼ਿਲ੍ਹਾ ਲਾਇਲਪੁਰ ਵਿਚ ਮੁੱਲ ਲਈ। ਉਹਨੇ ਆਪਣੀ ਇੰਜੀਨੀਅਰਿੰਗ ਦੀ ਮਹਾਰਤ ਤੇ ਪਾਣੀ ਲਾਉਣ ਦੇ ਨਵੇਂ ਤਰੀਕੇ ਕੱਢ ਕੇ ਜੰਗਲ਼ ਨੂੰ ਮੰਗਲ ਬਣਾ ਦਿੱਤਾ।

ਗੰਗਾ ਰਾਮ ਹਸਪਤਾਲ ਲਾਹੌਰ, ਲੇਡੀ ਮੈਕਲੈਗਨ ਕਾਲਜ ਤੇ ਰਿਨਾਲਾ ਖ਼ੁਰਦ ਦਾ ਬਿਜਲੀ ਘਰ ਉਹਨੇ ਆਪਣੇ ਪੈਸੇ ਨਾਲ ਬਣਾਏ। ਇਸ ਤੋਂ ਵੱਖ ਉਹਦੇ ਹੋਰ ਕਾਰਨਾਮਿਆਂ ਦੀ ਲਿਸਟ ਬਹੁਤ ਲੰਮੀ ਏ। ਪੰਜਾਬ ਵਿਚ ਜੋ ਕੁਝ ਉਹਨੇ ਬਣਾਇਆ, ਜੇ ਉਹਨੂੰ ਦੇਖਿਆ ਜਾਵੇ ਤਾਂ ਸ਼ਾਹਜਹਾਨ ਉਹਦੇ ਸਾਹਮਣੇ ਹੀਣਾ ਲਗਦਾ ਏ...ਤੇ ਉਹਨੂੰ ਆਰਾਮ ਨਾਲ ਪੰਜਾਬ ਦਾ ਸ਼ਾਹਜਹਾਨ ਆਖਿਆ ਜਾ ਸਕਦਾ ਏ। ਉਹਨੇ ਪੰਜਾਬੀਆਂ ਨੂੰ ਇਲਮ, ਸਿਹਤ ਤੇ ਖ਼ੁਸ਼ਹਾਲੀ ਦਿੱਤੀ। ਜੋ ਕੁਝ ਉਹਨੇ ਪੰਜਾਬੀਆਂ ਲਈ ਕੀਤਾ, ਸਾਨੂੰ ਤਾਰੀਖ਼ ਵਿਚ ਇਹੋ ਜਿਹੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਹਨੇ ਨੇਕੀ ਦੇ ਸਾਰੇ ਵੱਡੇ ਵੱਡੇ ਕੰਮ ਇਨਸਾਨਾਂ ਨੂੰ ਸਾਹਮਣੇ ਰੱਖ ਕੇ ਕੀਤੇ। ਉਹਦੇ ਵਿਚ ਨਾ ਤਾਂ ਸਿਆਸਤ ਰਲੀ ਹੋਈ ਸੀ ਤੇ ਨਾ ਈ ਮਜ਼੍ਹਬ।

ਪੰਜਾਬ ਦਾ ਇਹ ਸੱਚਾ ਪੁੱਤਰ ਤੇ ਹੀਰੋ ਭਾਵੇਂ 10 ਜੁਲਾਈ 1927 ਨੂੰ ਲੰਡਨ ਵਿਚ ਅਗਲੇ ਜਹਾਨ ਤੁਰ ਗਿਆ ਪਰ ਉਹਦੀ ਵਸੀਅਤ ਮੁਤਾਬਿਕ ਉਹਨੂੰ ਸਾੜਨ ਮਗਰੋਂ ਸੁਆਹ ਲਾਹੌਰ ਲਿਆ ਕੇ ਰਾਵੀ ਕੰਢੇ ਦਫ਼ਨ ਕੀਤੀ ਗਈ। ਜਿਵੇਂ ਸਾਰੀ ਦੁਨੀਆਂ ਆਪਣੇ ਹੀਰੋਆਂ ਦੇ ਬੁੱਤ ਬਣਾ ਕੇ ਰੱਖਦੀ ਏ, ਚਾਹੀਦਾ ਤਾਂ ਇਹ ਹੈ ਕਿ ਸਾਰੇ ਪੰਜਾਬ ਵਿਚ ਆਮ ਤੌਰ 'ਤੇ ਅਤੇ ਲਾਹੌਰ ਵਿਚ ਖ਼ਾਸ ਤੌਰ ਤੇ ਪੰਜਾਬ ਦੇ ਇਸ ਅਜ਼ੀਮ ਹੀਰੋ ਤੇ ਨਵੇਂ ਲਾਹੌਰ ਦੇ ਪਿਓ ਦੇ ਬੁੱਤ ਹੋਣ, ਪਰ ਲਹਿੰਦੇ ਪੰਜਾਬ ਵਿਚ ਹਿੰਦੂਆਂ ਖ਼ਿਲਾਫ਼ ਸ਼ੈਦਾਈ ਨਫ਼ਰਤ ਹੋਣ ਕਾਰਨ ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਉਂਜ ਇਹ ਤਾਂ ਮੁਮਕਿਨ ਹੈ ਕਿ ਸਾਰੇ ਪੰਜਾਬ ਦੇ ਈਮਾਨਦਾਰ, ਸਾਫ਼ ਦਿਲ ਤੇ ਕੌਮਪ੍ਰਸਤ ਪੰਜਾਬੀ (ਖ਼ਾਸ ਤੌਰ ਲਹਿੰਦੇ ਪੰਜਾਬ ਦੇ) ਆਪਣੇ ਦਿਲਾਂ ਵਿਚ ਗੰਗਾ ਰਾਮ ਦਾ ਬੁੱਤ ਬਣਾ ਕੇ ਰੱਖਣ।

# ਦੋ-ਚਾਰ ਭਗਤ ਸਿੰਘ ਹੋਰ ਹੁੰਦੇ !

'ਪੰਜਾਬ ਟਾਈਮਜ਼' ਵਿਚ ਚਰਚਿਤ ਅਤੇ ਸਤਿਕਾਰਯੋਗ ਲੇਖਕ ਅਜਮੇਰ ਸਿੰਘ ਦੇ ਵਿਚਾਰ ਪੜ੍ਹੇ ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਅਤੇ ਸ. ਭਗਤ ਸਿੰਘ ਦੀਆਂ ਸ਼ਹਾਦਤਾਂ ਦੀ ਤੁਲਨਾ ਕਰਦਿਆਂ ਦਰਜਾਬੰਦੀ ਕੀਤੀ ਹੈ। ਕੁਝ ਲੇਖਕਾਂ ਨੇ ਪ੍ਰਤੀਕਰਮ ਵੀ ਪੇਸ਼ ਕੀਤੇ ਹਨ। ਮੈਂ ਕਿਸੇ ਗੂੜ੍ਹ-ਗਿਆਨ ਅਤੇ ਚੁੰਝ-ਚਰਚਾ ਵਿਚ ਤਾਂ ਨਹੀਂ ਪੈਣਾ ਚਾਹੁੰਦਾ, ਪਰ ਆਪਣੇ ਵਿਚਾਰ ਜ਼ਰੂਰ ਪੇਸ਼ ਕਰਨੇ ਚਾਹੁੰਦਾ ਹਾਂ। ਮੇਰੇ ਖਿਆਲ

**ਦਲਵਿੰਦਰ ਸਿੰਘ ਅਜਨਾਲਾ**
**ਫੋਨ: 661-834 9770**

ਅਨੁਸਾਰ ਕਿਸੇ ਸ਼ਹੀਦ ਦੀ ਮਹਾਨਤਾ ਅਤੇ ਵਡਿਆਈ ਦਾ ਬਿਆਨ ਕਰਨ ਵਾਲੇ ਸ਼ਬਦ ਦੁਨੀਆਂ ਦੀ ਕਿਸੇ ਵੀ ਭਾਸ਼ਾ ਵਿਚ ਮੌਜੂਦ ਨਹੀਂ ਹਨ। ਗੁਰੂ ਅਰਜਨ ਦੇਵ ਪਾਤਸ਼ਾਹ ਦੀ ਬੇਮਿਸਾਲ ਸ਼ਹੀਦੀ ਦੀ ਉੱਚਤਾ ਨੂੰ ਦਰਸਾਉਣ ਲਈ ਸ਼ਬਦ 'ਸਰਵਉੱਚ' ਬੜਾ ਛੋਟਾ ਹੈ ਅਤੇ ਸ. ਭਗਤ ਸਿੰਘ ਲਈ 'ਸ਼ਹੀਦ-ਏ-ਆਜ਼ਮ' ਸ਼ਬਦ ਵੀ ਕਿਤੇ ਛੋਟਾ ਹੈ। ਹੋਰਨਾਂ ਖਾਤਰ ਆਪਣੀ ਜਾਨ ਦੀ ਬਾਜ਼ੀ ਲਾ ਦੇਣੀ ਕੋਈ ਮਾਮੂਲੀ ਘਟਨਾ ਨਹੀਂ। ਗੁਰਬਾਣੀ ਅਨੁਸਾਰ ਐਸੇ ਅਜ਼ੀਮ, ਬੇਨਜ਼ੀਰ ਅਤੇ ਪਰਉਪਕਾਰੀ ਪੁਰਸ਼ ਕਿਤੇ ਕਰੋੜਾਂ ਵਿਚੋਂ ਇਕ-ਅੱਧ ਹੀ ਹੁੰਦੇ ਹਨ। ਆਮ ਬੰਦਾ ਤਾਂ ਕਿਸੇ ਦੂਜੇ ਵਾਸਤੇ ਮਾਮੂਲੀ ਜਿਹੀ ਸੇਵਾ ਜਾਂ ਭੇਟਾ ਦੇਣ ਲੱਗਿਆਂ ਵੀ ਸੌ ਵਾਰ ਸੋਚਦਾ ਹੈ ਕਿ ਮੈਨੂੰ ਇਸ ਦਾ ਕੀ ਫਾਇਦਾ ਹੋਵੇਗਾ!

ਪੰਚਮ ਪਾਤਸ਼ਾਹ ਜਿਸ ਧਰਮ ਦੀ ਖਾਤਰ ਸ਼ਹੀਦ ਹੋਏ, ਉਹ ਧਰਮ ਗਰੀਬਾਂ, ਨਿਮਾਣਿਆਂ, ਨਿਤਾਣਿਆਂ, ਦੁਖੀਆਂ, ਡਰਿਆਂ, ਸਹਿਮਿਆਂ, ਕਮਜ਼ੋਰਾਂ, ਦਲਿਤਾਂ, ਲਾਚਾਰਾਂ, ਭੋਲੇ ਭਾਲਿਆਂ, ਅਗਿਆਨੀ ਅਤੇ ਨਰਕੀ ਜੀਵਨ ਭੋਗ ਰਹੇ ਲੋਕਾਂ ਨੂੰ ਸਵੈਮਾਣ ਵਾਲਾ ਸੁਖੀ ਅਤੇ ਖੁਸ਼ਹਾਲ ਜੀਵਨ ਜਿਉਣ ਵਾਸਤੇ ਵਕਤ ਦੇ ਜਾਬਰ, ਮੱਕਾਰ, ਲਾਲਚੀ ਅਤੇ ਹੰਕਾਰੀ ਹਾਕਮਾਂ, ਰਜਵਾੜਿਆਂ, ਜਾਗੀਰਦਾਰਾਂ, ਚੌਧਰੀਆਂ ਅਤੇ ਪੁਜਾਰੀਆਂ ਦੇ ਜ਼ੁਲਮਾਂ ਅਤੇ ਪਾਖੰਡਾਂ ਪ੍ਰਤੀ ਜਾਗ੍ਰਿਤ ਕਰਦਾ ਹੈ।

ਹੁਣ ਜ਼ਰਾ ਸਾਰੀ ਦੁਨੀਆਂ ਵਿਚ ਨਜ਼ਰ ਘੁਮਾ ਕੇ ਵੇਖੋ ਕਿ ਸਾਰੀ ਦੁਨੀਆਂ ਵਿਚ ਪੰਥ ਦੇ ਨਾਮ 'ਤੇ ਜਿਹੜੇ ਧਰਮ ਅਸਥਾਨ ਅਤੇ ਸੰਸਥਾਵਾਂ ਕਾਇਮ ਹਨ, ਉਨ੍ਹਾਂ 'ਤੇ ਕੌਣ ਲੋਕ ਕਾਬਜ਼ ਹਨ ਅਤੇ ਉਹ ਕਿਹੋ ਜਿਹਾ ਧਾਰਮਿਕ ਸਾਮਰਾਜ ਕਾਇਮ ਕਰ ਰਹੇ ਹਨ। ਕੋਈ ਹੈ ਮਰਦੇ-ਮੁਜਾਹਿਦ ਜੋ ਇਨ੍ਹਾਂ ਕਾਬਜ਼ ਲੋਕਾਂ ਨੂੰ ਕਹਿ ਸਕੇ ਕਿ ਗੁਰੂ ਜੀ ਦੇ ਬਚਨਾਂ ਅਨੁਸਾਰ 'ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ' ਅਤੇ ਗੋਲਕਾਂ ਵਿਚ ਇਕੱਠਾ ਹੋਣ ਵਾਲਾ ਅਰਬਾਂ ਖਰਬਾਂ ਦਾ ਧਨ ਦੁਨੀਆਂ ਭਰ ਦੇ ਗਰੀਬਾਂ ਦੁਖੀਆਂ ਦੇ ਭਲੇ ਦੀ ਖਾਤਰ ਖਰਚ ਕਰ ਦਿਓ।

ਮੈਂ ਜਿਥੇ ਕਿਤੇ ਵੀ ਅਜਿਹਾ ਕਰਨ ਜਾਂ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਮੈਨੂੰ ਉਥੇ ਫਟਕਣ ਨਹੀਂ ਦਿੱਤਾ ਗਿਆ। ਕਈਆਂ ਨੇ ਤਾਂ ਮੈਨੂੰ ਇਹ ਵੀ ਆਖਿਆ ਕਿ ਆਪਣੀ ਸਿੱਖਿਆ ਆਪਣੇ ਕੋਲ ਹੀ ਰੱਖ, ਸਾਨੂੰ ਨਹੀਂ ਚਾਹੀਦੀ ਇਹੋ ਜਿਹੀ ਸਿੱਖਿਆ। ਉਂਜ ਅਸੀਂ ਸ਼ਿਕਾਇਤ ਕਰਦੇ ਰਹਿੰਦੇ ਹਾਂ ਕਿ ਸਾਡੀ ਸਿੱਖੀ ਨੂੰ ਬ੍ਰਾਹਮਣਵਾਦ ਕੋਲੋਂ ਭਾਰੀ ਖਤਰਾ ਹੈ, ਸਾਡੀ ਸਿੱਖੀ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ ਅਤੇ ਸਾਡੀ ਸਿੱਖੀ ਨੂੰ ਦੁਨੀਆਂ ਭਰ ਵਿਚ ਬਣਦੀ ਮਾਨਤਾ ਨਹੀਂ ਮਿਲ ਰਹੀ। ਅਸੀਂ ਗੁਰੂਆਂ ਵਾਲੀ ਕਰਨੀ ਕਥਨੀ ਨੂੰ ਥੋੜ੍ਹਾ ਬਹੁਤਾ ਵੀ ਅਪਨਾ ਨਹੀਂ ਸਕੇ।

ਕਸੂਰ ਅਸੀਂ ਹਿੰਦੂਵਾਦੀਆਂ ਅਤੇ ਪੰਥ ਦੋਖੀਆਂ ਦਾ ਕੱਢਦੇ ਰਹਿੰਦੇ ਹਾਂ ਪਰ ਆਪ ਅਸੀਂ ਰੋਜ਼ ਅਨੇਕਾਂ ਅਜਿਹੇ ਬ੍ਰਾਹਮਣਵਾਦੀ ਰਹੁ-ਰੀਤਾਂ, ਕਰਮ ਕਾਂਡ, ਅਡੰਬਰ, ਵਿਖਾਵੇ ਅਤੇ ਪਾਖੰਡ ਕਰਦਿਆਂ ਮਾਣ ਅਤੇ ਤਸੱਲੀ ਮਹਿਸੂਸ ਕਰਦੇ ਹਾਂ ਜਿਨ੍ਹਾਂ ਦਾ ਗੁਰੂ ਜੀ ਦੇ ਧਰਮ ਅਤੇ ਅਕੀਦੇ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਗੁਰੂ ਜੀ ਦੇ ਸ਼ਹੀਦੀ ਪੁਰਬ 'ਤੇ ਸਾਨੂੰ ਵੰਨ-ਸੁਵੰਨੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਾਉਣ ਦੀ ਬਜਾਏ ਸਗੋਂ ਭੁੱਖੇ ਤਿਹਾਏ ਰਹਿ ਕੇ ਪੱਖੇ, ਕੂਲਰ ਅਤੇ ਏ.ਸੀ. ਬੰਦ ਰੱਖਣੇ ਚਾਹੀਦੇ ਹਨ, ਘਰੋਂ ਬਾਹਰ ਨਿਕਲ ਕੇ ਗਰੀਬਾਂ ਤੇ ਲੋੜਵੰਦਾਂ ਲਈ ਕੁਝ ਕਰਨਾ ਚਾਹੀਦਾ ਹੈ, ਤਾਂ ਕਿ ਸਾਨੂੰ ਗੁਰੂ ਜੀ ਦੁਆਰਾ ਝੱਲੇ ਗਏ ਤਸੀਹੇ ਅਤੇ ਕਸ਼ਟਾਂ ਦਾ ਅਹਿਸਾਸ ਹੋ ਸਕੇ। ਇਸ ਮਹਾਨ ਸ਼ਹੀਦੀ ਪੁਰਬ 'ਤੇ ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਕੀ ਅਸੀਂ ਆਪਣੇ ਗੁਰੂ ਜੀ ਦੀ ਤਰ੍ਹਾਂ ਕਿਸੇ ਦੁਖੀ ਗਰੀਬ ਲਾਚਾਰ ਵਾਸਤੇ ਥੋੜ੍ਹਾ ਬਹੁਤਾ ਘਾਟਾ, ਨੁਕਸਾਨ ਜਾਂ ਦੁੱਖ ਕਸ਼ਟ ਸਹਿਣ ਦੀ ਹਿੰਮਤ ਰੱਖਦੇ ਹਾਂ? ਕੀ ਈਰਖਾ, ਸਾੜਾ, ਨਫਰਤ, ਬੇਮੁਹਾਰਾ ਸਵਾਰਥ, ਹੰਕਾਰ ਅਤੇ ਲਾਲਚ ਥੋੜ੍ਹਾ ਬਹੁਤਾ ਖਹਿੜਾ ਛੱਡਦੇ ਹਨ ਕਿ ਨਹੀਂ? ਜੇ ਸਾਡੇ ਵਿਚ ਇਹੋ ਜਿਹੀ ਸੋਝੀ ਅਤੇ ਅਮਲ ਹਰਕਤ 'ਚ ਆਉਂਦੇ ਹਨ, ਫਿਰ ਤਾਂ ਅਸੀਂ ਇਸ ਮਹਾਨ ਸ਼ਹੀਦੀ ਦਾ ਕੋਈ ਮੁੱਲ ਪਾ ਰਹੇ ਹੋਵਾਂਗੇ।

ਜੇ ਗੱਲ ਕਰੀਏ ਸ. ਭਗਤ ਸਿੰਘ ਦੀ ਸ਼ਹੀਦੀ ਦੀ, ਤਾਂ ਕੀ ਭਗਤ ਸਿੰਘ ਦਾ ਸ਼ਹੀਦੀ ਪਾਉਣ ਦਾ ਬਸ ਇੰਨਾ ਕੁ ਹੀ ਮਕਸਦ ਸੀ ਕਿ ਉਸ ਨੂੰ ਸ਼ਹੀਦ-ਏ-ਆਜ਼ਮ ਦਾ ਖ਼ਿਤਾਬ ਮਿਲ ਜਾਵੇ, ਉਸ ਦੇ ਰਿਸ਼ਤੇਦਾਰਾਂ ਨੂੰ ਥੋੜ੍ਹੀਆਂ ਬਹੁਤੀਆਂ ਸਰਕਾਰੀ ਸਹੂਲਤਾਂ ਮਿਲ ਜਾਣ, ਉਸ ਦੇ ਬੁੱਤ ਤੇ ਸਮਾਧੀ ਉਤੇ ਫੁੱਲ ਮਾਲਾਵਾਂ ਨਾਲ ਸ਼ਰਧਾਂਜਲੀ ਭੇਟ ਕਰ ਦਿੱਤੀ ਜਾਵੇ, ਤੇ ਵੱਡੇ ਵੱਡੇ ਇਕੱਠ ਕਰ ਕੇ ਅਖੌਤੀ, ਜੋਸ਼ੀਲੇ ਤੇ ਫੋਕੀ ਦੇਸ਼ ਭਗਤੀ ਵਾਲੇ ਭਾਸ਼ਨ ਕਰ ਦਿੱਤੇ ਜਾਣ, ਬੱਸ। ਸ. ਭਗਤ ਸਿੰਘ ਦੀਆਂ

**ਪਾਠਕਾਂ ਦੀ ਰਾਏ**

ਲਿਖਤਾਂ ਹੱਕ, ਸੱਚ, ਇਨਸਾਫ ਅਤੇ ਬਰਾਬਰੀ ਦੇ ਹੱਕ ਵਿਚ ਹਨ। ਜਿਹੜੇ ਲੋਕ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਅਤੇ ਅਗਾਂਹ ਵੀ ਕੁਰਸੀਆਂ 'ਤੇ ਬੈਠੇ ਹਨ ਤੇ ਬੈਠੇ ਰਹਿਣਗੇ; ਇਨ੍ਹਾਂ ਦੇ ਹੱਕ, ਸੱਚ ਅਤੇ ਇਨਸਾਫ ਨੂੰ ਅੰਗਰੇਜ਼ੀ ਹਕੂਮਤ ਵੇਲੇ ਵੀ ਕੋਈ ਖ਼ਤਰਾ ਨਹੀਂ ਸੀ ਤੇ ਅੱਜ ਵੀ ਕੋਈ ਖ਼ਤਰਾ ਨਹੀਂ, ਤੇ ਅੱਗੇ ਵੀ ਕੋਈ ਖ਼ਤਰਾ ਨਹੀਂ ਹੋਵੇਗਾ। ਕੀ ਭਗਤ ਸਿੰਘ ਨੇ ਇਨ੍ਹਾਂ ਕੁਝ ਕੁ ਲੂੰਬੜਾਂ, ਬਘਿਆੜਾਂ, ਨਿਰਦਈ, ਭ੍ਰਿਸ਼ਟ ਅਤੇ ਲੁਟੇਰੇ ਅਮੀਰਜ਼ਾਦਿਆਂ ਨੂੰ ਰਾਜਗੱਦੀਆਂ ਦਿਵਾਉਣ ਵਾਸਤੇ ਕੁਰਬਾਨੀ ਦਿੱਤੀ ਸੀ।

ਸ. ਭਗਤ ਸਿੰਘ ਨੇ ਆਪਣੀ ਮਾਤਾ ਨੂੰ ਆਖਿਆ ਸੀ ਕਿ 'ਅਸੀਂ ਫਾਂਸੀ ਲੱਗ ਜਾਣੈ ਤੇ ਦੇਸ਼ ਵੀ ਆਜ਼ਾਦ ਹੋ ਜਾਣੈ ਪਰ ਮੈਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਦੇਸ਼ ਦੀ ਹਕੂਮਤ ਗੋਰੇ ਅੰਗਰੇਜ਼ਾਂ ਕੋਲੋਂ ਨਿਕਲ ਕੇ ਕਾਲੇ-ਭੂਰੇ ਅੰਗਰੇਜ਼ਾਂ ਦੇ ਹੱਥ ਆ ਜਾਣੀ ਹੈ ਅਤੇ ਆਮ ਲੋਕਾਂ ਦੀ ਹਾਲਤ ਬਦਤਰ ਹੋ ਜਾਣੀ ਏਂ। ਸ. ਭਗਤ ਸਿੰਘ ਦੇ ਰਿਸ਼ਤੇਦਾਰਾਂ ਨੇ ਵੀ ਅਤੇ ਭਗਤ ਸਿੰਘ ਦੀ ਵਿਰਾਸਤ ਦੇ ਵਾਲੀਵਾਰਸਾਂ ਨੇ ਵੀ ਉਸ ਦੀ ਸ਼ਹੀਦੀ ਦਾ ਮੁੱਲ ਪਾਉਣ ਲਈ ਕੋਈ ਯਤਨ ਨਹੀਂ ਕੀਤੇ। ਮੈਂ ਸੋਚਦਾਂ ਕਿ ਜੇ ਕਦੇ ਸ. ਭਗਤ ਸਿੰਘ ਆਪਣੇ ਦੇਸ਼ ਦੀ ਖਾਤਰ ਜਿਉਂਦਾ ਰਹਿੰਦਾ ਤਾਂ ਗੱਲ ਹੋਰ ਵੀ ਵੱਡੀ ਹੋਣੀ ਸੀ ਪਰ ਨੌਜਵਾਨਾਂ ਵਿਚ ਹੋਸ਼ ਨਾਲੋਂ ਜੋਸ਼ ਭਾਰੂ ਹੋਣ ਕਰ ਕੇ ਉਹ ਮਰ ਮਿਟਦੇ ਹਨ ਅਤੇ ਹਕੂਮਤਾਂ ਸਿਆਣੇ ਤੇ ਸੂਝਵਾਨ ਚੋਰ ਸਾਂਭ ਲੈਂਦੇ ਹਨ। ਦੇਸ਼ ਦੇ ਲੋਕਾਂ ਦੀ ਕਿੰਨੀ ਖੁਸ਼ਕਿਸਮਤੀ ਹੋਣੀ ਸੀ ਕਿ ਜੇ ਉਹ ਆਪਣੇ ਜਿਉਂਦੇ ਜੀਅ ਜੇ ਬਹੁਤੇ ਨਹੀਂ ਤਾਂ ਦੋ-ਚਾਰ ਭਗਤ ਸਿੰਘ ਹੀ ਤਿਆਰ ਕਰ ਜਾਂਦਾ।

# ਚਰਚਾ ਸ਼ਖਸੀਅਤਾਂ ਬਾਰੇ ਨਹੀਂ, ਰਚਨਾ ਬਾਰੇ ਹੋਵੇ

*(ਸਫਾ 25 ਦੀ ਬਾਕੀ)*

ਸੱਚਮੁੱਚ ਹੀ ਕੌਮੀ ਐਵਾਰਡ ਲੈਣ ਦਾ ਹੱਕ ਰੱਖਦੀ ਹੈ?

ਪੰਜਾਬੀ ਸਾਹਿਤਕਾਰਾਂ 'ਚ ਐਵਾਰਡ ਲੈਣ ਲਈ ਜੁਗਾੜ ਬਣਾਉਣਾ ਜੱਗ ਜ਼ਾਹਿਰ ਹੈ। ਬਹੁਤ ਵਾਰ ਵਧੀਆ ਰਚਨਾਵਾਂ ਨੂੰ ਅਣਗੌਲਿਆਂ ਕਰ ਕੇ ਤੀਜੇ ਦਰਜੇ ਦੀਆਂ ਰਚਨਾਵਾਂ ਸਨਮਾਨੀਆਂ ਜਾਂਦੀਆਂ ਰਹੀਆਂ ਹਨ ਤੇ ਜਾ ਰਹੀਆਂ ਹਨ। ਜਦੋਂ ਮਹਿਬੂਬ ਨੂੰ ਸਨਮਾਨ ਮਿਲਿਆ ਸੀ ਤਾਂ ਸਾਹਿਤਕਾਰਾਂ 'ਚ ਇਸ ਗੱਲ ਦੀ ਚਰਚਾ ਜ਼ੋਰਾਂ ਉਤੇ ਸੀ ਕਿ ਮਹਿਬੂਬ ਨੂੰ ਐਵਾਰਡ ਦਿਵਾਉਣ 'ਚ ਅੰਮ੍ਰਿਤਾ ਪ੍ਰੀਤਮ ਦਾ ਹੱਥ ਹੈ। ਉਹ ਚੋਣ ਕਮੇਟੀ ਦੀ ਅਹਿਮ ਮੈਂਬਰ ਸੀ। ਐਵਾਰਡ ਮਿਲਣ ਪਿੱਛੋਂ ਸਭ ਤੋਂ ਵੱਧ ਆਲੋਚਨਾ ਅੰਮ੍ਰਿਤਾ ਪ੍ਰੀਤਮ ਦੀ ਹੀ ਹੋਈ ਸੀ। ਕਿਤਾਬ ਵਿਚਲੀਆਂ ਕੁਝ ਕਵਿਤਾਵਾਂ ਦੀ ਚਰਚਾ ਵੀ ਬਹੁਤ ਹੋਈ ਸੀ ਜਿਨ੍ਹਾਂ 'ਚ ਸੰਤ ਜਰਨੈਲ ਸਿੰਘ, ਸ੍ਰੀਮਤੀ ਇੰਦਰਾ ਗਾਂਧੀ ਤੇ ਭਗਤ ਸਿੰਘ ਬਾਰੇ ਕਵਿਤਾਵਾਂ ਸ਼ਾਮਲ ਸਨ। ਜਿਸ ਕਵਿਤਾ 'ਚ ਇੰਦਰਾ ਗਾਂਧੀ ਨੂੰ 'ਸਰ੍ਹਾਲ' ਕਿਹਾ ਸੀ, ਉਸ ਦਾ ਤਾਂ ਕੌਮੀ ਪੱਧਰ ਉਤੇ ਰੌਲਾ ਪਿਆ ਸੀ। ਉਸ ਵਕਤ ਕੁਝ ਸਾਹਿਤਕਾਰਾਂ ਦਾ ਖਿਆਲ ਸੀ ਕਿ ਅੰਮ੍ਰਿਤਾ ਪ੍ਰੀਤਮ ਨੇ ਵਿਵਾਦ ਵਾਲੀਆਂ ਕਵਿਤਾਵਾਂ ਪੜ੍ਹੀਆਂ ਹੀ ਨਹੀਂ ਸਨ। ਇਹ ਗੱਲ ਵੀ ਮਘੀ ਸੀ ਕਿ ਚੋਣ ਕਰਨ ਵਾਲੇ ਵਿਚਾਰ ਅਧੀਨ ਕਿਤਾਬਾਂ ਪੜ੍ਹਦੇ ਵੀ ਹਨ ਜਾਂ ਸਾਹਿਤਕਾਰ ਦੇ ਨਾਂ ਦੀ ਹੀ ਚੋਣ ਕਰ ਲੈਂਦੇ ਹਨ?

ਸਾਹਿਤਕ ਹਲਕਿਆਂ ਦੇ ਇਕ ਵੱਡੇ ਹਿੱਸੇ ਵਿਚ ਇਹ ਸਮਝਿਆ ਜਾਂਦਾ ਹੈ ਕਿ 'ਝਨਾਂ ਦੀ ਰਾਤ' ਨੂੰ ਇਨਾਮ ਦੇਣ ਪਿੱਛੇ ਅਤੇ ਫਿਰ ਰੌਲਾ ਪੈਣ ਤੇ ਵਿਵਾਦਗ੍ਰਸਤ ਕਵਿਤਾਵਾਂ ਕੱਢਣ ਤੇ ਕੁਝ ਕਵਿਤਾਵਾਂ ਦੇ ਫੁੱਟ ਨੋਟ ਛਾਂਟਣ ਪਿੱਛੇ ਅੰਮ੍ਰਿਤਾ ਪ੍ਰੀਤਮ ਦਾ ਹੱਥ ਸੀ। ਇਸ ਪਿੱਛੋਂ ਮਹਿਬੂਬ ਦੇ ਕੁਝ ਸ਼ਰਧਾਲੂਆਂ ਨੇ ਅੰਮ੍ਰਿਤਾ ਪ੍ਰੀਤਮ ਦੀ ਜੀਵਨ ਸ਼ੈਲੀ ਉਤੇ ਬੜੇ ਘਟੀਆ ਕਟਾਖਸ਼ ਕੀਤੇ ਸਨ। ਇਥੋਂ ਤੱਕ ਕਿ ਕੁਝ ਲੋਕਾਂ ਨੇ ਉਸ ਨੂੰ ਸ਼ਰਾਬਣ ਤੇ ਬਦਚਲਣ ਵੀ ਕਿਹਾ ਸੀ। ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ 'ਚੋਂ ਕੁਝ ਲੋਕ ਜਸਵੰਤ ਸਿੰਘ ਕੰਵਲ ਨੂੰ ਤਾਂ 'ਪੰਜਾਬ ਦੀ ਪੱਗ' ਦੱਸਦੇ ਹਨ ਪਰ ਅੰਮ੍ਰਿਤਾ ਬਾਰੇ ਅਵਾ-ਤਵਾ ਬੋਲਦੇ ਹਨ। ਸੱਚ ਤਾਂ ਇਹ ਵੀ ਹੈ ਕਿ ਜਿਵੇਂ ਅੰਮ੍ਰਿਤਾ ਪ੍ਰੀਤਮ, ਇਮਰੋਜ਼ (ਇੰਦਰਜੀਤ) ਨਾਲ ਰਹਿੰਦੀ ਸੀ; ਜੱਗ ਜਾਣਦਾ ਹੈ ਕਿ ਐਨ ਉਸੇ ਤਰ੍ਹਾਂ ਜਸਵੰਤ ਸਿੰਘ ਕੰਵਲ, ਡਾ. ਜਸਵੰਤ ਗਿੱਲ ਨਾਲ ਰਹਿੰਦੇ ਸਨ। ਫਿਰ ਦੋਵਾਂ ਨਾਲ ਵੱਖਰਾ ਸਲੂਕ ਕਿਉਂ?

*-ਹਰਜਿੰਦਰ ਦੁਸਾਂਝ*

# ਗਦਰੀ ਯੋਧਿਆਂ ਦਾ ਸਿੱਖ ਪਿਛੋਕੜ

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਗਦਰੀ ਯੋਧਿਆਂ ਨੇ ਸਮੇਂ ਸਮੇਂ ਜੋ ਬਿਆਨ ਦਿੱਤੇ ਉਹ ਸਪਸ਼ਟ ਰੂਪ ਵਿਚ ਉਨ੍ਹਾਂ ਦੇ ਸਿੱਖੀ ਪਿਛੋਕੜ ਅਤੇ ਉਸ ਦੇ ਪ੍ਰਭਾਵ ਦਾ ਨਿਰੂਪਣ ਕਰਦੇ ਹਨ। ਜਿੱਥੇ ਜਿੱਥੇ ਵੀ ਪੰਜਾਬੀ, ਖਾਸ ਕਰਕੇ ਸਿੱਖ ਗਏ, ਉਨ੍ਹਾਂ ਨੇ ਗੁਰਦੁਆਰੇ ਸਥਾਪਤ ਕੀਤੇ। ਗੁਰਦੁਆਰਿਆਂ ਨੇ ਅੱਗੇ ਚੱਲ ਕੇ ਹਿੰਦੀਆਂ ਨੂੰ ਸੰਗਠਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਦਾ ਸਿਹਰਾ ਵੀ ਉਸ ਵੇਲੇ ਦੇ ਸਿੱਖ ਲੀਡਰਾਂ ਅਤੇ ਸਿੱਖ ਭਾਈਚਾਰੇ ਨੂੰ ਜਾਂਦਾ ਹੈ। ਜਗਜੀਤ ਸਿੰਘ ਆਪਣੀ ਪੁਸਤਕ 'ਗਦਰ ਪਾਰਟੀ ਲਹਿਰ' ਵਿਚ ਇਸ ਤੱਥ 'ਤੇ ਚਾਨਣਾ ਪਾਉਂਦਿਆਂ ਲਿਖਦੇ ਹਨ, "ਸ਼ੁਰੂ ਸ਼ੁਰੂ ਵਿਚ ਅਮਰੀਕਾ ਗਏ ਹਿੰਦੀ ਕਾਮਿਆਂ ਨਾਲੋਂ ਕੈਨੇਡਾ ਦੇ ਹਿੰਦੀ ਕਾਮਿਆਂ ਨੇ ਭਾਈਚਾਰਕ ਜਥੇਬੰਦੀ ਦੇ ਲਿਹਾਜ ਨਾਲ ਵਧੇਰੇ ਤਰੱਕੀ ਕੀਤੀ। ਇਸ ਦਾ ਸਿਹਰਾ ਪ੍ਰੋ. ਤੇਜਾ ਸਿੰਘ ਐਮ.ਏ. ਐਲ.ਐਲ.ਬੀ. (ਜੋ ਖਾਲਸਾ ਕਾਲਜ, ਅੰਮ੍ਰਿਤਸਰ ਪ੍ਰੋਫੈਸਰ ਰਹਿ ਚੁੱਕੇ ਸਨ ਅਤੇ ਅੱਜ ਕਲ੍ਹ ਮਸਤੂਆਣੇ ਵਾਲੇ ਸੰਤ ਤੇਜਾ ਸਿੰਘ ਕਰਕੇ ਮਸ਼ਹੂਰ ਹਨ) ਦੇ ਸਿਰ ਹੈ। ਅਮਰੀਕਾ-ਕੈਨੇਡਾ ਗਏ ਹਿੰਦੀ ਕਾਮਿਆਂ ਦੀ ਬਹੁ-ਗਿਣਤੀ ਕਿਉਂਕਿ ਸਿੱਖਾਂ ਦੀ ਸੀ ਅਤੇ ਉਹ ਦੇਸ਼ੋਂ ਜਾਣ ਸਮੇਂ ਸਿੰਘ ਸਭਾ ਲਹਿਰ ਦਾ ਅਸਰ ਲੈ ਕੇ ਗਏ ਸਨ, ਇਸ ਵਾਸਤੇ ਉਨ੍ਹਾਂ ਦੀਆਂ ਸੁਸਾਇਟੀਆਂ ਨੇ ਵੀ ਸ਼ੁਰੂ ਵਿਚ ਉਸ ਵੇਲੇ ਦੀਆਂ ਦੇਸ਼ ਵਿਚਲੀਆਂ ਸਿੱਖ ਸੁਸਾਇਟੀਆਂ ਵਰਗੀ ਸ਼ਕਲ ਫੜੀ। ਸੰਨ 1907 ਵਿਚ ਵੈਨਕੂਵਰ (ਕੈਨੇਡਾ) ਵਿਚ ਖਾਲਸਾ ਦੀਵਾਨ ਸੁਸਾਇਟੀ ਕਾਇਮ ਕੀਤੀ ਗਈ, ਜਿਸ ਦੇ ਮਨੋਰਥ ਧਾਰਮਕ, ਵਿਦਿਅਕ ਅਤੇ ਭਾਈਚਾਰਕ ਸਨ। ਇਸ ਸੁਸਾਇਟੀ ਨੇ 25000 ਡਾਲਰ ਦੀ ਲਾਗਤ ਨਾਲ ਵੈਨਕੂਵਰ ਵਿਚ ਗੁਰਦੁਆਰਾ ਬਣਵਾਇਆ। ਇਸੇ ਤਰ੍ਹਾਂ ਪ੍ਰੋ. ਤੇਜਾ ਸਿੰਘ ਨੇ ਵਿਕਟੋਰੀਆ (ਕੈਨੇਡਾ) ਵਿਚ ਗੁਰਦੁਆਰਾ ਕਾਇਮ ਕਰਨ ਦਾ ਉਦਮ ਕੀਤਾ। ਤਕਰੀਬਨ ਇਸੇ ਸਮੇਂ ਸ੍ਰੀ ਜਵਾਲਾ ਸਿੰਘ (ਠੱਟੀਆਂ) ਅਤੇ ਸੰਤ ਵਸਾਖਾ ਸਿੰਘ (ਦਦੇਹਰ) ਦੇ ਉਦਮ ਨਾਲ ਅਮਰੀਕਾ ਵਿਚ 'ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ' ਕਾਇਮ ਕੀਤੀ ਗਈ, ਅਤੇ ਸਟਾਕਟਨ (ਕੈਲੀਫੋਰਨੀਆ, ਅਮਰੀਕਾ) ਵਿਚ ਗੁਰਦੁਆਰਾ ਬਣਾਇਆ ਗਿਆ। ਉਪਰੋਕਤ ਦੋਵੇਂ ਸੁਸਾਇਟੀਆਂ ਦੇ ਮਨੋਰਥ ਮਿਲਦੇ-ਜੁਲਦੇ ਸਨ, ਪਰ ਇਹ ਇਕ-ਦੂਜੇ ਤੋਂ ਆਜ਼ਾਦ ਸਨ। ਇਹ ਗੁਰਦੁਆਰੇ ਸਿੱਖਾਂ ਦੇ ਧਾਰਮਕ ਕੇਂਦਰ ਹੋਣ ਤੋਂ ਇਲਾਵਾ, ਅਮਰੀਕਾ ਗਏ ਸਾਰੇ ਹਿੰਦੀ ਕਾਮਿਆਂ ਦੀ ਪਹਿਲੋਂ ਭਾਈਚਾਰਕ ਅਤੇ ਪਿੱਛੋਂ ਰਾਜਸੀ ਜਾਗ੍ਰਿਤੀ ਦਾ ਕੇਂਦਰ ਬਣੇ, ਕਿਉਂਕਿ ਕੈਨੇਡਾ-ਅਮਰੀਕਾ ਨਿਵਾਸੀ ਹਿੰਦੀਆਂ ਦੀ ਸੋਚ ਤੰਗ ਨਹੀਂ ਸੀ ਰਹੀ ਅਤੇ ਇਨ੍ਹਾਂ ਗੁਰਦੁਆਰਿਆਂ ਵਿਚ ਈਸਾਈ ਮਿਸ਼ਨਰੀ ਵੀ ਆ ਕੇ ਲੈਕਚਰ ਕਰਦੇ। ਇਨ੍ਹਾਂ ਗੁਰਦੁਆਰਿਆਂ ਤੋਂ ਲਾਂਭੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ', 1910 ਤੋਂ ਵਿਦਿਆਰਥੀਆਂ ਲਈ ਸਿਆਟਲ (ਅਮਰੀਕਾ) ਅਤੇ ਵੈਨਕੂਵਰ ਵਿਚ ਬੋਰਡਿੰਗ ਹਾਊਸ ਅਤੇ ਰਾਤਰੀ ਸਕੂਲ ਚਲਾਉਂਦੇ ਰਹੇ।" (ਪੰਨਾ 65-66)।

ਹੁਣ ਅਸੀਂ ਅਮਰੀਕਾ-ਕੈਨੇਡਾ ਦੀ ਧਰਤੀ ਉਤੇ ਸਰਗਰਮ ਰਹੇ ਕੁਝ ਗਦਰੀਆਂ ਬਾਰੇ ਗੱਲ ਕਰਾਂਗੇ।

**ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ:** ਭਾਈ ਮੇਵਾ ਸਿੰਘ ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਲੋਪੋਕੇ ਵਿਚ 1880 ਵਿਚ ਪੈਦਾ ਹੋਏ ਸਨ। ਸੰਨ 1906 ਵਿਚ ਉਹ ਕਮਾਈ ਕਰਨ ਦੇ ਇਰਾਦੇ ਨਾਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਚਲੇ ਗਏ। ਸੋਹਣ ਸਿੰਘ ਪੂਨੀ ਨੇ 'ਕਨੇਡਾ ਦੇ ਗ਼ਦਰੀ ਯੋਧੇ' ਪੁਸਤਕ ਵਿਚ ਭਾਈ ਮੇਵਾ ਸਿੰਘ ਵੱਲੋਂ ਕੀਤੇ ਕਾਰਜਾਂ ਬਾਰੇ ਜੋ ਵੇਰਵੇ ਦਿੱਤੇ ਹਨ ਅਤੇ ਭਾਈ ਮੇਵਾ ਸਿੰਘ ਦੇ ਕਚਹਿਰੀ ਵਿਚ ਦਿੱਤੇ ਬਿਆਨਾਂ ਤੋਂ ਉਨ੍ਹਾਂ ਦੇ ਸਿੱਖ ਵਿਰਸੇ ਦੇ ਉਤਰਾਧਿਕਾਰੀ ਹੋਣ ਦਾ ਸਾਫ ਪਤਾ ਲਗਦਾ ਹੈ, "ਵੈਨਕੂਵਰ ਰਹਿੰਦਿਆਂ ਮੇਵਾ ਸਿੰਘ ਦੀ ਹਿੰਦੁਸਤਾਨੀ ਕਮਿਊਨਿਟੀ ਦੇ ਦੇਸ਼ ਭਗਤ ਧੜੇ ਨਾਲ ਏਕਤਾ ਹੋ ਗਈ। ਵੈਨਕੂਵਰ ਦਾ ਪਹਿਲਾ ਗੁਰਦੁਆਰਾ ਬਣਾਉਣ ਲਈ ਆਪ ਨੇ ਹਿੰਦੁਸਤਾਨੀਆਂ ਦੇ ਡੇਰਿਆਂ 'ਤੇ ਜਾ ਕੇ ਫੰਡ ਇਕੱਠਾ ਕੀਤਾ। ਭਾਈ ਮੇਵਾ ਸਿੰਘ ਨੇ 21 ਜੂਨ, 1908 ਨੂੰ ਵੈਨਕੂਵਰ ਦੇ ਗੁਰਦੁਆਰੇ 'ਚ ਅੰਮ੍ਰਿਤ ਛਕਿਆ। ਆਪ ਧਾਰਮਿਕ ਰੁਚੀਆਂ ਤੇ ਸਾਧੂ ਸੁਭਾ ਵਾਲੇ ਇਨਸਾਨ ਸਨ। ਭਾਈ ਮੇਵਾ ਸਿੰਘ ਵਿਆਹੇ ਨਹੀਂ ਸੀ ਹੋਏ। ਕੰਮ ਤੋਂ ਬਾਅਦ ਇਹ ਆਪਣਾ ਬਹੁਤਾ ਸਮਾਂ ਭਜਨ ਬੰਦਗੀ ਤੇ ਗੁਰਦੁਆਰੇ ਆਏ ਗਏ ਦੀ ਸੇਵਾ ਕਰਨ ਵਿਚ ਗੁਜ਼ਾਰਦੇ।" (ਪੰਨਾ 71)

ਵੈਨਕੂਵਰ ਇਮੀਗਰੇਸ਼ਨ ਵਿਭਾਗ ਦਾ ਹੈਡ ਮੈਲਕਮ ਰੀਡ ਤੇ ਵੈਨਕੂਵਰ ਵਿਚ ਹਿੰਦ ਸਰਕਾਰ ਦਾ ਜਾਸੂਸ ਵਿਲੀਅਮ ਹਾਪਕਿਨਸ ਅਮਰੀਕਾ ਤੇ ਕੈਨੇਡਾ 'ਚ ਸਰਗਰਮ ਹਿੰਦੁਸਤਾਨੀ ਦੇਸ਼ਭਗਤਾਂ ਦੇ ਖਿਲਾਫ ਕੰਮ ਕਰ ਰਹੇ ਸਨ। ਹਾਪਕਿਨਸਨ ਦੀ ਸ਼ਹਿ 'ਤੇ ਬੇਲਾ ਸਿੰਘ ਜਿਆਣ ਨੇ 5 ਸਤੰਬਰ, 1914 ਨੂੰ ਕੈਨੇਡਾ ਦੀ ਗਦਰ ਪਾਰਟੀ ਦੇ ਮੁੱਖ ਲੀਡਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਬਦਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਹਾਪਕਿਨਸਨ ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਜਿਆਣ ਦੇ ਹੱਕ ਵਿਚ ਵੈਨਕੂਵਰ ਵਿਚ ਬੀ.ਸੀ. ਦੀ ਪ੍ਰੋਵਿੰਸ਼ੀਅਲ ਕੋਰਟ ਵਿਚ ਗਵਾਹੀ ਦੇਣ ਜਾ ਰਿਹਾ ਸੀ। 21 ਅਕਤੂਬਰ, 1914 ਨੂੰ ਹਾਪਕਿਨਸਨ ਕੋਰਟ ਰੂਮ ਦੇ ਬਾਹਰ ਸਵੇਰ ਦੇ 10 ਵਜ ਕੇ 12 ਮਿੰਟ 'ਤੇ ਕੰਧ ਨਾਲ ਢੋ ਲਾ ਕੇ ਵਰਾਂਡੇ ਵਿਚ ਖੜ੍ਹਾ ਸੀ ਜਦੋਂ ਭਾਈ ਮੇਵਾ ਸਿੰਘ ਨੇ ਗੋਲੀਆਂ ਮਾਰ ਕੇ ਉਸ ਨੂੰ ਖਤਮ ਕਰ ਦਿੱਤਾ। ਉਨ੍ਹਾਂ 'ਤੇ ਮੁਕੱਦਮਾ ਚੱਲਿਆ। ਮੁਕੱਦਮੇ ਦੌਰਾਨ ਉਨ੍ਹਾਂ ਨੇ ਕਟਹਿਰੇ ਵਿਚ ਖੜ ਕੇ ਸਹੁੰ ਚੁੱਕੀ ਅਤੇ ਡੀਫੈਂਸ ਦੇ ਵਕੀਲ ਮਿਸਟਰ ਵੁੱਡ ਵੱਲੋਂ ਪੁੱਛੇ ਸੁਆਲਾਂ ਦੇ ਉਤਰ ਦਿੱਤੇ। ਮਿਸਟਰ ਵੁੱਡ ਨੇ ਸੁਣਵਾਈ ਦੌਰਾਨ ਭਾਈ ਮੇਵਾ ਸਿੰਘ ਦਾ ਬਿਆਨ ਪੜ੍ਹ ਕੇ ਸੁਣਾਇਆ, ਜੋ ਇਸ ਤਰ੍ਹਾਂ ਸੀ, "ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲਾ ਐਸਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹੈ। ਮੇਰੀ ਜ਼ਬਾਨ ਵਿਚ ਐਸੇ ਸ਼ਬਦ ਨਹੀਂ ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿਚ ਮੈਨੂੰ ਕਿਹੜੇ ਕਿਹੜੇ ਦੁੱਖ, ਮੁਸੀਬਤਾਂ ਅਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ...ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾ ਕੇ ਅਤੇ ਭਾਈ ਭਾਗ ਸਿੰਘ ਹੁਰਾਂ ਦਾ ਕਤਲ ਕਰ ਕੇ ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ। ...ਇਸ ਸਭ ਕਾਸੇ ਲਈ ਰੀਡ ਅਤੇ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁੱਝ ਬਰਦਾਸ਼ਤ ਨਹੀਂ ਸੀ ਕਰ ਸਕਦਾ।" ਅਤੇ "ਜੇ ਇਹ ਸਭ ਕੁੱਝ ਤੁਹਾਡੇ ਚਰਚ ਵਿਚ ਹੋਇਆ ਹੁੰਦਾ ਤਾਂ ਤੁਸੀਂ ਈਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ।" (ਸੋਹਣ ਸਿੰਘ ਪੂਨੀ, ਕੈਨੇਡਾ ਦੇ ਗਦਰੀ ਯੋਧੇ, ਪੰਨਾ 78)

ਸਪਸ਼ਟ ਹੈ ਕਿ ਭਾਈ ਮੇਵਾ ਸਿੰਘ ਇੱਕ ਅੰਮ੍ਰਿਤਧਾਰੀ ਸਿੰਘ ਸਨ, ਜਿਨ੍ਹਾਂ ਨੇ ਸਿੱਖੀ ਸਿਧਾਂਤਾਂ 'ਤੇ ਚੱਲਦਿਆਂ ਜ਼ੁਲਮ ਨਾਲ ਟੱਕਰ ਲਈ।

**ਸ਼ਹੀਦ ਕਰਤਾਰ ਸਿੰਘ ਸਰਾਭਾ:** ਜਦੋਂ ਵੀ ਗਦਰ ਲਹਿਰ ਬਾਰੇ ਗੱਲ ਚਲਦੀ ਹੈ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਮੁਹਰਲੀਆਂ ਸਫਾਂ ਵਿਚ ਆਉਂਦਾ ਹੈ, ਜਿਸ ਨੇ ਬਹੁਤ ਹੀ ਛੋਟੀ ਉਮਰ ਵਿਚ ਆਪਣਾ ਜੀਵਨ ਗਦਰ ਲਹਿਰ ਨੂੰ ਅਰਪਣ ਕਰ ਦਿੱਤਾ। ਬ੍ਰਿਟਿਸ਼ ਰਾਜ ਤੋਂ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਨੂੰ ਉਸ ਨੇ ਆਪਣੇ ਜੀਵਨ ਦਾ ਇੱਕੋ-ਇੱਕ ਉਦੇਸ਼ ਬਣਾ ਲਿਆ ਜਦ ਕਿ ਅਮਰੀਕਾ ਵਿਚ ਉਹ ਪੜ੍ਹਨ ਵਾਸਤੇ ਗਿਆ ਸੀ। ਜਗਜੀਤ ਸਿੰਘ ਅਨੁਸਾਰ, "ਸ੍ਰੀ ਕਰਤਾਰ ਸਿੰਘ ਸਰਾਭਾ ਦੇ ਡੂੰਘੇ ਮਨ ਵਿਚੋਂ ਸਵੇਰੇ ਜਾਗਦੇ ਸਾਰ ਸਭ ਤੋਂ ਪਹਿਲੇ ਆਪ ਮੁਹਾਰੇ ਸ਼ਬਦ ਨਿਕਲਦੇ ਕਿ ਮਾਰੋ ਫਰੰਗੀ।"(ਪੰਨਾ 93) ਕਰਤਾਰ ਸਿੰਘ ਸਰਾਭਾ ਦੇ ਆਖਰੀ ਸਮੇਂ ਦੇ ਬਿਆਨ ਉਸ ਦੀ ਸਿੱਖੀ ਵਾਲੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ।

ਬੰਗਾਲੀ ਇਨਕਲਾਬੀ ਸ੍ਰੀ ਸਾਨਯਾਲ ਦਾ ਬਿਆਨ ਵੀ ਇਸ ਤੱਥ 'ਤੇ ਰੋਸ਼ਨੀ ਪਾਉਂਦਾ ਹੈ ਕਿ ਪੰਜਾਬ ਦੇ ਗਦਰੀਆਂ ਦੀ ਬਤੌਰ ਸਿੱਖ ਪਛਾਣ ਬਣੀ ਹੋਈ ਸੀ ਜਿਵੇਂ ਕਿ ਲਿਖਿਆ ਹੈ, "ਪੰਜਾਬ ਦਲ ਦਾ ਇਕ ਮਨੁੱਖ ਉਥੋਂ ਦੇ ਬਲਵੇ ਦੀ ਖਬਰ ਲੈ ਕੇ ਅਸਾਡੇ ਪਾਸ ਆਇਆ। ਜਦ ਉਸ ਦੇ ਮੂੰਹੋਂ ਸੁਣਿਆ ਕਿ ਬਲਵੇ ਵਾਸਤੇ ਦੋ-ਤਿੰਨ ਹਜ਼ਾਰ ਸਿੱਖ ਕਮਰ-ਕੱਸੇ ਕਰੀ ਤਿਆਰ ਬੈਠੇ ਹਨ ਤਾਂ ਸਾਡਾ ਆਤਮਾ ਅਨੰਦ ਵਿਚ ਆ ਕੇ ਥਿਰਕਣ ਲੱਗ ਪਿਆ।...ਪਹਿਲਾਂ ਹੀ ਪੱਕੀ ਹੋ ਗਈ ਸੀ ਕਿ ਜਲੰਧਰ ਸ਼ਹਿਰ ਵਿਚ ਜਾ ਕੇ ਸਿੱਖ ਮੁਖੀਆਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਮੁੱਕਣ ਵਾਲਾ ਸੀ। ਲੁਧਿਆਣੇ ਪਹੁੰਚਦਿਆਂ ਹੀ ਵੇਖਿਆ ਕਿ ਮੇਰੇ ਮਿੱਤਰ ਦਾ ਸਿਆਣਾ ਇੱਕ ਸਿੱਖ ਮੁੰਡਾ ਅਸਾਂ ਦੀ ਉਡੀਕ ਕਰ ਰਿਹਾ ਸੀ। ਮਿੱਤਰ ਨੇ ਮੇਰੀ ਜਾਣ-ਪਛਾਣ ਕਰਾਈ। ਇਹੋ ਕਰਤਾਰ ਸਿੰਘ ਸੀ।" (ਪੰਨਾ 245)

ਪਹਿਲੇ ਕੇਸ ਵਿਚ ਸਰਾਭੇ ਬਾਰੇ ਜੋ ਲਿਖਿਆ ਮਿਲਦਾ ਹੈ, ਉਸ ਤੋਂ ਉਸ ਦੀ ਬਹਾਦਰੀ ਅਤੇ ਨਿਰਭੈਤਾ ਸਾਫ ਝਲਕਦੀ ਹੈ, "ਬਿਨਾਂ ਸ਼ੱਕ ਉਸ ਦੀ ਉਮਰ ਛੋਟੀ ਹੈ ਪਰ ਨਿਰਸੰਦੇਹ ਸਭ ਤੋਂ ਵੱਧ ਖਰਾਬ ਸਾਜ਼ਸ਼ੀਆਂ ਵਿਚੋਂ ਇਕ ਹੈ। ਉਹ ਬਿਲਕੁਲ ਨਿਰਦਈ ਬਦਮਾਸ਼ ਹੈ, ਜਿਸ ਨੂੰ ਆਪਣੀਆਂ ਕਾਰਵਾਈਆਂ ਉਤੇ ਮਾਣ ਹੈ ਅਤੇ ਜਿਸ ਨੂੰ ਨਾ ਰਹਿਮ ਵਿਖਾਇਆ ਜਾ ਸਕਦਾ ਹੈ ਅਤੇ ਨਾ ਵਿਖਾਇਆ ਜਾਣਾ ਚਾਹੀਦਾ ਹੈ।" (ਗਦਰ ਪਾਰਟੀ ਲਹਿਰ, ਪੰਨਾ 412) ਸਰਾਭੇ ਬਾਰੇ ਸ੍ਰੀ ਸਨਿਆਲ ਦੀ ਲਿਖਤ ਦਾ ਜ਼ਿਕਰ ਕਰਦਿਆਂ ਦੱਸਿਆ ਹੈ, "ਜ਼ੰਜੀਰਾਂ ਵਿਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜਿਹੀ ਸ਼ੋਭਾ ਝਲਕਦੀ ਸੀ ਕਿ ਉਸ ਸੂਰਤ ਨੂੰ ਵੇਖ-ਵੇਖ ਸੱਜਣ ਦੁਸ਼ਮਣ ਸਭ ਇਕਦਮ ਮੁਗਧ ਹੋ ਜਾਂਦੇ।" (ਗਦਰ ਪਾਰਟੀ ਲਹਿਰ, ਪੰਨਾ 413)

ਜਗਜੀਤ ਸਿੰਘ ਅਨੁਸਾਰ ਭਾਈ ਪਰਮਾਨੰਦ, ਜਿਸ ਨੇ ਗਦਰੀਆਂ ਦੀਆਂ ਕੋਸ਼ਿਸ਼ਾਂ ਨੂੰ ਬੱਚਿਆਂ ਦੇ ਖੇਲ ਨਾਲ ਤੁਲਨਾ ਦਿੱਤੀ ਅਤੇ ਇਸ ਦੀ ਬਹੁਤੀ ਜ਼ਿੰਮੇਵਾਰੀ ਸ੍ਰੀ ਕਰਤਾਰ ਸਿੰਘ ਉਤੇ ਸੁੱਟੀ ਵੀ, ਨੇ ਵੀ ਸਰਾਭੇ ਬਾਰੇ ਲਿਖਿਆ ਹੈ, "ਪਰ ਉਸ ਦੀ ਉਚੀ ਸਪਿਰਟ ਉਸ ਦੀ ਨਿਡਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿਚ ਦੁਰਲੱਭ ਹਨ। ਉਹ ਵੱਡੇ ਅਫਸਰਾਂ ਕੋਲੋਂ ਮਾਸਾ ਵੀ ਨਹੀਂ ਡਰਦਾ।" (ਪੰਨਾ 413) ਮੌਤ ਦਾ ਹੁਕਮ ਸੁਣਾਏ ਜਾਣ 'ਤੇ ਕਰਤਾਰ ਸਿੰਘ ਸਰਾਭਾ ਨੇ ਕਿਹਾ, "ਧੰਨਵਾਦ।" ਭਾਈ ਪਰਮਾਨੰਦ ਨੇ ਫਾਂਸੀ ਦੀਆਂ ਕੋਠੜੀਆਂ ਵਿਚ ਬੰਦ ਹੋਣ ਵੇਲੇ ਦਾ ਨਕਸ਼ਾ ਖਿੱਚਦਿਆਂ ਲਿਖਿਆ ਹੈ, "ਕਰਤਾਰ ਸਿੰਘ ਖਾਸ ਤੌਰ ਉਤੇ ਖੁਸ਼ੀ ਦੇ ਰੰਗ ਵਿਚ ਸੀ ਅਤੇ ਆਪਣੀ ਸਪਿਰਟ ਦੂਸਰਿਆਂ ਵਿਚ ਭਰਦਾ। ਉਹ ਕਹਿੰਦਾ 'ਸਾਨੂੰ ਜਲਦੀ ਫਾਂਸੀ ਲੱਗੇ, ਤਾਂ ਕਿ ਅਸੀਂ ਜਲਦੀ ਮੁੜ ਜਨਮ ਲੈ ਕੇ ਆਪਣਾ ਕੰਮ ਉਥੋਂ ਸ਼ੁਰੂ ਕਰੀਏ ਜਿੱਥੇ ਅਸੀਂ ਛੱਡ ਚੱਲੇ ਹਾਂ।'" (ਗਦਰ ਪਾਰਟੀ ਲਹਿਰ, ਪੰਨਾ 414) ਕਰਤਾਰ ਸਿੰਘ ਸਰਾਭਾ ਦਾ ਜੋਸ਼ ਸਿੱਖੀ ਸਪਿਰਟ ਦੀ ਪ੍ਰਤੱਖ ਮਿਸਾਲ ਹੈ।

**ਬੱਬਰ ਕਰਮ ਸਿੰਘ ਦੌਲਤਪੁਰ:** ਸੋਹਣ ਸਿੰਘ ਪੂਨੀ ਨੇ ਆਪਣੀ ਪੁਸਤਕ ਵਿਚ ਜਿਨ੍ਹਾਂ ਮਹਾਨ ਸ਼ਹੀਦਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ ਦਾ ਨਾਂ ਵੀ ਜ਼ਿਕਰਯੋਗ ਹੈ ਜਿਨ੍ਹਾਂ ਦਾ ਜੀਵਨ ਸਿੱਖੀ ਸਪਿਰਟ ਦੀ ਉਘੀ ਮਿਸਾਲ ਹੈ। ਭਾਈ ਕਰਮ ਸਿੰਘ ਦਾ ਜਨਮ 1880 ਈਸਵੀ ਨੂੰ ਜ਼ਿਲਾ ਨਵਾਂਸ਼ਹਿਰ ਦੇ ਪਿੰਡ ਦੌਲਤਪੁਰ ਵਿਚ ਹੋਇਆ। ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਫਿਰ ਫੌਜ ਵਿਚ ਭਰਤੀ ਹੋ ਗਏ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ ਸੰਨ 1907 ਵਿਚ ਕੈਨੇਡਾ ਆ ਗਏ ਅਤੇ ਆਪਣੇ ਭਰਾ ਹਰੀ ਸਿੰਘ ਨਾਲ ਵੈਨਕੂਵਰ ਨੇੜੇ ਐਬਸਫੋਰਡ ਵਿਚ ਰਹਿਣ ਲੱਗੇ। ਸੰਤ ਤੇਜਾ ਸਿੰਘ ਦੀ ਅਗਵਾਈ ਥੱਲੇ ਬਣੀ 'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਦੇ ਭਾਈ ਸਾਹਿਬ ਹਿੱਸੇਦਾਰ ਸਨ। ਕੈਨੇਡਾ ਵਿਚ ਸਿਆਸੀ ਪ੍ਰਚਾਰ ਕਾਰਨ ਭਾਈ ਕਰਮ ਸਿੰਘ ਵਿਚ ਵੀ ਦੇਸ਼ ਨੂੰ ਹਥਿਆਰਬੰਦ ਘੋਲ ਰਾਹੀਂ ਆਜ਼ਾਦ ਕਰਾਉਣ ਦੀ ਚੇਤਨਾ ਜਾਗੀ। ਅਪ੍ਰੈਲ 1913 ਵਿਚ ਜਦੋਂ ਗਦਰ ਪਾਰਟੀ ਬਣੀ ਤਾਂ ਭਾਈ ਕਰਮ ਸਿੰਘ ਵੀ ਇਸ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੇ ਸੱਦੇ 'ਤੇ 1914 ਵਿਚ ਹਿੰਦੁਸਤਾਨ ਚਲੇ ਗਏ ਅਤੇ ਉਥੇ ਪਹੁੰਚਣ 'ਤੇ ਗ੍ਰਿਫਤਾਰ ਕਰ ਲਿਆ ਗਿਆ, ਉਪਰੰਤ ਪਿੰਡ ਲਿਜਾ ਕੇ ਜੂਹਬੰਦ ਕਰ ਦਿੱਤੇ ਗਏ। ਜੂਹਬੰਦੀ ਦੀ ਇਹ ਪਾਬੰਦੀ ਸੰਨ 1918 ਤੱਕ ਲੱਗੀ ਰਹੀ। ਜੂਹਬੰਦੀ ਖਤਮ ਹੁੰਦੇ ਸਾਰ ਭਾਈ ਕਰਮ ਸਿੰਘ ਸਿਆਸੀ ਤੌਰ 'ਤੇ ਫਿਰ ਸਰਗਰਮ ਹੋ ਗਏ।

ਮਹੰਤ ਨਰੈਣਦਾਸ ਨੇ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਸੌ ਤੋਂ ਵੱਧ ਸਿੱਖ ਸ਼ਹੀਦ ਕਰ ਦਿੱਤੇ, ਜਿਸ ਕਾਰਨ ਸਿੱਖਾਂ ਵਿਚ ਗੁੱਸਾ ਭੜਕ ਉਠਿਆ। ਭਾਈ ਕਰਮ ਸਿੰਘ ਨੇ ਕੈਨੇਡਾ ਤੋਂ ਪਰਤੇ ਆਪਣੇ ਮਿੱਤਰ ਆਸਾ ਸਿੰਘ ਭੁਤਕਦੀ ਨਾਲ ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਪਿੱਛੋਂ ਆਪ ਦਾ ਨਾਮ ਨਰਾਇਣ ਸਿੰਘ ਤੋਂ ਬਦਲ ਕੇ ਕਰਮ ਸਿੰਘ ਰੱਖਿਆ ਗਿਆ। ਨਨਕਾਣਾ ਸਾਹਿਬ ਤੋਂ ਆ ਕੇ ਆਪ ਅਕਾਲੀਆਂ ਵੱਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਣ ਲੱਗੇ। ਕੁਰੱਪਟ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸ਼ਾਂਤਮਈ ਅੰਦੋਲਨ ਕਰ ਰਹੇ ਅਕਾਲੀਆਂ ਉਤੇ ਪੁਲਿਸ ਬੇਤਹਾਸ਼ਾ ਤਸ਼ੱਦਦ ਕਰਦੀ, ਜਿਸ ਨੂੰ ਉਹ ਚੁਪਚਾਪ ਸਹਿਣ ਕਰਦੇ। ਕਿਸ਼ਨ ਸਿੰਘ ਗੜਗੱਜ ਅਤੇ ਮੋਤਾ ਸਿੰਘ ਪਤਾਰਾ ਵਰਗੇ ਜੋਸ਼ੀਲੇ ਸਿੱਖਾਂ ਨੇ 1921 ਵਿਚ ਹੁਸ਼ਿਆਰਪੁਰ 'ਚ ਮੀਟਿੰਗ ਕਰਕੇ ਹਥਿਆਰਬੰਦ ਬਗ਼ਾਵਤ ਕਰਨ ਲਈ 'ਚੱਕਰਵਰਤੀ' ਜਥਾ ਬਣਾ ਲਿਆ। ਭਾਈ ਕਰਮ ਸਿੰਘ ਨੇ ਆਪਣੇ ਕੈਨੇਡਾ ਤੋਂ ਪਰਤੇ ਸਾਥੀਆਂ ਨਾਲ ਰਲ ਕੇ ਵੱਖਰਾ ਜਥਾ ਬਣਾ ਲਿਆ ਅਤੇ 'ਬੱਬਰ ਅਕਾਲੀ' ਨਾਂ ਦਾ ਪਰਚਾ ਕੱਢਿਆ। ਇਸ ਤੋਂ ਪ੍ਰਭਾਵਤ ਹੋ ਕੇ ਕਿਸ਼ਨ ਸਿੰਘ ਗੜਗੱਜ ਨੇ ਆਪਣੇ ਜਥੇ ਨੂੰ ਵੀ ਭਾਈ ਕਰਮ ਸਿੰਘ ਦੇ ਜਥੇ ਨਾਲ ਮਿਲਾ ਲਿਆ ਅਤੇ ਜਥੇ ਦਾ ਨਾਂ 'ਬੱਬਰ ਅਕਾਲੀ' ਰੱਖ ਕੇ ਇਕੱਠਿਆਂ ਸੰਘਰਸ਼ ਸ਼ੁਰੂ ਕਰ ਦਿੱਤਾ। 8 ਅਗਸਤ 1923 ਨੂੰ ਕਪੂਰਥਲਾ ਦੇ ਬਬੇਲੀ ਪਿੰਡ ਵਿਚ ਆਪਣੇ ਹੀ ਇੱਕ ਸਾਥੀ ਅਨੂਪ ਸਿੰਘ ਦੀ ਮੁਖਬਰੀ 'ਤੇ, ਜੋ ਬਹਾਨਾ ਬਣਾ ਕੇ ਉਸੇ ਪਿੰਡ ਵਿਚ ਇੱਕ ਅਲੱਗ ਘਰ ਵਿਚ ਠਹਿਰਿਆ ਸੀ, ਭਾਈ ਕਰਮ ਸਿੰਘ ਅਤੇ ਉਸ ਦੇ ਸਾਥੀਆਂ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੇ ਜਥੇ ਨੂੰ ਫੜਨ ਲਈ ਪੁਲਿਸ ਨੇ ਪਿੰਡ ਨੂੰ ਘੇਰਾ ਪਾ ਲਿਆ। ਪਿੰਡ ਨੂੰ ਨੁਕਸਾਨ ਤੋਂ ਬਚਾਉਣ ਲਈ ਜਥੇ ਨੇ ਪਿੰਡੋਂ ਬਾਹਰ ਜਾ ਕੇ ਲੜਨ ਦਾ ਫੈਸਲਾ ਕੀਤਾ। ਬੱਬਰਾਂ ਨੇ ਕਿਰਪਾਨਾਂ ਸੂਤ ਕੇ ਜੈਕਾਰਾ ਛੱਡਿਆ ਅਤੇ ਪੁਲਿਸ ਦੀ ਟੁਕੜੀ 'ਤੇ ਹਮਲਾ ਕਰ ਦਿੱਤਾ। ਚੋਅ ਵਿਚੋਂ ਦੀ ਗੁਰਦੁਆਰਾ ਚੌਂਤਾ ਸਾਹਿਬ ਵੱਲ ਜਾਂਦਿਆਂ ਬੱਬਰ ਮਹਿੰਦਰ ਸਿੰਘ, ਉਦੇ ਸਿੰਘ ਅਤੇ ਬਿਸ਼ਨ ਸਿੰਘ ਸ਼ਹੀਦ ਹੋ ਗਏ। ਭਾਈ ਕਰਮ ਸਿੰਘ ਕੰਢੇ ਤੋਂ ਥੋੜੀ ਦੂਰ, ਇੱਕ ਹੱਥ ਵਿਚ ਕਿਰਪਾਨ ਅਤੇ ਦੂਸਰੇ ਵਿਚ ਬੰਦੂਕ ਫੜੀ ਗੋਡੇ ਗੋਡੇ ਪਾਣੀ ਵਿਚ ਖੜ੍ਹੇ ਸਨ। ਸਬ ਇੰਸਪੈਕਟਰ ਫਤਿਹ ਖਾਨ ਨੇ ਹਥਿਆਰ ਸੁੱਟਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ, "ਸਿੱਖ ਮੈਦਾਨੇ ਜੰਗ ਵਿਚ ਹਥਿਆਰ ਨਹੀਂ ਸੁੱਟਿਆ ਕਰਦਾ। ਮੈਂ ਜਿਉਂਦਾ ਹਥਿਆਰ ਨਹੀਂ ਸੁੱਟਾਂਗਾ।" ਭਾਈ ਸਾਹਿਬ ਨੇ ਫਤਿਹ ਖਾਨ 'ਤੇ ਗੋਲੀ ਚਲਾਈ ਪਰ ਉਹ ਬਚ ਗਿਆ। ਫਤਿਹ ਖਾਨ ਨੇ ਭਾਈ ਸਾਹਿਬ ਦੇ ਮੱਥੇ ਵਿਚ ਗੋਲੀ ਮਾਰੀ ਅਤੇ ਭਾਈ ਸਾਹਿਬ ਸ਼ਹੀਦ ਹੋ ਗਏ। ਭਾਈ ਸਾਹਿਬ ਕਵਿਤਾ ਵੀ ਲਿਖਦੇ ਸੀ,

'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ,
ਹੁਣ ਜ਼ਾਲਮਾਂ ਵੰਡੀਆਂ ਪਾ ਭਾਈ।

# ਅੰਮ੍ਰਿਤ ਨਾਮੁ ਹਰਿ ਹਰਿ ਜਪਹ...

## ਗੁਰਬਾਣੀ ਗਿਆਨ

ਆਸਾ ਮਹਲਾ ੫
ਆਵਹੁ ਮੀਤ ਇਕਤ੍ਰ ਹੋਇ
ਰਸ ਕਸ ਸਭਿ ਭੁੰਚਹ॥
ਅੰਮ੍ਰਿਤ ਨਾਮੁ ਹਰਿ ਹਰਿ ਜਪਹ
ਮਿਲਿ ਪਾਪਾ ਮੁੰਚਹ॥੧॥
ਤਤੁ ਵੀਚਾਰਹੁ ਸੰਤ ਜਨਹੁ
ਤਾ ਤੇ ਬਿਘਨੁ ਨ ਲਾਗੈ॥
ਖੀਨ ਭਏ ਸਭਿ ਤਸਕਰਾ
ਗੁਰਮੁਖਿ ਜਨੁ ਜਾਗੈ॥੧॥ ਰਹਾਉ॥
ਬੁਧਿ ਗਰੀਬੀ ਖਰਚੁ ਲੈਹੁ
ਹਉਮੈ ਬਿਖੁ ਜਾਰਹੁ॥
ਸਾਚਾ ਹਟੁ ਪੂਰਾ ਸਉਦਾ
ਵਖਰੁ ਨਾਮੁ ਵਾਪਾਰਹੁ॥੨॥
ਜੀਉ ਪਿੰਡੁ ਧਨੁ ਅਰਪਿਆ
ਸੇਈ ਪਤਿਵੰਤੇ॥
ਆਪਨੜੇ ਪ੍ਰਭ ਭਾਣਿਆ
ਨਿਤ ਕੇਲ ਕਰੰਤੇ॥੩॥
ਦੁਰਮਤਿ ਮਦੁ ਜੋ ਪੀਵਤੇ
ਬਿਖਲੀ ਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ
ਨਾਨਕ ਸਚ ਅਮਲੀ॥੪॥

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ, ਹੇ ਮਿੱਤਰ ਪਿਆਰਿਓ! ਆਉ ਮਿਲ ਕੇ ਵਿਚਾਰ ਕਰੀਏ ਕਿ ਇਸ ਮਾਨਸ ਜਨਮ ਦਾ ਅਸਲੀ ਮਨੋਰਥ ਕੀ ਹੈ? ਇਹ ਵਿਚਾਰ ਕਰਨ ਕਰ ਕੇ ਜੀਵਨ ਦੇ ਸਫ਼ਰ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ ਅਤੇ ਪੰਜਾਂ ਚੋਰਾਂ ਦਾ ਨਾਸ਼ ਭੀ ਹੋ ਜਾਂਦਾ ਹੈ ਕਿਉਂਕਿ ਗੁਰੂ ਦੀ ਸ਼ਰਨ ਪੈ ਕੇ ਜੀਵ ਇਨ੍ਹਾਂ ਚੋਰਾਂ ਵੱਲੋਂ ਸੁਚੇਤ ਹੋ ਜਾਂਦਾ ਹੈ। ਇਸ ਲਈ ਹੇ ਮਿੱਤਰ ਜਨੋ! ਆਉ ਸਾਰੇ ਮਿਲ ਕੇ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਜਪੀਏ ਤੇ ਪਾਪਾਂ ਦਾ ਨਾਸ਼ ਕਰ ਲਈਏ। ਨਾਮ ਸਾਰੇ ਰਸਾਂ ਕਸਾਂ ਤੋਂ ਉਤਮ ਹੈ ਤੇ ਨਾਮ ਅੰਮ੍ਰਿਤ ਨੂੰ ਹੀ ਪੀਵੀਏ।

ਬੁਧਿ ਗਰੀਬੀ ਖਰਚੁ ਲੈਹੁ
ਹਉਮੈ ਬਿਖੁ ਜਾਰਹੁ॥
ਸਾਚਾ ਹਟੁ ਪੂਰਾ ਸਉਦਾ
ਵਖਰੁ ਨਾਮੁ ਵਾਪਾਰਹੁ॥੨॥

ਗੁਰਦੇਵ ਜੀ ਬਖਸ਼ਿਸ਼ ਕਰਦੇ ਹਨ ਕਿ ਹੇ ਮੇਰੇ ਮਿੱਤਰ ਪਿਆਰਿਓ! ਬੁਧਿ ਗਰੀਬੀ, ਭਾਵ ਆਪਣੀ ਬੁਧੀ ਨੂੰ ਨਿਮਰਤਾ ਵਾਲੀ ਬਣਾਉ ਅਤੇ ਇਸ ਨੂੰ ਜੀਵਨ ਦੇ ਸਫ਼ਰ ਵਿਚ ਖਰਚ ਕਰਨ ਲਈ ਪੱਲੇ ਬੰਨ੍ਹ ਕੇ ਰੱਖ ਲਵੋ। ਪ੍ਰਭੂ ਦੇ ਨਾਮ ਸਿਮਰਨ ਦੀ ਕ੍ਰਿਪਾ ਸਦਕਾ ਹਉਮੈ ਨੂੰ ਸਾੜ ਦਿਉ ਜੋ ਆਤਮਕ ਜੀਵਨ ਨੂੰ ਮਾਰ ਮੁਕਾਉਣ ਵਾਲਾ ਬਿਖ, ਭਾਵ ਜ਼ਹਿਰ ਹੈ। ਹੇ ਮਿੱਤਰੋ! ਗੁਰੂ ਕੋਲ ਹੀ ਸੱਚੇ ਨਾਮ ਦੀ ਦੁਕਾਨ ਹੈ। ਉਸ ਦੁਕਾਨ ਤੋਂ ਭਾਵ ਗੁਰੂ ਕੋਲੋਂ ਹੀ ਨਾਮ ਰੂਪੀ ਪੂਰਾ ਸੌਦਾ ਮਿਲ ਸਕਦਾ ਹੈ। ਇਸ ਲਈ ਮਿਲ ਕੇ ਗੁਰੂ ਪਾਸੋਂ ਨਾਮ ਦਾ ਸੌਦਾ ਖਰੀਦ ਲਈਏ।

ਜੀਉ ਪਿੰਡੁ ਧਨੁ ਅਰਪਿਆ
ਸੇਈ ਪਤਿਵੰਤੇ॥
ਆਪਨੜੇ ਪ੍ਰਭ ਭਾਣਿਆ
ਨਿਤ ਕੇਲ ਕਰੰਤੇ॥੩॥

ਹੇ ਪ੍ਰਭੂ ਜੀ ਦੇ ਪਿਆਰੇ ਸੰਤ ਜਨੋ! ਜਿਨ੍ਹਾਂ ਵੱਡੇ ਭਾਗਾਂ ਵਾਲੇ ਜੀਵਾਂ ਨੇ ਉਸ ਮਿਹਰਬਾਨ ਪ੍ਰਭੂ ਜੀ ਦਾ ਨਾਮ ਖਰੀਦਣ ਲਈ ਆਪਣਾ ਸਰੀਰ, ਆਪਣੀ ਜਾਨ ਅਤੇ ਆਪਣੀਆਂ ਦੁਨਿਆਵੀ ਧਨ-ਦੌਲਤਾਂ ਅਰਪੀਆਂ, ਭਾਵ ਪ੍ਰਭੂ ਦੇ ਅਰਪਣ ਕੀਤੀਆਂ, ਉਹ ਜੀਵ ਇਸ ਲੋਕ ਤੇ ਅਗਲੇ ਪਰਾਏ ਲੋਕ, ਪਰਲੋਕ ਵਿਚ ਵੀ ਸਤਿਕਾਰ ਵਾਲੇ ਪਤਵੰਤੇ ਬਣ ਗਏ ਅਤੇ ਪ੍ਰਭੂ ਜੀ ਦਾ ਸਿਮਰਨ ਕਰਨ ਕਰ ਕੇ ਹੀ ਉਹ ਉਸ ਮਾਲਕ ਪ੍ਰਭੂ ਜੀ ਨੂੰ ਪਿਆਰੇ ਲੱਗਣ ਵਾਲੇ ਬਣ ਬੈਠੇ ਅਤੇ ਉਹ ਵਡਭਾਗੇ ਜੀਵ ਸਦਾ ਹੀ ਆਤਮਕ ਅਨੰਦ ਪ੍ਰਾਪਤ ਕਰਨ ਵਾਲੇ ਬਣ ਗਏ।

ਦੁਰਮਤਿ ਮਦੁ ਜੋ ਪੀਵਤੇ
ਬਿਖਲੀ ਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ
ਨਾਨਕ ਸਚ ਅਮਲੀ॥੪॥

ਹੇ ਸੰਤ ਜਨੋ! ਦੁਰਮਤਿ ਮਦ, ਭਾਵ ਬੁਰੀ, ਭੈੜੀ ਮਤ ਜੋ ਇਕ ਸ਼ਰਾਬ ਵਾਂਗ ਹੈ ਅਤੇ ਜੋ ਜੀਵ ਭੈੜੀ ਮਤ ਦੀ ਸ਼ਰਾਬ ਪੀਣ ਲੱਗ ਪੈਂਦੇ ਹਨ, ਭਾਵ ਜੋ ਗੁਰੂ ਦਾ ਆਸਰਾ ਛੱਡ ਕੇ ਭੈੜੀ ਮਤ ਪਿੱਛੇ ਤੁਰ ਪੈਂਦੇ ਹਨ, ਬਿਖਲੀ ਪਤਿ ਕਮਲੀ, ਭਾਵ ਉਹ ਭੈੜੀ ਮਤ ਦੇ ਨਸ਼ੇ ਵਿਚ ਗਲਤਾਨ ਹੋ ਕੇ ਦੁਰਾਚਾਰੀ ਭੀ ਬਣ ਜਾਂਦੇ ਹਨ ਅਤੇ ਵਿਕਾਰਾਂ ਵਿਚ ਫਸ ਕੇ ਝੱਲੇ ਹੋ ਜਾਂਦੇ ਹਨ ਪਰ ਇਹ ਨਾਨਕ ਆਖਦਾ ਹੈ ਕਿ ਜਿਹੜੇ ਜੀਵ ਨਾਮ ਰਸਾਇਣ, ਭਾਵ ਸਭ ਰਸਾਂ ਤੋਂ ਉਤਮ ਰਸ, ਨਾਮ ਸਿਮਰਨ ਦੇ ਰਸ ਵਿਚ ਮਸਤ ਹੋ ਜਾਂਦੇ ਹਨ, ਉਹ ਸੱਚੇ ਨਾਮ ਦੇ ਅਮਲੀ ਹੋ ਜਾਂਦੇ ਹਨ।

ਆਓ, ਸ਼ਬਦ ਗੁਰੂ ਨਾਲ ਜੁੜੀਏ ਜੀ!

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਪ੍ਰਸੰਗ ਵਖਤਾਂ ਮਾਰੀ ਮਾਂ ਡਾਕਟਰ ਸਵਿਤਾ

# ਧਰਮ, ਕਾਨੂੰਨ ਅਤੇ ਇਨਸਾਨੀਅਤ

### ਦਰਦਾਂ ਦੇ ਦਰਿਆ

ਪੇਸ਼ੇ ਤੋਂ ਦੰਦਾਂ ਦੀ ਡਾਕਟਰ ਇਕੱਤੀ ਸਾਲਾ ਭਾਰਤੀ ਕੁੜੀ ਸਵਿਤਾ ਹਲੱਪਾਨਵਾਰ ਆਪਣੇ ਪਤੀ ਪ੍ਰਵੀਨ ਅਤੇ ਪਰਿਵਾਰ ਨਾਲ ਆਇਰਲੈਂਡ ਵਿਚ ਰਹਿ ਰਹੀ ਸੀ। ਉਹ ਚਾਰ ਮਹੀਨੇ ਤੋਂ ਗਰਭਵਤੀ ਸੀ ਕਿ ਅਚਾਨਕ ਉਸ ਨੂੰ ਜਣੇਪੇ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਦੀਆਂ ਪੀੜਾਂ ਸ਼ੁਰੂ ਹੋ ਗਈਆਂ। ਸਵਿਤਾ ਦਾ ਪਤੀ ਤੇ ਪਰਿਵਾਰ ਉਸ ਨੂੰ ਲੈ ਕੇ ਹਸਪਤਾਲ ਪਹੁੰਚੇ ਜਿਥੇ ਉਸ ਦਾ ਮੁਆਇਨਾ ਕਰਨ ਵਾਲੇ ਡਾਕਟਰਾਂ ਨੇ ਦੱਸਿਆ ਕਿ ਸਵਿਤਾ ਹੁਣ ਇਸ ਬੱਚੇ ਨੂੰ ਜਨਮ ਨਹੀਂ ਦੇ ਸਕੇਗੀ ਕਿਉਂਕਿ ਇਸ ਦਾ ਗਰਭ ਗਿਰ ਚੁੱਕਾ ਹੈ ਅਤੇ ਬੱਚਾ ਮਰ ਰਿਹਾ ਹੈ। ਉਧਰ, ਸਵਿਤਾ ਦੀ ਹਾਲਤ ਵੀ ਬੇਹੱਦ ਨਾਜ਼ਕ ਸੀ। ਸੋ, ਸਵਿਤਾ ਅਤੇ ਉਸ ਦੇ ਪਤੀ ਪ੍ਰਵੀਨ ਨੇ ਤਰਲੇ ਪਾਏ ਕਿ ਸਵਿਤਾ ਦਾ ਗਰਭਪਾਤ ਕਰ ਕੇ ਸਵਿਤਾ ਦੀ ਜਾਨ ਬਚਾਈ ਜਾਵੇ ਪਰ ਡਾਕਟਰਾਂ ਦਾ ਜਵਾਬ ਸੀ ਕਿ ਇਹ ਕੈਥੋਲਿਕ ਧਾਰਮਿਕ ਮੁਲਕ ਹੈ, ਬੱਚੇ ਦੇ ਸਾਹ ਅਜੇ ਚੱਲ ਰਹੇ ਹਨ; ਸੋ, ਜਿੰਨਾ ਚਿਰ ਬੱਚਾ ਮਰ ਨਹੀਂ ਜਾਂਦਾ, ਉਦੋਂ ਤਕ ਗਰਭਪਾਤ ਨਹੀਂ ਕਰ ਸਕਦੇ।

ਸਵਿਤਾ ਪੀੜਾਂ ਨਾਲ ਕੁਰਲਾ ਰਹੀ ਸੀ ਅਤੇ ਹਾੜ੍ਹੇ ਪਾ ਪਾ ਕੇ ਡਾਕਟਰਾਂ ਕੋਲੋਂ ਆਪਣੀ ਜ਼ਿੰਦਗੀ ਦੀ ਭੀਖ ਮੰਗ ਰਹੀ ਸੀ...ਦੋਵੇਂ ਪਤੀ ਪਤਨੀ ਤੜਪਦੇ ਰਹੇ, ਕੁਰਲਾਉਂਦੇ ਰਹੇ ਪਰ ਉਨ੍ਹਾਂ ਦੀ ਕਿਸੇ ਨੇ ਇਕ ਵੀ ਨਾ ਸੁਣੀ। ਹਸਪਤਾਲ ਵਿਚ ਪਈ ਸਵਿਤਾ ਦੇ ਅੰਦਰ ਜ਼ਹਿਰ ਫੈਲਦਾ ਗਿਆ ਅਤੇ ਡਾਕਟਰ ਬੱਚਾ ਮਰਨ ਦੀ ਉਡੀਕ ਕਰਦੇ ਰਹੇ। ਆਖੀਰ ਤੀਜੇ ਦਿਨ ਸਵਿਤਾ ਦਮ ਤੋੜ ਗਈ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਆਇਰਲੈਂਡ ਕੱਟੜ ਈਸਾਈ ਕੈਥੋਲਿਕ ਮੁਲਕ ਹੈ ਅਤੇ ਉਥੇ ਭਰੂਣ ਹੱਤਿਆ ਜਾਂ ਗਰਭਪਾਤ ਗ਼ੈਰਕਾਨੂੰਨੀ ਹੈ ਤੇ ਇਸ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਂਦਾ ਹੈ ਜਿਸ ਦਾ ਖਮਿਆਜ਼ਾ ਸਵਿਤਾ ਅਤੇ ਉਸ ਦੇ ਪਰਿਵਾਰ ਨੂੰ ਭੁਗਤਣਾ ਪਿਆ। ਆਉ, ਜ਼ਰਾ ਵਿਚਾਰ ਕਰੀਏ ਕਿ ਕੀ ਸਵਿਤਾ ਆਪਣੇ ਬੱਚੇ ਨੂੰ ਜਨਮ ਨਹੀਂ ਸੀ ਦੇਣਾ ਚਾਹੁੰਦੀ? ਕੀ ਸਵਿਤਾ ਜਾਣ-ਬੁੱਝ ਕੇ ਗਰਭਪਾਤ ਕਰਵਾਉਣਾ ਚਾਹੁੰਦੀ ਸੀ ਅਤੇ ਇਸ ਲਈ ਹਸਪਤਾਲ ਗਈ ਸੀ? ਕੀ ਸਵਿਤਾ ਦਾ ਪਤੀ ਜਾਂ ਪਰਿਵਾਰ ਉਸ ਦੀ ਕੁਦਰਤੀ ਪੀੜਾ ਜਾਂ ਤਕਲੀਫ ਤੋਂ ਅਣਜਾਣ ਸਨ? ਜਵਾਬ ਹੈ ਬਿਲਕੁਲ ਨਹੀਂ। ਸਵਿਤਾ ਪੜ੍ਹੀ ਲਿਖੀ ਸੀ ਅਤੇ ਉਸ ਦੇ ਜੀਵਨ ਵਿਚ ਇਹ ਮੁਸੀਬਤ ਕੁਦਰਤੀ ਹੀ ਆਣ ਪਈ ਸੀ; ਇਸ ਮੁਸ਼ਕਿਲ ਵਿਚੋਂ ਨਿਕਲਣ ਦਾ ਇਕੋ ਇਕ ਚਾਰਾ ਇਹ ਸੀ ਕਿ ਉਹ ਸਵਿਤਾ ਦਾ ਗਰਭਪਾਤ ਕਰਵਾ ਕੇ ਹੀ ਉਸ ਦੀ ਜਾਨ ਬਚਾਈ ਜਾਵੇ ਪਰ ਕੱਟੜ ਧਾਰਮਿਕ ਲੋਕਾਂ ਦਾ ਹੀ ਬਣਾਇਆ ਹੋਇਆ ਕਾਨੂੰਨ ਇਸ ਬੇਗੁਨਾਹ ਕੁੜੀ ਦੀ ਜਾਨ ਲੈ ਕੇ ਤੁਰਦਾ ਬਣਿਆ; ਸਵਿਤਾ ਧਰਮ ਦੀ ਬਲੀ ਚੜ੍ਹ ਗਈ।

ਅੱਜ ਸਵਿਤਾ ਭਾਵੇਂ ਦੁਨੀਆਂ ਤੋਂ ਜਾ ਚੁੱਕੀ ਹੈ ਪਰ ਦੁਨੀਆਂ ਵਿਚ ਇਸ ਅਨਿਆਂ ਨੂੰ ਲੈ ਕੇ ਹਰ ਪਾਸੇ ਤਹਿਲਕਾ ਮਚਿਆ ਹੋਇਆ ਹੈ ਅਤੇ ਬਹੁਤ ਸਾਰੇ ਮੁਲਕਾਂ ਵਿਚ ਲੋਕਾਂ ਵੱਲੋਂ ਮੁਜ਼ਾਹਰੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚ ਹਰ ਧਰਮ ਤੇ ਹਰ ਮੁਲਕ ਦੀਆਂ ਅਣਗਿਣਤ ਔਰਤਾਂ ਇਨਸਾਫ ਵਾਲੇ ਬੈਨਰ ਚੁੱਕੀ ਦੁਹਾਈ ਪਾ ਰਹੀਆਂ ਹਨ ਕਿ ਇਹ ਅਤਿ ਘਿਨਾਉਣਾ ਜ਼ੁਲਮ ਕਿਉਂ ਕੀਤਾ ਗਿਆ? ਸਵਿਤਾ ਇਸ ਪੀੜਾ ਨਾਲ ਆਪਣੇ ਘਰ ਵਿਚ ਮਰ ਜਾਂਦੀ ਤਾਂ ਅਫ਼ਸੋਸ ਨਾ ਹੁੰਦਾ, ਅਫਸੋਸ ਤਾਂ ਇਸ ਗੱਲ ਦਾ ਹੈ ਕਿ ਜਦ ਡਾਕਟਰਾਂ ਨੇ ਕਿਹਾ ਕਿ ਇਹ ਮੁਲਕ ਕੈਥੋਲਿਕ ਹੈ, ਅਸੀਂ ਗਰਭਪਾਤ



ਸਵਿਤਾ ਹਲੱਪਾਨਵਾਰ

ਨਹੀਂ ਕਰਨਾ; ਡਾਕਟਰ ਉਸ ਨੂੰ ਪਲ ਪਲ ਮਰਦੀ ਦੇਖਦੇ ਰਹੇ ਅਤੇ ਆਪਣੇ ਧਾਰਮਿਕ ਕਾਨੂੰਨ ਦੀ ਡੱਟ ਕੇ ਸਖ਼ਤੀ ਨਾਲ ਪਾਲਣਾ ਕਰਦੇ ਰਹੇ। ਉਨ੍ਹਾਂ ਦੇ ਸਾਹਮਣੇ ਹੀ ਸਵਿਤਾ ਜੀਵਨ ਦੀ ਬਾਜ਼ੀ ਹਾਰ ਗਈ!

ਇਹ ਕੈਸੇ ਕਾਨੂੰਨ ਹਨ? ਇਹ ਕੈਸੇ ਧਰਮ ਹਨ? ਡਾਕਟਰ ਤਾਂ ਉਹ ਨਾਮ ਹੁੰਦਾ ਹੈ ਜਿਸ ਨੂੰ ਸੁਣ ਕੇ ਸਤਿਕਾਰ ਨਾਲ ਝੁਕ ਜਾਈਦਾ ਹੈ, ਜਦ ਡਾਕਟਰ ਕਿਸੇ ਬਿਮਾਰ ਪਏ ਬੰਦੇ ਨੂੰ ਤਸੱਲੀ ਦੇ ਕੇ ਉਸ ਨਾਲ ਗੱਲ ਕਰਦਾ ਹੈ ਤਾਂ ਬਿਮਾਰ ਆਦਮੀ ਵੀ ਮਹਿਸੂਸ ਕਰਦਾ ਹੈ ਕਿ ਹੁਣ ਉਹ ਸੁਰੱਖਿਅਤ ਹੱਥਾਂ ਵਿਚ ਪਹੁੰਚ ਗਿਆ ਹੈ। ਅਤਿ ਮਾੜੇ ਹਾਲਾਤ ਵਿਚ ਵੀ ਬਿਮਾਰ ਆਦਮੀ ਅਤੇ ਉਹਦੇ ਪਰਿਵਾਰ ਦੀਆਂ ਮਰ ਰਹੀਆਂ ਆਸਾਂ ਦਾ ਦੀਵਾ ਫਿਰ ਟਿਮ-ਟਿਮਾ ਉਠਦਾ ਹੈ ਅਤੇ ਬਿਮਾਰ ਆਦਮੀ ਅੱਧਾ ਉਸੇ ਵੇਲੇ ਹੀ ਠੀਕ ਹੋ ਜਾਂਦਾ ਹੈ। ਡਾਕਟਰੀ ਪੇਸ਼ਾ ਸਭ ਤੋਂ ਉਤਮ ਅਤੇ ਅਤਿ ਸਤਿਕਾਰਤ ਹੈ। ਕਈ ਵਾਰ ਤਾਂ ਲੋਕ ਇਹ ਵੀ ਆਖਦੇ ਹਨ ਕਿ ਰੱਬ ਤੋਂ ਬਾਅਦ ਜੇ ਕੋਈ ਆਦਮੀ ਨੂੰ ਬਚਾਉਣ ਵਾਲਾ ਹੈ, ਤਾਂ ਉਹ ਡਾਕਟਰ ਹੀ ਹੈ। ਪਰ ਜਦੋਂ ਕੋਈ ਆਦਮੀ ਤਕਲੀਫ਼ ਨਾਲ ਤੜਫ ਰਿਹਾ ਹੋਵੇ, ਹਸਪਤਾਲ ਵਿਚ ਵੀ ਹੋਵੇ, ਡਾਕਟਰ ਵੀ ਕੋਲ ਖੜ੍ਹੇ ਹੋਣ, ਇਲਾਜ ਵੀ ਹੋ ਸਕਦਾ ਹੋਵੇ ਪਰ ਧਰਮ ਅਤੇ ਕਾਨੂੰਨ ਦੀਵਾਰ ਬਣ ਕੇ ਖੜ੍ਹੇ ਹੋ ਜਾਣ; ਤੇ ਡਾਕਟਰ ਇਲਾਜ ਕਰਨ ਤੋਂ ਆਕੀ ਹੋ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਧਰਮ ਦੇ ਬੂਟੇ ਦੀਆਂ ਜੜ੍ਹਾਂ ਹਿੱਲ ਗਈਆਂ ਹਨ! ਕਾਨੂੰਨ ਵੀ ਬੇਮਤਲਬ ਹੋ ਗਿਆ ਹੈ!!

ਸਵਿਤਾ ਕੱਟੜਤਾ ਦੀ ਭੇਟ ਚੜ੍ਹ ਗਈ। ਸੋਚਣਾ ਬਣਦਾ ਹੈ ਕਿ ਬੰਦੇ ਦਾ ਸਭ ਤੋਂ ਵੱਡਾ ਅਤੇ ਅਸਲੀ ਧਰਮ ਕਿਹੜਾ ਹੈ? ਉਸ ਧਰਮ ਦੇ ਅਸੂਲ ਕੀ ਹੁੰਦੇ ਹਨ? ਉਸ ਧਰਮ ਦੀਆਂ ਪਹਿਲੀਆਂ ਜ਼ਿੰਮੇਵਾਰੀਆਂ ਤੇ ਪਹਿਲੇ ਫਰਜ਼ ਕੀ ਹਨ? ਉਹ ਧਰਮ ਹੈ ਇਨਸਾਨੀਅਤ ਦਾ ਧਰਮ; ਜੋ ਸਭ ਧਰਮਾਂ ਤੋਂ ਉਪਰ ਹੈ; ਸਭ ਧਰਮਾਂ ਤੋਂ ਸ੍ਰੇਸ਼ਟ ਹੈ। ਉਹ ਧਰਮ ਕਿਸੇ ਜਾਤ-ਪਾਤ, ਕਿਸੇ ਦੀਨ-ਮਜ਼੍ਹਬ, ਕਿਸੇ ਅਮੀਰ-ਗਰੀਬ, ਕਿਸੇ ਕੌਮ ਜਾਂ ਮੁਲਕ ਦੇ ਕਾਨੂੰਨ ਜਾਂ ਬੰਧਨਾਂ ਤੋਂ ਉਪਰ ਹੁੰਦਾ ਹੈ, ਇਹ ਕਿਸੇ ਦੇ ਅਧੀਨ ਨਹੀਂ ਹੁੰਦਾ। ਇਹ ਧਰਮ ਸਿਰਫ਼ ਅਤੇ ਸਿਰਫ਼ ਮਾਨਵਤਾ ਤੇ ਇਨਸਾਨੀਅਤ ਨੂੰ ਇਕ ਨਜ਼ਰ ਨਾਲ ਵੇਖਦਾ ਹੈ; ਇਹ ਧਰਮ ਆਖਦਾ ਹੈ-ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ।

ਜਿਥੇ ਅੱਜ ਦੁਨੀਆ ਭਰ ਵਿਚੋਂ ਇਸ ਇਨਸਾਨੀਅਤ ਤੋਂ ਗਿਰੇ ਹੋਏ ਅਤਿਆਚਾਰ ਤੇ ਘਿਨੌਣੇ ਜ਼ੁਲਮ ਖਿਲਾਫ਼ ਆਵਾਜ਼ਾਂ ਉਠ ਰਹੀਆਂ ਹਨ, ਸਾਨੂੰ ਗੁਰੂ ਨਾਨਕ ਨਾਮਲੇਵਾ ਪ੍ਰਾਣੀਆਂ ਨੂੰ ਵੀ ਇਸ ਜ਼ੁਲਮ ਖਿਲਾਫ਼ ਇਨ੍ਹਾਂ ਆਵਾਜ਼ਾਂ ਵਿਚ ਸ਼ਾਮਲ ਹੋ ਕੇ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ ਤਾਂ ਕਿ ਅਸੀਂ ਵੀ ਆਪਣੇ ਗੁਰੂ ਦੇ ਸੱਚੇ ਪੈਰੋਕਾਰ ਬਣ ਕੇ ਸੱਚ ਦੇ ਮਾਰਗ ਦੇ ਪਾਂਧੀ ਬਣ ਸਕੀਏ। ਗੁਰਬਾਣੀ ਦਾ ਫਰਮਾਨ ਹੈ,

ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥



ਆਇਰਲੈਂਡ ਦੀ ਰਾਜਧਾਨੀ ਡਬਲਿਨ ਵਿਚ ਰੋਸ ਵਿਖਾਵਾ ਕਰ ਰਹੇ ਲੋਕ

# ਸਭ ਤੁਹਾਡੀ ਬੇਗ਼ੈਰਤੀ ਦਾ ਹੀ ਸਿੱਟਾ ਏ 'ਮਹਾਨ ਪੰਜਾਬੀਓ'

### ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਬੇਸ਼ਰਮ ਬੰਦੇ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ। 'ਸਮਾਜ ਦਾ ਕੀ ਏ, ਇੱਤਾ ਕੀ ਏ ਏਸ ਸਮਾਜ ਨੇ...ਕਿਉਂ ਸੋਚੀਏ ਇਹਦੇ ਬਾਰੇ', ਇਹ ਜਵਾਬ ਬੇਸ਼ਰਮਾਂ ਦੇ ਮੂੰਹੋਂ ਅਕਸਰ ਸੁਣਨ ਨੂੰ ਮਿਲਦੇ ਰਹਿੰਦੇ ਨੇ। ਜਵਾਬ ਸੁਣ ਥੋੜ੍ਹਾ ਹਰਖ ਵੀ ਆਉਂਦੈ, ਪਰ ਤੁਸੀਂ 'ਕੱਲੇ ਕੀ ਕਰ ਸਕਦੇ ਓ, ਜਦੋਂ ਸਭ ਨੇ ਲੱਤਾਂ 'ਚ ਸਿਰ ਦੇ ਕੇ ਨੀਵੀਂਆਂ ਪਾਈਆਂ ਹੋਈਆਂ ਨੇ। ਜਦੋਂ ਸਭ ਦੀਆਂ ਜ਼ੁਬਾਨਾਂ ਸਿਰਫ਼ ਸਵਾਰਥ ਲਈ ਚੱਲਦੀਆਂ ਨੇ ਤਾਂ ਜਿਹੜੇ ਇੱਕਾ-ਦੁੱਕਾ ਚੁੱਪ ਤੋੜਨ ਦੀ ਕੋਸ਼ਿਸ਼ ਕਰਦੇ ਨੇ, ਉਹ ਵੀ ਕਿੰਨਾ ਕੁ ਚਿਰ ਰੌਲਾ ਪਾਉਣਗੇ।

ਹੁਣ ਤੱਕ ਹਜ਼ਾਰਾਂ ਲੋਕਾਂ ਨੇ ਕਿਹੈ ਕਿ ਕੰਜਰਾਂ ਨੇ ਕੰਜਰਪੁਣਾ ਕਰੀ ਹੀ ਜਾਣੈ, ਇਹ ਨਸਲ ਸੁਧਰਨ ਵਾਲੀ ਨਹੀਂ, ਤੁਸੀਂ ਇਨ੍ਹਾਂ ਬਾਰੇ ਲਿਖ-ਲਿਖ ਕੀਹਨੂੰ ਸਮਝਾ ਲਵੋਗੇ? ਪਰ ਅਸੀਂ ਆਪਣਾ ਫਰਜ਼ ਨਿਭਾਉਂਦੇ ਰਹੇ, ਫੋਨ ਕਰਨ ਵਾਲੇ 'ਕਮਾਲ ਕਰ'ਤੀ, ਸਿਰਾ ਲਾ'ਤਾ' ਵੀ ਕਹਿੰਦੇ ਰਹੇ। ਵਿਰਲੇ-ਟਾਂਵੇਂ ਫੋਨ ਆਉਂਦੇ ਕਿ 'ਸਾਡੇ ਲਾਇਕ ਕੋਈ ਸੇਵਾ ਹੋਈ ਤਾਂ ਜ਼ਰੂਰ ਦੱਸਣਾ', ਪਰ ਹੁਣ ਸਾਨੂੰ ਇਹੋ ਜਿਹੇ ਲੋਕਾਂ ਦੇ ਫੋਨ ਚੰਗੇ ਨਹੀਂ ਲੱਗਦੇ। ਕਿੰਨੇ ਕੁ ਭੱਦਰਪੁਰਸ਼ ਨੇ, ਜਿਨ੍ਹਾਂ ਆਪਣੇ ਸ਼ਹਿਰ ਕੰਜਰਪੁਣਾ ਕਰਨ ਆਏ ਲੋਕਾਂ ਨੂੰ ਰੋਕਣ ਜਾਂ ਟੋਕਣ ਦੀ ਕੋਸ਼ਿਸ਼ ਕੀਤੀ?

ਇਹ ਸਭ ਕੁਝ ਅੱਜ ਭਰੇ ਮਨ ਨਾਲ ਲਿਖਣਾ ਪੈ ਰਿਹੈ, ਕਿਉਂਕਿ ਕੰਜਰਪੁਣਾ ਕਰਨ ਵਾਲਿਆਂ ਪੱਕੀ ਸਹੁੰ ਪਾ ਲਈ ਹੈ ਕਿ ਕੋਈ ਜੋ ਮਰਜ਼ੀ ਤੇ ਜਿੰਨਾ ਮਰਜ਼ੀ ਕਹੇ, ਅਸੀਂ ਉਹੀ ਕਰਨੈ, ਜੀਹਦੇ ਨਾਲ ਕੁੜੀਆਂ-ਚਿੜੀਆਂ ਦੀ ਇੱਜ਼ਤ ਉਛਲ ਸਕਦੀ ਹੋਵੇ। ਬਜ਼ੁਰਗਾਂ ਦਾ ਆਖਣੈ, 'ਬਹੁਤੇ ਗਾਉਣ ਵਾਲੇ ਕੰਜਰ ਹੁੰਦੇ ਨੇ, ਇਨ੍ਹਾਂ ਦਾ ਕੋਈ ਦੀਨ-ਮਜਹਬ ਨਹੀਂ ਹੁੰਦਾ, ਸਟੇਜ 'ਤੇ ਇਨ੍ਹਾਂ ਪਹਿਲੇ ਗਾਣੇ ਵਿਚ ਇੱਕ ਵਾਰ 'ਵਾਹਿਗੁਰੂ' ਕਹਿ ਕੇ ਬਾਕੀ ਵੀਹਾਂ ਗੀਤਾਂ ਵਿਚ ਕੁੜੀ ਦੀ ਇੱਜ਼ਤ ਦੇ ਚੀਥੜੇ ਉਡਾਉਣੇ ਹੁੰਦੇ ਨੇ...ਸੋ ਜਿਹੜੇ ਤੁਹਾਡੀ ਸਟੇਜ 'ਤੇ ਜਾ ਕੇ, ਤੁਹਾਥੋਂ ਪੈਸੇ ਲੈ ਕੇ, ਤੁਹਾਡੀਆਂ ਧੀਆਂ-ਭੈਣਾਂ ਦੀ ਇੱਜ਼ਤ ਰੋਲਣ ਵਾਲੇ ਗਾਣੇ ਗਾਉਂਦੇ ਹੋਣ, ਉਨ੍ਹਾਂ ਤੋਂ ਚੰਗੇ ਦੀ ਆਸ ਕਿਵੇਂ ਕਰ ਸਕਦੇ ਓ।' ਤੇ ਅੱਜ ਬਜ਼ੁਰਗਾਂ ਦੀਆਂ ਕਹੀਆਂ ਇਹ ਗੱਲਾਂ ਸੌ ਫ਼ੀਸਦੀ ਸੱਚ ਵੀ ਸਾਬਤ ਹੋ ਰਹੀਆਂ ਨੇ।

ਇਨ੍ਹੀਂ ਦਿਨੀਂ ਸਭ ਦੇ ਘਰਾਂ ਵਿਚ ਚੈਨਲਾਂ ਜ਼ਰੀਏ 'ਪੜ੍ਹ ਗਈ ਬਾਰਾਂ, ਹੋ ਗਈ ਅਠਾਰਾਂ, ਨੀਂ ਹੁਣ ਤੇਰੀ ਫੁੱਲ ਚੜ੍ਹਾਈ ਆ' ਗੀਤ ਚੱਲ ਰਿਹੈ। ਕਿੰਨਿਆਂ ਦੀਆਂ ਹੀ ਕੁੜੀਆਂ-ਚਿੜੀਆਂ ਬਾਰ੍ਹਵੀਂ 'ਚ ਪੜ੍ਹਨ ਵਾਲੀਆਂ ਹੋਣਗੀਆਂ, ਕਿੰਨਿਆਂ ਦੀਆਂ ਧੀਆਂ-ਭੈਣਾਂ ਇਸ ਉਮਰ ਦੀਆਂ ਹੋਣਗੀਆਂ, ਪਰ ਗਾਣਾ ਸੁਣ ਸਭ ਚੁੱਪ ਨੇ, ਜਿਵੇਂ ਕੁਝ ਦੇਖਿਆ-ਸੁਣਿਆ ਹੀ ਨਾ ਹੋਵੇ। ਇਹ ਗਾਣਾ ਗਾਉਣ ਵਾਲੇ ਨੂੰ ਆਪਣੀ ਪੂਰੀ ਐਲਬਮ 'ਚੋਂ ਇਸ ਗੀਤ 'ਤੇ ਸਭ ਤੋਂ ਵੱਧ ਮਾਣ ਹੈ, ਕਿਉਂਕਿ ਉਸ ਦਾ ਤਰਕ ਹੈ ਕਿ ਨਵੇਂ ਦੌਰ 'ਚ ਇਹੋ ਜਹੇ ਗਾਣੇ ਹੀ ਸੁਣੀਂਦੇ ਨੇ। ਬਾਲਗ ਜਾਂ ਨਾਬਾਲਗ



ਕੁੜੀਆਂ ਨੂੰ ਅੱਯਾਸ਼ੀ ਵਾਲੀਆਂ ਮਸ਼ੀਨਾਂ ਵਜੋਂ ਪੇਸ਼ ਕਰੋ, ਇਨ੍ਹਾਂ ਨੂੰ ਸਕੂਲਾਂ ਵਿਚੋਂ ਹੀ ਚੁੱਕ ਲਵੋ, ਮੋਟਰਾਂ 'ਤੇ ਲੈ ਜਾਓ, ਉਥੇ ਸਮੂਹਿਕ ਨਜ਼ਾਰਿਆਂ ਦੀਆਂ ਗੱਲਾਂ ਕਰਕੇ ਸਭ ਦਾ ਚਿੱਤ ਪਰਚਾਓ, ਇਹੀ ਤਾਂ ਸਾਡਾ ਸਮਾਜ ਚਾਹੁੰਦੈ।

ਅਸੀਂ ਸ਼ਰੁਤੀ ਕਾਂਡ 'ਤੇ ਅਫ਼ਸੋਸ ਪ੍ਰਗਟਾਉਂਦੇ ਨਹੀਂ ਥੱਕਦੇ। ਕਹਿੰਦੇ ਹਾਂ ਕਿ ਨਿਸ਼ਾਨ ਸਿੰਘ ਵਰਗੇ ਵੱਡੇ ਘਰਾਂ ਦੇ ਵਿਗੜੇ ਕਾਕੇ ਆਪਣੇ ਸਾਥੀਆਂ ਨਾਲ ਘਰਾਂ 'ਚ ਵੜ ਕੇ ਕੁੜੀਆਂ ਅਗਵਾ ਕਰਨ ਲੱਗ ਗਏ ਨੇ, ਪਰ ਅਸੀਂ ਜਾਗਦੇ ਵੀ ਤਾਂ ਉਦੋਂ ਹੀ ਹਾਂ, ਜਦੋਂ ਸੇਕ ਨਾਲ ਝੁਲਸਣ ਲੱਗਦੇ ਹਾਂ। ਪੰਦਰਾਂ ਸਾਲ ਦੀ ਸ਼ਰੁਤੀ ਏ ਤੇ ਵੱਡੇ ਘਰ ਦਾ ਕਾਕਾ ਉਸ ਨੂੰ ਚੁੱਕ ਲਿਜਾਂਦਾ ਹੈ। ਇਸ ਕਹਾਣੀ ਨੂੰ ਅੱਜ ਦੇ ਗਾਣਿਆਂ 'ਚੋਂ ਲੱਭ ਕੇ ਦੇਖੀਏ ਤਾਂ ਦਰਜਨਾਂ ਗੀਤ ਸਾਡੇ ਕੰਨਾਂ 'ਚ ਗੂੰਜਣ ਲੱਗ ਜਾਂਦੇ ਨੇ, ਜਿਨ੍ਹਾਂ ਵਿਚ ਕਿਹਾ ਗਿਆ ਏ ਕਿ ਸੋਲਾਂ ਤੋਂ ਘੱਟ ਉਮਰ ਦੀ ਪੱਟ ਲੈਣ ਦੇ ਨਜ਼ਾਰੇ ਹੀ ਹੋਰ ਨੇ ਤੇ ਵੱਡੇ ਘਰਾਂ ਦੇ ਕਾਕੇ ਏਦਾਂ ਹੀ ਕੁੜੀਆਂ-ਚਿੜੀਆਂ ਨਾਲ ਚਿੱਤ ਪਰਚਾਉਂਦੇ ਨੇ। ਸਾਡੀ ਜਵਾਨੀ ਨੂੰ ਜਦੋਂ ਮਨੋਰੰਜਨ ਦੇ ਨਾਂ 'ਤੇ ਸਿੱਖਿਆ ਹੀ ਇਹ ਦਿੱਤੀ ਜਾਂਦੀ ਏ ਕਿ ਬਾਦਸ਼ਾਹਤ ਤਾਂ ਹੀ ਬਰਕਰਾਰ ਰਹਿ ਸਕਦੀ ਏ, ਜੇ ਧੱਕਾ ਕਰਨਾ ਸਿੱਖ ਜਾਈਏ, ਤਾਂ ਹੁਣ ਨਤੀਜੇ ਭੁਗਤਣ ਲਈ ਵੀ ਸਾਨੂੰ ਤਿਆਰ ਰਹਿਣਾ ਚਾਹੀਦੈ। ਪਹਿਲਾਂ ਐਮ.ਏ. 'ਚ ਪੜ੍ਹਦੀਆਂ ਕੁੜੀਆਂ ਬਾਰੇ ਗੀਤ ਗਾਏ ਜਾਂਦੇ ਸਨ, ਫੇਰ ਬੀ.ਏ. ਵਾਲੀਆਂ ਦੀ ਵਾਰੀ ਆ ਗਈ, ਹੁਣ ਬਾਰ੍ਹਵੀਂ ਵਾਲੀਆਂ ਦੀ ਆ ਗਈ ਏ, ਕੱਲ੍ਹ ਨੂੰ ਪੰਜਵੀਂ ਵਾਲੀਆਂ ਦੀ ਵੀ ਆ ਜਾਏਗੀ, ਪਰ ਅਸੀਂ ਉਜੱਡ ਪੰਜਾਬੀ ਇਨ੍ਹਾਂ ਗੱਲਾਂ ਦਾ ਨੁਕਸਾਨ ਉਦੋਂ ਮਹਿਸੂਸ ਕਰਾਂਗੇ, ਜਦੋਂ ਸਾਨੂੰ ਖੁਦ ਨੂੰ ਸੇਕ ਲੱਗੇਗਾ।

ਧਰਮ-ਕਰਮ ਦੇ ਨਾਂ 'ਤੇ ਸਿਰ ਪਾੜਨ ਅਤੇ ਖਾਲਿਸਤਾਨ ਦੇ ਨਾਅਰੇ ਲਾਉਣ ਵਾਲਿਆਂ ਨੂੰ ਕਦੇ ਇਹ ਕਿਉਂ ਨਹੀਂ ਦਿਸਦਾ ਕਿ ਕਿਸੇ ਵੀ ਧਰਮ ਦੀਆਂ ਨੀਂਹਾਂ ਏਨੀਆਂ ਖੋਖਲੀਆਂ ਨਹੀਂ, ਜਿੰਨੀਆਂ ਸਾਡੇ ਪੰਜਾਬੀ ਸੱਭਿਆਚਾਰ ਦੀਆਂ ਇਨ੍ਹਾਂ ਅਖੌਤੀ ਤੇ ਘਟੀਆ ਕਿਸਮ ਦੇ ਗਾਇਕਾਂ ਨੇ ਕਰ ਦਿੱਤੀਆਂ ਨੇ।

ਕਈ ਲੋਕਾਂ ਦੇ ਫੋਨ ਆਉਂਦੇ ਨੇ ਕਿ 'ਇਸਤਰੀ ਜਾਗ੍ਰਿਤੀ ਮੰਚ' ਵਾਲੀਆਂ ਬੀਬੀਆਂ ਨੇ ਹੁਣ ਗਾਉਣ ਵਾਲਿਆਂ ਖਿਲਾਫ਼ ਆਵਾਜ ਚੁੱਕਣੀ ਬੰਦ ਕਰ ਦਿੱਤੀ ਏ, ਇਹਦਾ ਕੀ ਕਾਰਨ ਹੋਇਆ? ਕਿਤੇ ਉਨ੍ਹਾਂ ਨੇ ਵੀ ਤਾਂ ਸਮਝੌਤਾ ਨਹੀਂ ਕਰ ਲਿਆ? ਪਰ ਇਨ੍ਹਾਂ ਫੋਨ ਕਰਨ ਵਾਲਿਆਂ ਨੂੰ ਕੌਣ ਸਮਝਾਵੇ ਕਿ ਇਨ੍ਹਾਂ ਬੀਬੀਆਂ ਨੇ ਕਿਸੇ ਦਾ ਲੇਖਾ ਤਾਂ ਨਹੀਂ ਦੇਣਾ ਕਿ ਬੱਸਾਂ, ਟਰੱਕ ਕਿਰਾਏ 'ਤੇ ਕਰਕੇ ਗਾਉਣ ਵਾਲਿਆਂ ਦੇ ਘਰਾਂ ਮੂਹਰੇ ਫਿਰਦੀਆਂ ਰਹਿਣ। ਉਨ੍ਹਾਂ ਦਾ ਸੰਘਰਸ਼ ਤਾਂ ਸਾਨੂੰ ਜਗਾਉਣ ਲਈ ਸੀ, ਇਹ ਦੱਸਣ ਲਈ ਸੀ ਕਿ ਅਸੀਂ ਔਰਤਾਂ ਹੋ ਕੇ ਜੇ ਮੂਹਰੇ ਲੱਗ ਸਕਦੀਆਂ ਹਾਂ ਤਾਂ ਤੁਹਾਡੇ ਕੀ ਵੰਗਾਂ ਪਾਈਆਂ ਹੋਈਆਂ ਨੇ ਤੇ ਅਸੀਂ ਸਾਰਾ ਮਸਲਾ ਹੀ ਬੀਬੀਆਂ 'ਤੇ ਸੁੱਟ ਦਿੱਤਾ ਕਿ 'ਤੁਸੀਂ ਏਦਾਂ ਲੱਗੀਆਂ ਰਹੋ, ਤੁਹਾਡੇ ਸਦਕੇ ਜਾਈਏ।'

ਥੋੜ੍ਹੇ ਸਮੇਂ ਤੱਕ ਪੰਜਾਬ ਦੇ ਇੱਕ ਹੋਰ ਕਲਾਕਾਰ ਦਾ ਗੀਤ ਰਿਲੀਜ਼ ਹੋਵੇਗਾ ਤੇ ਉਸ ਨੇ ਉਹਦੇ ਵਿਚ 'ਤੇਰੀ ਭੈਣ ਦੀ...' ਵਰਗੀਆਂ ਗਾਲ੍ਹਾਂ ਸ਼ਰੇਆਮ ਕੱਢੀਆਂ ਨੇ। ਉਹਦਾ ਗਾਣਾ ਚੱਲੇਗਾ, ਸਭ ਸੁਣਨਗੇ, ਇੱਕ-ਦੂਜੇ ਨਾਲ ਸਲਾਹ-ਮਸ਼ਵਰੇ ਵੀ ਹੋਣਗੇ, 'ਕਮਾਲ ਕਰ'ਤੀ ਸਿੱਧੀ ਗਾਲ੍ਹ ਕੱਢ ਕੇ...ਬੰਦਾ ਦਲੇਰ ਐ' ਆਖ ਕੇ ਸਭ ਚਟਕਾਰੇ ਲੈਣਗੇ, ਤੇ ਗਾਉਣ ਵਾਲਾ ਸਮਝ ਜਾਵੇਗਾ ਕਿ ਅਗਲੀ ਐਲਬਮ 'ਚ ਭੈਣ ਦੀ ਗਾਲ੍ਹ ਦੀ ਦੇ ਨਾਲ-ਨਾਲ ਮਾਂਵਾਂ ਦੀਆਂ ਗਾਲਾਂ ਵੀ ਕੱਢ ਲਈਆਂ ਜਾਣ, ਕਿਉਂਕਿ ਪੰਜਾਬੀ ਸੁਣਨਾ ਵੀ ਇਹੀ ਕੁਝ ਚਾਹੁੰਦੇ ਨੇ।

ਇੱਕ ਦਿਨ ਕਿਸੇ ਸਟੂਡੀਓ 'ਚ ਜਾਣ ਦਾ ਮੌਕਾ ਮਿਲਿਆ ਤਾਂ ਰਿਕਾਰਡਿੰਗ ਕਰਨ ਵਾਲੇ ਮੁੰਡੇ ਨੇ ਇੱਕ ਕਲਾਕਾਰ ਦੇ ਰਿਕਾਰਡ ਹੋਏ ਤਿੰਨ ਕੁ ਗੀਤਾਂ ਦੇ ਬੋਲ ਸੁਣਾਏ। ਗਾਉਣ ਵਾਲੇ ਨੇ 'ਧੀ ਦੀ, ਭੈਣ ਦੀ, ਮਾਂ ਦੀ...ਕੁੱਤੀ, ਕੰਜਰੀ, ਇਹਨੂੰ ਢਾਹ ਲਵੋ, ਲੰਮੀ ਪਾ ਲਵੋ, ਸਮੇਤ ਪਤਾ ਨਹੀਂ ਕੀ-ਕੀ ਕੁਝ ਮੁਟਿਆਰ ਨੂੰ ਗਾਣਿਆਂ ਜ਼ਰੀਏ ਕਿਹਾ ਸੀ।' ਰਿਕਾਰਡਿਸਟ ਨੇ ਦੱਸਿਆ ਕਿ ਅਸੀਂ ਗਵੱਈਏ ਨੂੰ ਕਿਹਾ ਕਿ ਤੁਹਾਡਾ ਵਿਰੋਧ ਹੋਵੇਗਾ, ਏਦਾਂ ਦਾ ਨਾ ਗਾਓ, ਮਾੜਾ-ਮੋਟਾ ਗੰਦ ਪਾ ਲਵੋ, ਕਿਤੇ ਤੁਹਾਨੂੰ ਕਿਸੇ ਦੇ ਰੋਹ ਦਾ ਸ਼ਿਕਾਰ ਨਾ ਬਣਨਾ ਪੈ ਜਾਵੇ ਪਰ ਗਾਇਕ ਨੇ ਸਾਫ਼ ਕਿਹਾ, 'ਪੈਣ ਦਿਓ ਰੌਲਾ, ਸਾਲੇ ਰੱਬ ਵਰਗੇ ਸਰੋਤੇ ਚਾਹੁੰਦੇ ਵੀ ਤਾਂ ਇਹੀ ਕੁਝ ਨੇ, ਜਿੰਨਾ ਚਿਰ ਇਨ੍ਹਾਂ ਨੂੰ ਚੁਭਣ ਵਾਲੀ ਗੱਲ ਨਾ ਕਰਾਂਗੇ, ਇਨ੍ਹਾਂ ਨੇ ਗਾਣਾ ਸੁਣਨਾ ਥੋੜ੍ਹੀ ਏ।' ਨਾਲ ਹੀ ਰਿਕਾਰਡਿੰਗ ਵਾਲੇ ਨੇ ਦੱਸਿਆ ਕਿ ਇਹ ਗਾਇਕ ਇਸ ਗੱਲ 'ਤੇ ਸ਼ਰਤ ਲਾਉਣ ਲਈ ਵੀ ਤਿਆਰ ਹੈ ਕਿ ਉਹਦੀ ਇਸ ਐਲਬਮ ਦੇ ਗੀਤ ਹਰ ਗੱਡੀ, ਮੋਬਾਇਲ ਅਤੇ ਮੋਟਰ 'ਤੇ ਵੱਜਣਗੇ, ਕਿਉਂਕਿ ਗੰਦੀ ਮਾਨਸਿਕਤਾ ਵਾਲੇ ਪੰਜਾਬੀਆਂ ਨੂੰ ਚਾਹੀਦਾ ਇਹੀ ਕੁਝ ਏ।'

ਹੁਣ ਦੱਸੋ, ਧਰਮ ਨਾਲੋਂ ਵੱਡਾ ਮਸਲਾ ਸੱਭਿਆਚਾਰ ਦਾ ਏ ਕਿ ਨਹੀਂ? ਸਾਨੂੰ ਗੋਲਕਾਂ ਪਿੱਛੇ ਲੜਨਾ ਛੱਡ ਕੇ ਨੰਗੇ ਗੀਤ ਗਾਉਣ ਵਾਲਿਆਂ ਖਿਲਾਫ਼ ਡਟਣਾ ਚਾਹੀਦਾ ਏ ਕਿ ਨਹੀਂ? ਸਾਨੂੰ ਹਿੰਦੂ-ਸਿੱਖ ਦਾ ਪੁਆੜਾ ਖਤਮ ਕਰਕੇ ਗ਼ੈਰਤਮੰਦ ਪੰਜਾਬੀ ਸਾਬਤ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਏ ਕਿ ਨਹੀਂ?

ਸਭ ਤੋਂ ਹੈਰਾਨੀ ਨੰਨ੍ਹੀ ਛਾਂ ਮੁਹਿੰਮ ਚਲਾਉਣ ਵਾਲੀ ਸਰਕਾਰ 'ਤੇ ਹੁੰਦੀ ਏ। ਕਿੰਨੀ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਏ ਕਿ ਧੀਆਂ ਬਚਾਓ, ਇਨ੍ਹਾਂ ਨੂੰ ਪੈਦਾ ਹੋਣ ਦਾ ਹੱਕ ਦਿਓ। ਪਰ ਜਵਾਨ ਹੋ ਰਹੀਆਂ ਧੀਆਂ ਦੀ ਆਬਰੂ ਬਚਾਉਣ ਲਈ ਕਿਹੜਾ ਮੰਤਰੀ ਜਾਂ ਮਹਿਕਮਾ ਅੱਗੇ ਆ ਰਿਹਾ ਏ। ਕਦੇ ਕਿਸੇ ਨੇ ਇਹ ਗੱਲ ਕਹੀ ਕਿ ਗਾਣਿਆਂ, ਸੀਰੀਅਲਾਂ, ਫ਼ਿਲਮਾਂ ਤੇ ਮਨੋਰੰਜਨ ਦੇ ਹੋਰ ਸਾਧਨਾਂ ਜ਼ਰੀਏ ਅੱਯਾਸ਼ ਸੋਚ ਪੇਸ਼ ਕਰਨ ਵਾਲਿਆਂ ਅਤੇ ਪੰਜਾਬ ਦੀਆਂ ਧੀਆਂ ਪ੍ਰਤੀ ਗੰਦੀ ਧਾਰਨਾ ਪੈਦਾ ਕਰਨ ਵਾਲਿਆਂ ਨੂੰ ਲੰਮੇ ਹੱਥੀਂ ਲਿਆ ਜਾਵੇਗਾ? ਨਹੀਂ, ਇੰਜ ਕਿਸੇ ਨੇ ਨਹੀਂ ਕਹਿਣਾ। ਜੇ ਇੰਜ ਕਹਿ ਦਿੱਤਾ ਤਾਂ ਰੈਲੀਆਂ 'ਤੇ ਗਵੱਈਏ ਨਹੀਂ ਪਹੁੰਚਣੇ, ਫਿਰ ਨੁਕਸਾਨ ਮੰਤਰੀਆਂ ਦਾ, ਪਾਰਟੀਆਂ ਦਾ ਹੋਵੇਗਾ।

ਅਸੀਂ ਚੌਕੀਦਾਰਾਂ ਵਾਂਗ ਆਪਣੀ ਡਿਊਟੀ ਕਰੀ ਜਾ ਰਹੇ ਹਾਂ, ਕੋਈ ਸੁਣੇ ਜਾਂ ਨਾ। ਜਿਹੜੇ ਸਾਨੂੰ 'ਸ਼ਾਬਾਸ਼' ਦਿੰਦੇ ਨੇ, ਉਨ੍ਹਾਂ ਨੂੰ ਹੱਥ ਜੋੜ ਕੇ ਗੁਜ਼ਾਰਿਸ਼ ਹੈ ਕਿ ਕੁਝ ਖੁਦ ਵੀ ਕਰੋ, 'ਕੱਲੀ ਰਾਏ ਦੇਣ ਨਾਲ ਨਾ ਤਾਂ ਅੱਜ ਤੱਕ ਕੁਝ ਬਣਿਆ ਏ ਤੇ ਨਾ ਹੀ ਬਣਨਾ ਏ।

## ਕਹਾਣੀ

# ਮੰਤਰ

***ਉਰਦੂ ਅਫਸਾਨਾਨਿਗਾਰ ਸਆਦਤ ਹਸਨ ਮੰਟੋ (11 ਮਈ 1912 ਤੋਂ 18 ਜਨਵਰੀ 1955) ਦੀ ਜਨਮ ਸ਼ਤਾਬਦੀ ਮੌਕੇ ਅਸੀਂ ਉਨ੍ਹਾਂ ਦੀਆਂ ਅਤੇ ਉਨ੍ਹਾਂ ਬਾਰੇ ਲਿਖੀਆਂ ਕਈ ਰਚਨਾਵਾਂ ਆਪਣੇ ਪਾਠਕਾਂ ਦੀ ਨਜ਼ਰ ਕੀਤੀਆਂ ਹਨ। ਇਸ ਵਾਰ ਉਨ੍ਹਾਂ ਦੀ ਕਹਾਣੀ 'ਮੰਤਰ' ਛਾਪ ਰਹੇ ਹਾਂ। ਇਹ ਕਹਾਣੀ, ਕਹਾਣੀ-ਸ਼ਿਲਪ ਦੀ ਉਮਦਾ ਮਿਸਾਲ ਹੈ। ਨਾਲ ਹੀ ਇੰਨੀ ਸਹਿਜ ਕਿ ਦਿਲ ਅਸ਼ ਅਸ਼ ਕਰ ਉਠਦਾ ਹੈ। ਇਸ ਪੱਖੋਂ ਕਹਾਣੀ ਕਹਿਣ ਦਾ ਮੰਟੋ ਦਾ ਕੋਈ ਮੁਕਾਬਲਾ ਨਹੀਂ। ਉਹਦੇ ਪਾਤਰਾਂ ਦੀਆਂ ਰਮਜ਼ਾਂ ਸਿੱਧੀਆਂ ਦਿਲ ਦੀਆਂ ਗੱਲਾਂ ਕਰਦੀਆਂ ਹਨ। ਇਹ ਅਰੁਕ ਸਿਲਸਿਲਾ ਰਚਨਾ ਦੇ ਅਖੀਰ ਤੱਕ ਬਰਕਰਾਰ ਰਹਿੰਦਾ ਹੈ। 'ਮੰਤਰ' ਕਹਾਣੀ ਦਾ ਅਨੁਵਾਦ ਡਾ. ਰਘਬੀਰ ਸਿੰਘ (ਸਿਰਜਣਾ) ਨੇ ਕੀਤਾ ਹੈ। -ਸੰਪਾਦਕ***

**ਸਆਦਤ ਹਸਨ ਮੰਟੋ**
**ਅਨੁਵਾਦ: ਡਾ. ਰਘਬੀਰ ਸਿੰਘ**

ਨੰਨ੍ਹਾ ਰਾਮ ਨੰਨ੍ਹਾ ਤਾਂ ਸੀ ਪਰ ਸ਼ਰਾਰਤਾਂ ਦੇ ਲਿਹਾਜ਼ ਨਾਲ ਬਹੁਤ ਵੱਡਾ ਸੀ। ਚਿਹਰੇ ਤੋਂ ਬੇਹੱਦ ਭੋਲਾ ਭਾਲਾ ਜਾਪਦਾ। ਕੋਈ ਨਕਸ਼ ਅਜਿਹਾ ਨਹੀਂ ਸੀ ਜਿਸ ਤੋਂ ਸ਼ੋਖੀ ਦਾ ਪਤਾ ਲਗਦਾ ਹੋਵੇ। ਉਸ ਦੇ ਸਰੀਰ ਦਾ ਹਰ ਅੰਗ ਭੱਦੇਪਣ ਦੀ ਹਾਲਤ ਤਕ ਮੋਟਾ ਸੀ। ਜਦੋਂ ਤੁਰਦਾ ਤਾਂ ਇਉਂ ਲਗਦਾ ਜਿਵੇਂ ਫੁੱਟਬਾਲ ਲੁੜ੍ਹਕ ਰਿਹਾ ਹੈ। ਉਮਰ ਮੁਸ਼ਕਿਲ ਨਾਲ ਅੱਠ ਵਰ੍ਹਿਆਂ ਦੀ ਹੋਵੇਗੀ, ਮਗਰ ਅੰਤਾਂ ਦਾ ਜ਼ਹੀਨ ਤੇ ਚਲਾਕ ਸੀ। ਐਪਰ ਉਸ ਦੀ ਜ਼ਹਾਨਤ ਤੇ ਚਲਾਕੀ ਦਾ ਪਤਾ ਉਸ ਦੀ ਸ਼ਕਲ-ਸੂਰਤ ਤੋਂ ਲਾਉਣਾ ਬਹੁਤ ਮੁਸ਼ਕਿਲ ਸੀ। ਰਾਮ ਦੇ ਪਿਤਾ ਮਿਸਟਰ ਰਾਮਾ ਸ਼ੰਕਰ ਅਚਾਰੀਆ ਐਮ.ਏ. ਐਲ.ਐਲ.ਬੀ. ਕਿਹਾ ਕਰਦੇ ਸਨ, "ਮੂੰਹ ਵਿਚ ਰਾਮ ਰਾਮ ਅਤੇ ਬਗ਼ਲ ਵਿਚ ਛੁਰੀ" ਵਾਲੀ ਮਿਸਾਲ ਇਸ ਰਾਮ ਲਈ ਹੀ ਬਣਾਈ ਗਈ ਹੈ।

ਰਾਮ ਦੇ ਮੂੰਹ ਤੋਂ ਰਾਮ ਰਾਮ ਤਾਂ ਕਿਸੇ ਨੇ ਸੁਣਿਆ ਨਹੀਂ ਸੀ। ਹਾਂ, ਉਸ ਦੀ ਬਗ਼ਲ ਵਿਚ ਛੁਰੀ ਦੀ ਥਾਂ ਇਕ ਛੋਟੀ ਜਿਹੀ ਛੜੀ ਜ਼ਰੂਰ ਹੁੰਦੀ ਸੀ ਜਿਸ ਨਾਲ ਉਹ ਕਦੇ ਕਦੇ ਡਗਲਸ ਫੇਅਰਬੈਂਕਸ ਯਾਨਿ ਬਗ਼ਦਾਦੀ ਚੋਰ ਦੀ ਤਲਵਾਰਬਾਜ਼ੀ ਦੀ ਨਕਲ ਕਰਿਆ ਕਰਦਾ ਸੀ।

ਜਦੋਂ ਰਾਮ ਦੀ ਮਾਂ ਮਿਸਿਜ਼ ਰਾਮਾ ਸ਼ੰਕਰ ਅਚਾਰੀਆ ਉਸ ਨੂੰ ਕੰਨਾਂ ਤੋਂ ਫੜ ਕੇ ਉਸ ਦੇ ਬਾਪ ਦੇ ਸਾਹਮਣੇ ਲਿਆਈ ਤਾਂ ਉਹ ਬਿਲਕੁਲ ਖਾਮੋਸ਼ ਸੀ। ਅੱਖਾਂ ਖੁਸ਼ਕ ਸਨ। ਉਸ ਦਾ ਇਕ ਕੰਨ ਜੋ ਮਾਂ ਦੇ ਹੱਥ ਵਿਚ ਸੀ, ਦੂਜੇ ਕੰਨ ਨਾਲੋਂ ਵੱਡਾ ਜਾਪਦਾ ਸੀ। ਉਹ ਮੁਸਕਰਾ ਰਿਹਾ ਸੀ ਪਰ ਉਸ ਦੀ ਮੁਸਕਰਾਹਟ ਵਿਚ ਅੰਤਾਂ ਦਾ ਭੋਲਾਪਣ ਸੀ। ਮਾਂ ਦਾ ਚਿਹਰਾ ਗੁੱਸੇ ਨਾਲ ਲਾਲ ਪੀਲ਼ਾ ਹੋਇਆ ਪਿਆ ਸੀ। ਜਦਕਿ ਉਸ ਦੇ ਚਿਹਰੇ ਤੋਂ ਲਗਦਾ ਸੀ ਕਿ ਉਹ ਆਪਣੀ ਮਾਂ ਨਾਲ ਖੇਡ ਰਿਹਾ ਹੈ ਅਤੇ ਆਪਣੇ ਕੰਨ ਨੂੰ ਮਾਂ ਦੇ ਹੱਥ ਵਿਚ ਦੇ ਕੇ ਇਕ ਖਾਸ ਕਿਸਮ ਦਾ ਸੁਆਦ ਲੈ ਰਿਹਾ ਹੈ ਜਿਸ ਨੂੰ ਉਹ ਦੂਜਿਆਂ ਅੱਗੇ ਜ਼ਾਹਿਰ ਨਹੀਂ ਕਰਨਾ ਚਾਹੁੰਦਾ।

ਜਦ ਰਾਮ ਮਿਸਟਰ ਸ਼ੰਕਰ ਆਚਾਰੀਆ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਹ ਆਰਾਮ ਕੁਰਸੀ ਉਤੇ ਨਿੱਠ ਕੇ ਬੈਠ ਗਏ ਕਿ ਇਸ ਨਾਲਾਇਕ ਦੇ ਕੰਨ ਖਿੱਚਣ। ਹਾਲਾਂਕਿ ਉਹ ਉਸ ਦੇ ਕੰਨ ਖਿੱਚ ਖਿੱਚ ਕੇ ਕਾਫੀ ਜ਼ਿਆਦਾ ਲੰਮੇ ਕਰ ਚੁੱਕੇ ਸਨ ਤੇ ਉਸ ਦੀਆਂ ਸ਼ਰਾਰਤਾਂ ਵਿਚ ਕੋਈ ਫਰਕ ਨਹੀਂ ਆਇਆ ਸੀ। ਉਹ ਅਦਾਲਤ ਵਿਚ ਕਾਨੂੰਨ ਦੇ ਜ਼ੋਰ ਨਾਲ ਬਹੁਤ ਕੁਝ ਕਰ ਲੈਂਦੇ ਸਨ ਪਰ ਇਥੇ ਛੋਟੇ ਜਿਹੇ ਬੱਚੇ ਦੇ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਚਲਦੀ।

ਇਕ ਵਾਰ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਿਸੇ ਸ਼ਰਾਰਤ ਉਤੇ ਉਸ ਨੂੰ ਪਰਮੇਸ਼ਰ ਦੇ ਨਾਂ 'ਤੇ ਡਰਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ, "ਦੇਖ ਰਾਮ, ਤੂੰ ਚੰਗਾ ਮੁੰਡਾ ਬਣ ਜਾਹ, ਨਹੀਂ ਤਾਂ ਮੈਨੂੰ ਡਰ ਹੈ ਪਰਮੇਸ਼ਰ ਤੇਰੇ ਨਾਲ ਖਫਾ ਹੋ ਜਾਣਗੇ।"

ਰਾਮ ਨੇ ਜਵਾਬ ਦਿੱਤਾ ਸੀ, "ਤੁਸੀਂ ਵੀ ਤਾਂ ਖਫਾ ਹੁੰਦੇ ਹੀ ਹੋ ਤੇ ਮੈਂ ਤੁਹਾਨੂੰ ਮਨਾ ਲੈਂਦਾ ਹਾਂ।" ਅਤੇ ਫਿਰ ਥੋੜ੍ਹੀ ਦੇਰ ਸੋਚਣ ਬਾਅਦ ਉਸ ਨੇ ਪੁੱਛਿਆ ਸੀ, "ਬਾਪੂ ਜੀ, ਇਹ ਪਰਮੇਸ਼ਰ ਕੌਣ ਹਨ?"

ਮਿਸਟਰ ਸ਼ੰਕਰ ਅਚਾਰੀਆ ਨੇ ਉਸ ਨੂੰ ਸਮਝਾਉਣ ਲਈ ਜਵਾਬ ਦਿੱਤਾ ਸੀ, "ਭਗਵਾਨ, ਹੋਰ ਕੌਣ। ਸਾਡੇ ਸਭ ਤੋਂ ਵੱਡੇ।"

"ਇਸ ਮਕਾਨ ਜਿੱਡੇ।"

"ਇਸ ਤੋਂ ਵੀ ਵੱਡੇ। ਦੇਖ ਹੁਣ ਤੂੰ ਕੋਈ ਸ਼ਰਾਰਤ ਨਾ ਕਰੀਂ, ਨਹੀਂ ਤਾਂ ਉਹ ਤੈਨੂੰ ਮਾਰ ਸੁੱਟਣਗੇ।" ਮਿਸਟਰ ਸ਼ੰਕਰ ਅਚਾਰੀਆ ਨੇ ਆਪਣੇ ਬੇਟੇ ਨੂੰ ਭੈਅ ਭੀਤ ਕਰਨ ਲਈ ਪਰਮੇਸ਼ਰ ਨੂੰ ਕੁਝ ਜ਼ਿਆਦਾ ਹੀ ਡਰਾਉਣੀ ਸ਼ਕਲ ਵਿਚ ਪੇਸ਼ ਕਰਨ ਪਿੱਛੋਂ ਇਹ ਖਿਆਲ ਕਰ ਲਿਆ ਸੀ ਕਿ ਹੁਣ ਰਾਮ ਸੁਧਰ ਜਾਵੇਗਾ, ਕੋਈ ਸ਼ਰਾਰਤ ਨਹੀਂ ਕਰੇਗਾ। ਐਪਰ ਰਾਮ ਨੇ ਜੋ ਇਸ ਵਕਤ ਖਾਮੋਸ਼ ਬੈਠਾ ਸੀ ਤੇ ਆਪਣੇ ਜ਼ਿਹਨ ਦੀ ਤੱਕੜੀ ਵਿਚ ਪਰਮੇਸ਼ਰ ਨੂੰ ਤੋਲ ਰਿਹਾ ਸੀ, ਕੁਝ ਦੇਰ ਵਿਚਾਰ ਕਰਨ ਪਿੱਛੋਂ ਜਦ ਬੜੇ ਭੋਲ਼ੇਪਣ ਨਾਲ ਕਿਹਾ ਸੀ, "ਬਾਪੂ ਜੀ, ਤੁਸੀਂ ਮੈਨੂੰ ਪਰਮੇਸ਼ਰ ਦਿਖਾ ਦਿਉ", ਤਾਂ ਮਿਸਟਰ ਸ਼ੰਕਰ ਅਚਾਰੀਆ ਦੀ ਸਾਰੀ ਕਾਨੂੰਨਦਾਨੀ ਤੇ ਵਕਾਲਤ ਧਰੀ ਦੀ ਧਰੀ ਰਹਿ ਗਈ ਸੀ।

ਕਿਸੇ ਮੁਕੱਦਮੇ ਦਾ ਹਵਾਲਾ ਦੇਣਾ ਹੁੰਦਾ ਤਾਂ ਉਹ ਉਸ ਨੂੰ ਫਾਈਲ ਕੱਢ ਕੇ ਦਿਖਾ ਦਿੰਦੇ ਜਾਂ ਜੇ ਕੋਈ ਭਾਰਤੀ ਦੰਡਾਵਲੀ ਦੀ ਕਿਸੇ ਧਾਰਾ ਸੰਬੰਧੀ ਸਵਾਲ ਕਰਦਾ ਤਾਂ ਉਹ ਆਪਣੀ ਮੇਜ਼ ਤੋਂ ਉਹ ਮੋਟੀ ਕਿਤਾਬ ਚੁੱਕ ਕੇ ਖੋਲ੍ਹਣਾ ਸ਼ੁਰੂ ਕਰ ਦਿੰਦੇ ਜਿਸ ਦੀ ਜਿਲਦ 'ਤੇ ਉਨ੍ਹਾਂ ਦੇ ਇਸ ਮੁੰਡੇ ਨੇ ਚਾਕੂ ਨਾਲ ਬੇਲ ਬੂਟੇ ਬਣਾ ਰੱਖੇ ਸਨ। ਐਪਰ ਉਹ ਪਰਮੇਸ਼ਰ ਨੂੰ ਫੜ ਕੇ ਕਿੱਥੋਂ ਲਿਆਉਂਦੇ ਜਿਸ ਬਾਰੇ ਉਨ੍ਹਾਂ ਨੂੰ ਖੁਦ ਵੀ ਪਤਾ ਨਹੀਂ ਸੀ ਕਿ ਉਹ ਕੀ ਹੈ, ਕਿੱਥੇ ਰਹਿੰਦਾ ਹੈ ਤੇ ਕੀ ਕਰਦਾ ਹੈ!

ਜਿਸ ਤਰ੍ਹਾਂ ਉਨ੍ਹਾਂ ਨੂੰ ਪਤਾ ਸੀ ਕਿ ਧਾਰਾ 329 ਚੋਰੀ ਦੇ ਮਾਮਲੇ ਵਿਚ ਲਾਗੂ ਹੁੰਦੀ ਹੈ, ਇਸੇ ਤਰ੍ਹਾਂ ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਮਾਰਨ ਤੇ ਪੈਦਾ ਕਰਨ ਵਾਲੇ ਨੂੰ ਪਰਮੇਸ਼ਰ ਕਹਿੰਦੇ ਹਨ। ਤੇ ਜਿਸ ਤਰ੍ਹਾਂ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਜਿਸ ਦੇ ਕਾਨੂੰਨ ਬਣੇ ਹੋਏ ਹਨ, ਦੀ ਅਸਲੀਅਤ ਕੀ ਹੈ, ਠੀਕ ਇਸੇ ਤਰ੍ਹਾਂ ਉਨ੍ਹਾਂ ਨੂੰ ਪਰਮੇਸ਼ਰ ਦੀ ਅਸਲੀਅਤ ਦਾ ਪਤਾ ਨਹੀਂ ਸੀ। ਉਹ ਐਮ.ਏ. ਐਲ.ਐਲ.ਬੀ. ਤਾਂ ਸਨ ਪਰ ਇਹ ਡਿਗਰੀ ਉਨ੍ਹਾਂ ਨੇ ਅਜਿਹੀਆਂ ਉਲਝਣਾਂ ਵਿਚ ਫਸਣ ਲਈ ਨਹੀਂ ਸਗੋਂ ਦੌਲਤ ਕਮਾਉਣ ਲਈ ਹਾਸਲ ਕੀਤੀ ਸੀ। ਉਹ ਰਾਮ ਨੂੰ ਪਰਮੇਸ਼ਰ ਨਾ ਦਿਖਾ ਸਕੇ ਅਤੇ ਨਾ ਉਸ ਨੂੰ ਕੋਈ ਢੁਕਵਾਂ ਜਵਾਬ ਹੀ ਦੇ ਸਕੇ। ਇਸ ਲਈ ਕਿ ਇਹ ਸਵਾਲ ਹੀ ਕੁਝ ਇਸ ਤਰ੍ਹਾਂ ਅਚਾਨਕ ਤੌਰ 'ਤੇ ਕੀਤਾ ਗਿਆ ਸੀ ਕਿ ਉਨ੍ਹਾਂ ਦਾ ਦਿਮਾਗ਼ ਬਿਲਕੁਲ ਖਾਲੀ ਹੋ ਗਿਆ ਸੀ। ਉਹ ਸਿਰਫ ਇਹੀ ਕਹਿ ਸਕੇ ਸਨ, "ਜਾਹ ਰਾਮ, ਮੇਰਾ ਦਿਮਾਗ਼ ਨਾ ਚੱਟ, ਮੈਂ ਬਹੁਤ ਕੰਮ ਕਰਨਾ ਹੈ।"

ਇਸ ਸਮੇਂ ਉਨ੍ਹਾਂ ਨੇ ਕੰਮ ਸੱਚਮੁੱਚ ਬਹੁਤ ਕਰਨਾ ਸੀ ਪਰ ਉਹ ਆਪਣੀਆਂ ਪੁਰਾਣੀਆਂ ਹਾਰਾਂ ਭੁੱਲ ਕੇ ਝੱਟ ਹੀ ਇਸ ਮੁਕੱਦਮੇ ਦਾ ਫੈਸਲਾ ਕਰ ਦੇਣਾ ਚਾਹੁੰਦੇ ਸਨ। ਉਨ੍ਹਾਂ ਨੇ ਰਾਮ ਵੱਲ ਕੈਰੀਆਂ ਨਿਗਾਹਾਂ ਨਾਲ ਦੇਖ ਕੇ ਆਪਣੀ ਧਰਮ ਪਤਨੀ ਨੂੰ ਕਿਹਾ, "ਅੱਜ ਇਸ ਨੇ ਕਿਹੜੀ ਨਵੀਂ ਸ਼ਰਾਰਤ ਕੀਤੀ ਹੈ, ਮੈਨੂੰ ਛੇਤੀ ਦੱਸ, ਮੈਂ ਅੱਜ ਇਹਨੂੰ ਡਬਲ ਸਜ਼ਾ ਦੇਵਾਂਗਾ।"

ਮਿਸਿਜ਼ ਅਚਾਰੀਆ ਨੇ ਰਾਮ ਦਾ ਕੰਨ ਛੱਡ ਦਿੱਤਾ ਤੇ ਕਿਹਾ, "ਇਸ ਮੋਟੇ ਨੇ ਤਾਂ ਜੀਣਾ ਦੁੱਭਰ ਕਰ ਰੱਖਿਆ ਹੈ, ਜਦੋਂ ਦੇਖੋ ਨੱਚਣਾ, ਟੱਪਣਾ। ਨਾ ਆਏ ਦੀ ਸ਼ਰਮ, ਨਾ ਗਏ ਦਾ ਲਿਹਾਜ਼। ਸਵੇਰ ਤੋਂ ਮੈਨੂੰ ਸਤਾ ਰਿਹਾ ਹੈ। ਕਈ ਵਾਰ ਕੁਟਾਪਾ ਚਾੜ੍ਹ ਚੁੱਕੀ ਹਾਂ, ਪਰ ਇਹ ਆਪਣੀਆਂ ਸ਼ਰਾਰਤਾਂ ਤੋਂ ਬਾਜ਼ ਨਹੀਂ ਆਉਂਦਾ। ਰਸੋਈ ਵਿਚੋਂ ਦੋ ਕੱਚੇ ਟਮਾਟਰ ਚੁੱਕ ਕੇ ਖਾ ਗਿਆ ਹੈ, ਹੁਣ ਮੈਂ ਸਲਾਦ ਵਿਚ ਇਹਦਾ ਸਿਰ ਪਾਵਾਂ।"

ਇਹ ਸੁਣ ਕੇ ਮਿਸਟਰ ਰਾਮਾ ਸ਼ੰਕਰ ਨੂੰ ਧੱਕਾ ਜਿਹਾ ਲੱਗਿਆ। ਉਹ ਖਿਆਲ ਕਰ ਰਹੇ ਸਨ ਕਿ ਰਾਮ ਖਿਲਾਫ ਕੋਈ ਸੰਗੀਨ ਇਲਜ਼ਾਮ ਹੋਵੇਗਾ ਪਰ ਇਹ ਸੁਣ ਕੇ ਕਿ ਉਸ ਨੇ ਰਸੋਈ ਵਿਚੋਂ ਸਿਰਫ ਦੋ ਕੱਚੇ ਟਮਾਟਰ ਚੁੱਕ ਕੇ ਖਾਧੇ ਹਨ, ਉਨ੍ਹਾਂ ਨੂੰ ਬਹੁਤ ਨਿਰਾਸ਼ਾ ਹੋਈ। ਰਾਮ ਨੂੰ ਝਿੜਕਣ-ਝਾੜਨ ਦੀ ਉਨ੍ਹਾਂ ਦੀ ਸਾਰੀ ਤਿਆਰੀ ਇਕਦਮ ਠੰਢੀ ਪੈ ਗਈ। ਉਨ੍ਹਾਂ ਨੂੰ ਇਉਂ ਮਹਿਸੂਸ ਹੋਇਆ ਕਿ ਉਨ੍ਹਾਂ ਦਾ ਸੀਨਾ ਇਕਦਮ ਖਾਲੀ ਹੋ ਗਿਆ ਹੈ ਜਿਵੇਂ ਇਕ ਵਾਰ ਉਨ੍ਹਾਂ ਦੀ ਮੋਟਰ ਦੇ ਪਹੀਏ ਦੀ ਸਾਰੀ ਹਵਾ ਨਿਕਲ ਗਈ ਸੀ।

ਟਮਾਟਰ ਖਾਣਾ ਕੋਈ ਜੁਰਮ ਨਹੀਂ। ਇਸ ਤੋਂ ਬਿਨਾਂ ਮਿਸਟਰ ਸ਼ੰਕਰ ਅਚਾਰੀਆ ਦੇ ਇਕ ਮਿੱਤਰ, ਜੋ ਜਰਮਨੀ ਤੋਂ ਡਾਕਟਰੀ ਦੀ ਉਚੀ ਸਨਦ ਲੈ ਕੇ ਆਇਆ ਸੀ, ਨੇ ਉਨ੍ਹਾਂ ਨੂੰ ਕਿਹਾ ਸੀ ਕਿ ਆਪਣੇ ਬੱਚਿਆਂ ਨੂੰ ਖਾਣੇ ਵਿਚ ਕੱਚੇ ਟਮਾਟਰ ਜ਼ਰੂਰ ਦਿਆ ਕਰੋ, ਕਿਉਂਕਿ ਉਨ੍ਹਾਂ ਵਿਚ ਵਿਟਾਮਿਨ ਬਹੁਤ ਹੁੰਦੇ ਹਨ ਪਰ ਹੁਣ ਕਿਉਂ ਜੁ ਉਹ ਰਾਮ ਦੀ ਝਾੜ-ਝੰਬ ਲਈ ਤਿਆਰ ਹੋ ਚੁੱਕੇ ਸਨ ਅਤੇ ਉਨ੍ਹਾਂ ਦੀ ਬੀਵੀ ਦੀ ਵੀ ਇਹੀ ਖਾਹਿਸ਼ ਸੀ, ਇਸ ਲਈ ਉਨ੍ਹਾਂ ਨੇ ਥੋੜ੍ਹੀ ਦੇਰ ਵਿਚਾਰ ਕੇ ਇਕ ਕਾਨੂੰਨੀ ਨੁਕਤਾ ਲੱਭਿਆ ਅਤੇ ਇਸ ਲੱਭਤ ਉਤੇ ਦਿਲ ਹੀ ਦਿਲ ਵਿਚ ਖੁਸ਼ ਹੋ ਕੇ ਆਪਣੇ ਬੇਟੇ ਨੂੰ ਕਿਹਾ, "ਮੇਰੇ ਨੇੜੇ ਆ, ਅਤੇ ਜੋ ਕੁਝ ਮੈਂ ਤੈਥੋਂ ਪੁੱਛਾਂ, ਸੱਚ ਸੱਚ ਦੱਸ।"

ਮਿਸਿਜ਼ ਰਾਮਾ ਸ਼ੰਕਰ ਅਚਾਰੀਆ ਚਲੀ ਗਈ ਅਤੇ ਰਾਮ ਚੁੱਪਚਾਪ ਆਪਣੇ ਬਾਪ ਦੇ ਸਾਹਮਣੇ ਖੜ੍ਹਾ ਹੋ ਗਿਆ। ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਪੁੱਛਿਆ, "ਤੂੰ ਰਸੋਈ ਵਿਚੋਂ ਦੋ ਕੱਚੇ ਟਮਾਟਰ ਕੱਢ ਕੇ ਕਿਉਂ ਖਾਧੇ?"

ਰਾਮ ਨੇ ਜਵਾਬ ਦਿੱਤਾ, "ਦੋ ਕਿੱਥੇ ਸੀ, ਮਾਂ ਝੂਠ ਬੋਲਦੀ ਹੈ।"

"ਤੂੰ ਹੀ ਦੱਸ ਕਿੰਨੇ ਸੀ।"

"ਡੇਢ। ਇਕ ਅਤੇ ਅੱਧਾ", ਰਾਮ ਨੇ ਇਹ ਲਫਜ਼ ਉਂਗ਼ਲੀਆਂ ਨਾਲ ਅੱਧੇ ਦਾ ਨਿਸ਼ਾਨ ਬਣਾ ਕੇ ਬੋਲੇ, "ਦੂਜੇ ਅੱਧੇ ਨਾਲ ਮਾਤਾ ਜੀ ਨੇ ਦੁਪਹਿਰ ਨੂੰ ਚਟਣੀ ਬਣਾਈ ਸੀ।"

"ਚਲੋ ਡੇਢ ਹੀ ਸਹੀ, ਪਰ ਤੂੰ ਇਹ ਉਥੋਂ ਚੁੱਕੇ ਕਿਉਂ?"

ਰਾਮ ਨੇ ਜਵਾਬ ਦਿੱਤਾ, "ਖਾਣ ਲਈ।"

"ਠੀਕ ਹੈ, ਪਰ ਤੂੰ ਚੋਰੀ ਕੀਤੀ", ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਾਨੂੰਨੀ ਨੁਕਤਾ ਪੇਸ਼ ਕੀਤਾ।

"ਚੋਰੀ! ਬਾਪੂ ਜੀ ਮੈਂ ਚੋਰੀ ਨਹੀਂ ਕੀਤੀ, ਟਮਾਟਰ ਖਾਧੇ ਹਨ, ਇਹ ਚੋਰੀ ਕਿਵੇਂ ਹੋਈ?" ਇਹ ਕਹਿੰਦਾ ਉਹ ਫਰਸ਼ 'ਤੇ ਬੈਠ ਗਿਆ ਅਤੇ ਗਹੁ ਨਾਲ ਆਪਣੇ ਪਿਉ ਵੱਲ ਦੇਖਣ ਲੱਗਿਆ।

"ਇਹ ਚੋਰੀ ਸੀ। ਦੂਜੇ ਦੀ ਚੀਜ਼ ਨੂੰ ਉਸ ਦੀ ਇਜਾਜ਼ਤ ਤੋਂ ਬਿਨਾਂ ਚੁੱਕ ਲੈਣਾ ਚੋਰੀ ਹੁੰਦੀ ਹੈ।" ਮਿਸਟਰ ਸ਼ੰਕਰ ਅਚਾਰੀਆ ਨੇ ਇਉਂ ਆਪਣੇ ਬੱਚੇ ਨੂੰ ਸਮਝਾਇਆ ਅਤੇ ਖਿਆਲ ਕੀਤਾ ਕਿ ਉਹ ਉਨ੍ਹਾਂ ਦਾ ਸਾਰ-ਤੱਤ ਚੰਗੀ ਤਰ੍ਹਾਂ ਸਮਝ ਗਿਆ ਹੈ। ਰਾਮ ਨੇ ਤੁਰੰਤ ਕਿਹਾ, "ਪਰ ਟਮਾਟਰ ਤਾਂ ਸਾਡੇ ਆਪਣੇ ਸਨ, ਮੇਰੀ ਮਾਤਾ ਜੀ ਦੇ।"



ਸ਼੍ਰੀਮਾਨ ਸ਼ੰਕਰ ਅਚਾਰੀਆ ਝੁੰਜਲਾ ਗਏ। ਫਿਰ ਵੀ ਉਨ੍ਹਾਂ ਝੱਟ ਆਪਣਾ ਮਤਲਬ ਸਮਝਾਉਣ ਦੀ ਕੋਸ਼ਿਸ਼ ਕੀਤੀ, "ਤੇਰੀ ਮਾਤਾ ਜੀ ਦੇ ਸਨ, ਠੀਕ ਹੈ, ਪਰ ਉਹ ਤੇਰੇ ਤਾਂ ਨਹੀਂ ਨਾ ਹੋਏ। ਜੋ ਚੀਜ਼ ਉਨ੍ਹਾਂ ਦੀ ਹੈ, ਉਹ ਤੇਰੀ ਕਿਵੇਂ ਹੋ ਸਕਦੀ ਹੈ? ਦੇਖ ਸਾਹਮਣੇ ਮੇਜ਼ 'ਤੇ ਤੇਰਾ ਖਿਡੌਣਾ ਪਿਆ ਹੈ, ਚੁੱਕ ਲਿਆ, ਮੈਂ ਤੈਨੂੰ ਚੰਗੀ ਤਰ੍ਹਾਂ ਸਮਝਾਉਂਦਾ ਹਾਂ।"

ਰਾਮ ਉਠਿਆ ਅਤੇ ਭੱਜ ਕੇ ਲੱਕੜੀ ਦਾ ਘੋੜਾ ਚੁੱਕ ਲਿਆਇਆ ਅਤੇ ਆਪਣੇ ਪਿਉ ਦੇ ਹੱਥ ਵਿਚ ਫੜਾ ਦਿੱਤਾ, "ਇਹ ਲਉ।"

ਮਿਸਟਰ ਰਾਮਾ ਸ਼ੰਕਰ ਅਚਾਰੀਆ ਬੋਲੇ, "ਹਾਂ! ਤਾਂ ਦੇਖ, ਇਹ ਘੋੜਾ ਤੇਰਾ ਹੈ ਨਾ?"

"ਜੀ ਹਾਂ।"

"ਜੇ ਮੈਂ ਇਹਨੂੰ ਤੇਰੀ ਇਜਾਜ਼ਤ ਤੋਂ ਬਗ਼ੈਰ ਚੁੱਕ ਕੇ ਆਪਣੇ ਕੋਲ਼ ਰੱਖ ਲਵਾਂ ਤਾਂ ਇਹ ਚੋਰੀ ਹੋਵੇਗੀ।" ਮਿਸਟਰ ਰਾਮਾ ਸ਼ੰਕਰ ਨੇ ਹੋਰ ਵਿਆਖਿਆ ਕਰਦਿਆਂ ਕਿਹਾ, "ਅਤੇ ਮੈਂ ਚੋਰ।"

"ਨਹੀਂ ਪਿਤਾ ਜੀ, ਤੁਸੀਂ ਇਸ ਨੂੰ ਆਪਣੇ ਕੋਲ਼ ਰੱਖ ਸਕਦੇ ਹੋ। ਮੈਂ ਤੁਹਾਨੂੰ ਚੋਰ ਨਹੀਂ ਕਹਾਂਗਾ। ਮੇਰੇ ਕੋਲ਼ ਖੇਡਣ ਲਈ ਹਾਥੀ ਜੁ ਹੈ। ਤੁਸੀਂ ਹੁਣ ਤਕ ਦੇਖਿਆ ਨਹੀਂ? ਕਲ੍ਹ ਹੀ ਮੁਣਸ਼ੀ ਦਾਦਾ ਨੇ ਲੈ ਕੇ ਦਿੱਤਾ ਹੈ। ਰੁਕੋ, ਮੈਂ ਹੁਣੇ ਤੁਹਾਨੂੰ ਦਿਖਾਉਂਦਾ ਹਾਂ।" ਇਹ ਕਹਿ ਕੇ ਤਾੜੀਆਂ ਵਜਾਉਂਦਾ ਹੋਇਆ ਉਹ ਦੂਜੇ ਕਮਰੇ ਵਿਚ ਚਲਿਆ ਗਿਆ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਅੱਖਾਂ ਝਪਕਦੇ ਰਹਿ ਗਏ।

ਦੂਜੇ ਦਿਨ ਮਿਸਟਰ ਰਾਮਾ ਸ਼ੰਕਰ ਨੂੰ ਇਕ ਖਾਸ ਕੰਮ ਲਈ ਪੂਨੇ ਜਾਣਾ ਪਿਆ। ਉਨ੍ਹਾਂ ਦੀ ਵੱਡੀ ਭੈਣ ਉਥੇ ਰਹਿੰਦੀ ਸੀ। ਕਾਫੀ ਚਿਰ ਤੋਂ ਉਹ ਛੋਟੇ ਰਾਮ ਨੂੰ ਦੇਖਣ ਲਈ ਬੇਕਰਾਰ ਸੀ। ਇੰਜ ਇਕ ਪੰਥ ਦੋ ਕਾਜ ਦੇ ਸਨਮੁਖ ਰਾਮਾ ਸ਼ੰਕਰ ਅਚਾਰੀਆ ਆਪਣੇ ਬੇਟੇ ਨੂੰ ਵੀ ਨਾਲ ਲੈ ਗਏ ਪਰ ਇਸ ਸ਼ਰਤ 'ਤੇ ਕਿ ਉਹ ਰਸਤੇ ਵਿਚ ਕੋਈ ਇੱਲਤ ਨਹੀਂ ਕਰੇਗਾ। ਨੰਨ੍ਹਾ ਰਾਮ ਇਸ ਸ਼ਰਤ ਉਤੇ ਪੋਰੀਬੰਦਰ ਦੇ ਸਟੇਸ਼ਨ ਤਕ ਹੀ ਕਾਇਮ ਰਹਿ ਸਕਿਆ। ਉਧਰ ਦੱਕਨ ਕੁਈਨ ਚੱਲੀ ਤੇ ਇਧਰ ਰਾਮ ਦੇ ਛੋਟੇ ਜਿਹੇ ਸੀਨੇ ਵਿਚ ਸ਼ਰਾਰਤਾਂ ਨੇ ਮਚਲਣਾ ਸ਼ੁਰੂ ਕਰ ਦਿੱਤਾ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਸੈਕੰਡ ਕਲਾਸ ਕੰਪਾਰਟਮੈਂਟ ਦੀ ਚੌੜੀ ਸੀਟ ਉਤੇ ਬੈਠੇ ਆਪਣੇ ਨਾਲ ਵਾ਼ਲੇ ਮੁਸਾਫਿਰ ਦਾ ਅਖਬਾਰ ਪੜ੍ਹ ਰਹੇ ਸਨ। ਤੇ ਸੀਟ ਦੇ ਆਖਰੀ ਹਿੱਸੇ ਉਤੇ ਰਾਮ ਖਿੜਕੀ ਤੋਂ ਬਾਹਰ ਝਾਕ ਰਿਹਾ ਸੀ ਤੇ ਹਵਾ ਦਾ ਦਬਾਅ ਦੇਖ ਕੇ ਇਹ ਸੋਚ ਰਿਹਾ ਸੀ ਕਿ ਜੇ ਉਹ ਉਸ ਨੂੰ ਲੈ ਉਡੇ ਤਾਂ ਕਿੰਨਾ ਮਜ਼ਾ ਆਵੇ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਆਪਣੀ ਐਨਕ ਦੇ ਕੋਣਿਆਂ ਵਿਚੀਂ ਰਾਮ ਵੱਲ ਦੇਖਿਆ ਤੇ ਉਸ ਨੂੰ ਬਾਹੋਂ ਫੜ ਕੇ ਹੇਠਾਂ ਬਿਠਾ ਦਿੱਤਾ। "ਤੂੰ ਚੈਨ ਵੀ ਲੈਣ ਦੇਵੇਂਗਾ ਜਾਂ ਨਹੀਂ, ਆਰਾਮ ਨਾਲ ਬਹਿ ਜਾ।" ਇਹ ਕਹਿੰਦਿਆਂ ਉਨ੍ਹਾਂ ਦੀ ਨਜ਼ਰ ਰਾਮ ਦੀ ਟੋਪੀ 'ਤੇ ਪਈ ਜੋ ਉਸ ਦੇ ਸਿਰ ਉਤੇ ਚਮਕ ਰਹੀ ਸੀ, "ਇਹਨੂੰ ਲਾਹ ਕੇ ਰੱਖ ਨਾਲਾਇਕ, ਹਵਾ ਇਹਨੂੰ ਉਡਾ ਕੇ ਲੈ ਜਾਵੇਗੀ।"

ਉਨ੍ਹਾਂ ਨੇ ਰਾਮ ਦੇ ਸਿਰ ਤੋਂ ਟੋਪੀ ਲਾਹ ਕੇ ਉਸ ਦੀ ਗੋਦ ਵਿਚ ਰੱਖ ਦਿੱਤੀ। ਪਰ ਥੋੜ੍ਹੀ ਦੇਰ ਬਾਅਦ ਟੋਪੀ ਫੇਰ ਰਾਮ ਦੇ ਸਿਰ ਉਤੇ ਸੀ ਅਤੇ ਉਹ ਖਿੜਕੀ ਤੋਂ ਬਾਹਰ ਸਿਰ ਕੱਢੀ ਦੌੜਦੇ ਹੋਏ ਦਰਖਤਾਂ ਨੂੰ ਗਹੁ ਨਾਲ ਦੇਖ ਰਿਹਾ ਸੀ। ਦਰਖਤਾਂ ਦੀ ਭੱਜ ਦੌੜ ਰਾਮ ਦੇ ਜ਼ਿਹਨ ਵਿਚ ਲੁਕਣਮੀਚੀ ਦੀ ਦਿਲਚਸਪ ਖੇਡ ਦਾ ਨਕਸ਼ਾ ਖਿੱਚ ਰਹੀ ਸੀ।

ਹਵਾ ਦੇ ਬੁੱਲੇ ਨਾਲ ਅਖਬਾਰ ਦੂਹਰਾ ਹੋ ਗਿਆ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਆਪਣੇ ਬੇਟੇ ਦੇ ਸਿਰ ਨੂੰ ਫੇਰ ਖਿੜਕੀ ਤੋਂ ਬਾਹਰ ਦੇਖਿਆ। ਗ਼ੁੱਸੇ ਵਿਚ ਉਨ੍ਹਾਂ ਨੇ ਉਸ ਦੀ ਬਾਂਹ ਖਿੱਚ ਕੇ ਆਪਣੇ ਕੋਲ਼ ਬਿਠਾਇਆ ਅਤੇ ਕਿਹਾ, "ਜੇ ਤੂੰ ਇਥੋਂ ਇਕ ਇੰਚ ਵੀ ਹਿੱਲਿਆ ਤਾਂ ਤੇਰੀ ਖੈਰ ਨਹੀਂ।" ਇਹ ਕਹਿ ਕੇ ਉਨ੍ਹਾਂ ਨੇ ਟੋਪੀ ਚੁੱਕ ਕੇ ਉਸ ਦੀਆਂ ਲੱਤਾਂ ਉਤੇ ਰੱਖ ਦਿੱਤੀ।

ਇਸ ਕੰਮ ਤੋਂ ਵਿਹਲੇ ਹੋ ਕੇ ਉਨ੍ਹਾਂ ਨੇ ਅਖਬਾਰ ਚੁੱਕਿਆ ਅਤੇ ਉਹ ਅਜੇ ਇਸ ਵਿਚੋਂ ਉਹ ਸਤਰਾਂ ਹੀ ਲੱਭ ਰਹੇ ਸਨ ਜਿੱਥੋਂ ਉਨ੍ਹਾਂ ਨੇ ਪੜ੍ਹਨਾ ਛੱਡਿਆ ਸੀ ਕਿ ਰਾਮ ਨੇ ਖਿੜਕੀ ਵੱਲ ਸਰਕ ਕੇ ਬਾਹਰ ਝਾਕਣਾ ਸ਼ੁਰੂ ਕਰ ਦਿੱਤਾ। ਟੋਪੀ ਉਹਦੇ ਸਿਰ ਉਤੇ ਸੀ। ਇਹ ਦੇਖ ਕੇ ਮਿਸਟਰ ਸ਼ੰਕਰ ਅਚਾਰੀਆ ਨੂੰ ਸਖਤ ਗ਼ੁਸਾ ਆਇਆ। ਉਨ੍ਹਾਂ ਦਾ ਹੱਥ ਭੁੱਖੀ ਇੱਲ੍ਹ ਵਾਂਗੂੰ ਟੋਪੀ ਵੱਲ ਵਧਿਆ ਤੇ ਪਲਕ ਝਲਕ ਵਿਚ ਉਹ ਉਨ੍ਹਾਂ ਦੀ ਸੀਟ ਦੇ ਹੇਠਾਂ ਸੀ। ਇਹ ਸਭ ਕੁਝ ਇੰਨੀ ਤੇਜ਼ੀ ਨਾਲ ਹੋਇਆ ਕਿ ਰਾਮ ਨੂੰ ਸਮਝਣ ਦਾ ਮੌਕਾ ਹੀ ਨਾ ਮਿਲਿਆ। ਮੁੜ ਕੇ ਉਸ ਨੇ ਆਪਣੇ ਬਾਪ ਵੱਲ ਦੇਖਿਆ। ਐਪਰ ਉਨ੍ਹਾਂ ਦੇ ਹੱਥ ਖਾਲੀ ਨਜ਼ਰ ਆਏ। ਇਸੇ ਪ੍ਰੇਸ਼ਾਨੀ ਵਿਚ ਉਸ ਨੇ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ ਤਾਂ ਉਸ ਨੂੰ ਰੇਲ ਦੀ ਪਟੜੀ 'ਤੇ ਬਹੁਤ ਪਿਛਾਂਹ ਖਾਕੀ ਕਾਗ਼ਜ਼ ਦਾ ਟੁਕੜਾ ਉਡਦਾ ਨਜ਼ਰ ਆਇਆ। ਉਸ ਨੇ ਸਮਝਿਆ ਕਿ ਇਹ ਮੇਰੀ ਟੋਪੀ ਹੈ।

ਇਹ ਖਿਆਲ ਆਉਂਦਿਆਂ ਹੀ ਉਸ ਦੇ ਦਿਲ ਨੂੰ ਧੱਕਾ ਜਿਹਾ ਲੱਗਿਆ। ਪਿਉ ਵੱਲ ਭੈੜੀਆਂ ਜਿਹੀਆਂ ਨਿਗਾਹਾਂ ਨਾਲ ਦੇਖਦਿਆਂ ਉਸ ਨੇ ਕਿਹਾ, "ਬਾਪੂ ਮੇਰੀ ਟੋਪੀ।" ਮਿਸਟਰ ਸ਼ੰਕਰ ਅਚਾਰੀਆ ਖਾਮੋਸ਼ ਰਹੇ।

"ਹਾਇ ਮੇਰੀ ਟੋਪੀ", ਰਾਮ ਦੀ ਆਵਾਜ਼ ਉਚੀ ਹੋਈ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਕੁਝ ਨਾ ਬੋਲੇ।

ਰਾਮ ਨੇ ਰੋਂਦੀ ਆਵਾਜ਼ ਵਿਚ ਕਿਹਾ, "ਮੇਰੀ ਟੋਪੀ" ਅਤੇ ਆਪਣੇ ਪਿਉ ਦਾ ਹੱਥ ਫੜ ਲਿਆ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਉਸ ਦਾ ਹੱਥ ਝਟਕ ਕੇ ਕਿਹਾ, "ਡੇਗ ਦਿੱਤੀ ਹੋਵੇਗੀ ਤੈਂ, ਹੁਣ ਰੋਂਦਾ ਕਿਉਂ ਹੈਂ?" ਇਸ 'ਤੇ ਰਾਮ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਹੰਝੂ ਤੈਰਨ ਲੱਗੇ।

"ਪਰ ਧੱਕਾ ਤਾਂ ਤੁਸੀਂ ਹੀ ਦਿੱਤਾ ਸੀ", ਉਸ ਨੇ ਇੰਨਾ ਕਿਹਾ ਤੇ ਰੋਣ ਲੱਗਿਆ।

ਮਿਸਟਰ ਰਾਮਾ ਸ਼ੰਕਰ ਨੇ ਰਤਾ ਝਾੜਿਆ ਤਾਂ ਰਾਮ ਨੇ ਹੋਰ ਜ਼ਿਆਦਾ ਰੋਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਉਸ ਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਏ। ਰਾਮ ਦਾ ਰੋਣਾ ਸਿਰਫ ਟੋਪੀ ਬੰਦ ਕਰਾ ਸਕਦੀ ਸੀ। ਇਸ ਲਈ ਰਾਮਾ ਸ਼ੰਕਰ ਅਚਾਰੀਆ ਨੇ ਥੱਕ ਹਾਰ ਕੇ ਉਸ ਨੂੰ ਕਿਹਾ, "ਟੋਪੀ ਵਾਪਸ ਆ ਜਾਵੇਗੀ ਪਰ ਸ਼ਰਤ ਇਹ ਹੈ ਕਿ ਤੂੰ ਉਸ ਨੂੰ ਪਹਿਨੇਂਗਾ ਨਹੀਂ!"

ਰਾਮ ਦੀਆਂ ਅੱਖਾਂ ਵਿਚੋਂ ਹੰਝੂ ਝੱਟਪੱਟ ਖੁਸ਼ਕ ਹੋ ਗਏ ਜਿਵੇਂ ਤਪੀ ਹੋਈ ਰੇਤ ਵਿਚ ਬਾਰਸ਼ ਦੇ ਕਤਰੇ ਜਜ਼ਬ ਹੋ ਜਾਣ। ਉਹ ਸਰਕ ਕੇ ਅੱਗੇ ਵਧ ਆਇਆ ਤੇ ਬੋਲਿਆ, "ਉਹ ਵਾਪਸ ਲੈ ਆਓ।"

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਿਹਾ, "ਇਉਂ ਥੋੜ੍ਹੀ ਵਾਪਸ ਆ ਜਾਵੇਗੀ, ਮੰਤਰ ਪੜ੍ਹਨਾ ਪਏਗਾ।"

ਕੰਪਾਰਟਮੈਂਟ ਵਿਚ ਸਭ ਮੁਸਾਫਿਰ ਬਾਪ ਬੇਟੇ ਦੀ ਗੱਲਬਾਤ ਸੁਣ ਰਹੇ ਸਨ।

"ਮੰਤਰ", ਇਹ ਕਹਿੰਦਿਆਂ ਰਾਮ ਨੂੰ ਤੁਰੰਤ ਉਹ ਕਿੱਸਾ ਯਾਦ ਆ ਗਿਆ ਜਿਸ ਵਿਚ ਇਕ ਮੁੰਡੇ ਨੇ ਮੰਤਰ ਰਾਹੀਂ ਦੂਜਿਆਂ ਦੀਆਂ ਚੀਜ਼ਾਂ ਗੁੰਮ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ।

"ਪੜ੍ਹੋ ਪਿਤਾ ਜੀ", ਇਹ ਕਹਿ ਕੇ ਉਹ ਗਹੁ ਨਾਲ ਆਪਣੇ ਬਾਪ ਵੱਲ ਦੇਖਣ ਲੱਗਿਆ ਜਿਵੇਂ ਮੰਤਰ ਪੜ੍ਹਦੇ ਸਮੇਂ ਮਿਸਟਰ ਸ਼ੰਕਰ ਆਚਾਰੀਆ ਦੇ ਗੰਜੇ ਸਿਰ 'ਤੇ ਸਿੰਗ ਉਗ ਆਉਣਗੇ।

ਮਿਸਟਰ ਰਾਮਾ ਸ਼ੰਕਰ ਆਚਾਰੀਆ ਨੇ ਉਸ ਮੰਤਰ ਦੇ ਬੋਲ ਯਾਦ ਕਰਦਿਆਂ ਕਿਹਾ ਜੋ ਉਨ੍ਹਾਂ ਨੇ ਬਚਪਨ ਵਿਚ 'ਇੰਦਰ ਜਾਲ ਮੁਕੰਮਲ' ਤੋਂ ਜ਼ੁਬਾਨੀ ਯਾਦ ਕੀਤਾ ਸੀ, "ਤੂੰ ਫੇਰ ਸ਼ਰਾਰਤ ਤਾਂ ਨਹੀਂ ਕਰੇਂਗਾ?"

"ਨਹੀਂ ਬਾਪੂ ਜੀ", ਰਾਮ ਜੋ ਮੰਤਰ ਦੀਆਂ ਗਹਿਰਾਈਆਂ ਵਿਚ ਡੁੱਬ ਰਿਹਾ ਸੀ, ਨੇ ਆਪਣੇ ਪਿਉ ਨਾਲ ਸ਼ਰਾਰਤ ਨਾ ਕਰਨ ਦਾ ਵਾਅਦਾ ਕਰ ਲਿਆ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਮੰਤਰ ਦੇ ਬੋਲ ਯਾਦ ਆ ਗਏ ਅਤੇ ਉਨ੍ਹਾਂ ਨੇ ਦਿਲ ਹੀ

ਦਿਲ ਵਿਚ ਆਪਣੇ ਚੇਤੇ ਦੀ ਦਾਦ ਦੇ ਕੇ ਆਪਣੇ ਮੁੰਡੇ ਨੂੰ ਕਿਹਾ, "ਲੈ ਹੁਣ ਤੂੰ ਅੱਖਾਂ ਬੰਦ ਕਰ ਲੈ।"

ਰਾਮ ਨੇ ਅੱਖਾਂ ਬੰਦ ਕਰ ਲਈਆਂ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਮੰਤਰ ਪੜ੍ਹਨਾ ਸ਼ੁਰੂ ਕੀਤਾ।

"ਓਮ ਨਮਾ ਕਾਮੇਸ਼ਵਰੀ ਮਦ ਮਦੀਸ਼ ਓਤਮਾ ਦੇ ਭਰੀਂਗ ਪਰਾ ਸਵਾਹ", ਮਿਸਟਰ ਰਾਮਾ ਸ਼ੰਕਰ ਅਚਾਰੀਆ ਦਾ ਇਕ ਹੱਥ ਸੀਟ ਦੇ ਹੇਠਾਂ ਗਿਆ ਅਤੇ 'ਸਵਾਹ' ਦੇ ਨਾਲ ਹੀ ਰਾਮ ਦੀ ਟੋਪੀ ਉਸ ਦੇ ਗੁਦਗੁਦੇ ਪੱਟਾਂ 'ਤੇ ਆ ਡਿੱਗੀ।

ਰਾਮ ਨੇ ਅੱਖਾਂ ਖੋਲ੍ਹ ਦਿੱਤੀਆਂ। ਟੋਪੀ ਉਸ ਦੀ ਚਪਟੀ ਨੱਕ ਦੇ ਸਾਹਮਣੇ ਪਈ ਸੀ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੀ ਤਿੱਖੀ ਨੱਕ ਐਨਕ ਦੀ ਸੁਨਹਿਰੀ ਪਕੜ ਹੇਠਾਂ ਥਰਥਰਾ ਰਹੀ ਸੀ। ਅਦਾਲਤ ਵਿਚ ਮੁਕੱਦਮਾ ਜਿੱਤਣ ਪਿੱਛੋਂ ਉਨ੍ਹਾਂ ਦੀ ਇਹੋ ਜਿਹੀ ਹਾਲਤ ਹੋਇਆ ਕਰਦੀ ਸੀ।

"ਟੋਪੀ ਆ ਗਈ", ਰਾਮ ਨੇ ਸਿਰਫ ਇੰਨਾ ਕਿਹਾ ਤੇ ਚੁੱਪ ਕਰ ਗਿਆ। ਮਿਸਟਰ ਸ਼ੰਕਰ ਅਚਾਰੀਆ ਰਾਮ ਨੂੰ ਖਾਮੋਸ਼ ਬੈਠਣ ਦਾ ਹੁਕਮ ਦੇ ਕੇ ਅਖਬਾਰ ਪੜ੍ਹਨ ਵਿਚ ਰੁੱਝ ਗਏ। ਇਕ ਖਬਰ ਚੋਖੀ ਦਿਲਚਸਪ ਅਤੇ ਅਖਬਾਰੀ ਜ਼ੁਬਾਨ ਵਿਚ ਬੇਹੱਦ ਸਨਸਨੀਖੇਜ਼ ਸੀ। ਇਸ ਲਈ ਉਹ ਮੰਤਰ ਵਗੈਰਾ ਸਭ ਕੁਝ ਭੁੱਲ ਕੇ ਉਸ ਵਿਚ ਗੁਆਚ ਗਏ। ਦੱਕਣ ਕੁਈਨ ਬਿਜਲੀ ਦੇ ਪਰਾਂ 'ਤੇ ਪੂਰੀ ਤੇਜ਼ੀ ਨਾਲ ਉਡ ਰਹੀ ਸੀ। ਉਸ ਦੇ ਫੌਲਾਦੀ ਪਹੀਆਂ ਦੀ ਇਕਸਾਰ ਗੜਗੜਾਹਟ ਅਖਬਾਰ ਦੀ ਸਨਸਨੀ ਪੈਦਾ ਕਰਨ ਵਾਲੀ ਖਬਰ ਦੀ ਹਰ ਸਤਰ ਨੂੰ ਗੂੜ੍ਹੀ ਕਰ ਰਹੀ ਸੀ। ਮਿਸਟਰ ਸ਼ੰਕਰ ਅਚਾਰੀਆ ਇਹ ਸਤਰ ਪੜ੍ਹ ਰਹੇ ਸਨ,

"ਅਦਾਲਤ ਵਿਚ ਸੰਨਾਟਾ ਪਸਰਿਆ ਹੋਇਆ ਸੀ। ਸਿਰਫ ਟਾਈਪਰਾਈਟਰ ਦੀ ਟਿਕ ਟਿਕ ਸੁਣਾਈ ਦਿੰਦੀ ਸੀ। ਮੁਲਜ਼ਮ ਇਕਦਮ ਚੀਕਿਆ-ਬਾਪੂ ਜੀ...!"

ਐਨ ਉਸ ਵਕਤ ਰਾਮ ਨੇ ਆਪਣੇ ਬਾਪ ਨੂੰ ਜ਼ੋਰ ਦੀ ਆਵਾਜ਼ ਮਾਰੀ, "ਬਾਪੂ ਜੀ।" ਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਇਉਂ ਜਾਪਿਆ ਜਿਵੇਂ ਨਿਗਾਹ ਹੇਠਲੀ ਸਤਰ ਦੇ ਆਖਰੀ ਲਫਜ਼ ਕਾਗ਼ਜ਼ 'ਚੋਂ ਉਛ਼ਲ ਪਏ ਹਨ।

ਰਾਮ ਦੇ ਥਰਥਰਾਉਂਦੇ ਬੁਲ੍ਹ ਦੱਸ ਰਹੇ ਸਨ ਕਿ ਉਹ ਕੁਝ ਕਹਿਣਾ ਚਾਹੁੰਦਾ ਹੈ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਜ਼ਰਾ ਤੇਜ਼ੀ ਨਾਲ ਕਿਹਾ, "ਕੀ ਹੈ?" ਅਤੇ ਐਨਕ ਦੇ ਇਕ ਕੋਨਿਉਂ ਟੋਪੀ ਨੂੰ ਸੀਟ ਉਤੇ ਪਿਆ ਦੇਖ ਕੇ ਆਪਣੀ ਤਸੱਲੀ ਕਰ ਲਈ।

ਰਾਮ ਅੱਗੇ ਸਰਕ ਆਇਆ ਅਤੇ ਕਹਿਣ ਲੱਗਾ, "ਬਾਪੂ ਜੀ ਉਹੀ ਮੰਤਰ ਪੜ੍ਹੋ!"

"ਕਿਉਂ?" ਇਹ ਕਹਿੰਦਿਆਂ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਰਾਮ ਦੀ ਟੋਪੀ ਵੱਲ ਗਹੁ ਨਾਲ ਦੇਖਿਆ ਜੋ ਸੀਟ ਦੇ ਖੂੰਜੇ ਵਿਚ ਪਈ ਸੀ।

"ਤੁਹਾਡੇ ਕਾਗ਼ਜ਼ ਜੋ ਇਥੇ ਪਏ ਸੀ, ਮੈਂ ਬਾਹਰ ਸੁੱਟ ਦਿੱਤੇ ਹਨ।"

ਰਾਮ ਨੇ ਇਸ ਤੋਂ ਅੱਗੇ ਕੁਝ ਹੋਰ ਵੀ ਕਿਹਾ ਪਰ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਪਸਰ ਗਿਆ। ਬਿਜਲੀ ਵਰਗੀ ਤੇਜ਼ੀ ਨਾਲ ਉਠ ਕੇ ਉਨ੍ਹਾਂ ਨੇ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ। ਐਪਰ ਰੇਲ ਦੀ ਪਟੜੀ ਦੇ ਨਾਲ ਤਿਤਲੀਆਂ ਵਾਂਗ ਫੜਫੜਾਉਂਦੇ ਕਾਗ਼ਜ਼ ਦੇ ਪੁਰਜ਼ਿਆਂ ਤੋਂ ਬਿਨਾਂ ਹੋਰ ਕੁਝ ਨਜ਼ਰ ਨਾ ਆਇਆ।

"ਤੈਂ ਉਹ ਕਾਗ਼ਜ਼ ਸੁੱਟ ਦਿੱਤੇ ਜੋ ਇਥੇ ਪਏ ਸੀ?" ਉਨ੍ਹਾਂ ਨੇ ਆਪਣੇ ਸੱਜੇ ਹੱਥ ਨਾਲ ਸੀਟ ਵੱਲ ਇਸ਼ਾਰਾ ਕਰਦਿਆਂ ਕਿਹਾ।

ਰਾਮ ਨੇ ਪੁਸ਼ਟੀ ਵਿਚ ਸਿਰ ਹਿਲਾ ਦਿੱਤਾ, "ਤੁਸੀਂ ਉਹੀ ਮੰਤਰ ਪੜ੍ਹੋ ਨਾ!"

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਅਜਿਹਾ ਕੋਈ ਮੰਤਰ ਯਾਦ ਨਹੀਂ ਸੀ ਜੋ ਸੱਚਮੁੱਚ ਗੁਆਚੀਆਂ ਚੀਜ਼ਾਂ ਵਾਪਸ ਲਿਆ ਸਕੇ। ਉਹ ਸਖਤ ਪਰੇਸ਼ਾਨ ਸਨ। ਉਹ ਕਾਗ਼ਜ਼ ਜੋ ਉਨ੍ਹਾਂ ਦੇ ਬੇਟੇ ਨੇ ਸੁੱਟ ਦਿੱਤੇ ਸਨ, ਇਕ ਨਵੇਂ ਮੁਕੱਦਮੇ ਦੀ ਮਿਸਲ ਸੀ ਜਿਸ ਵਿਚ ਚਾ਼ਲੀ ਹਜ਼ਾਰ ਮੁੱਲ ਦੇ ਕਾਨੂੰਨੀ ਕਾਗ਼ਜ਼ ਪਏ ਸਨ। ਮਿਸਟਰ ਰਾਮਾ ਸ਼ੰਕਰ ਐਮ.ਏ. ਐਲ.ਐਲ.ਬੀ ਦੀ ਬਾਜ਼ੀ ਉਨ੍ਹਾਂ ਦੀ ਆਪਣੀ ਚਾਲ ਨਾਲ ਹੀ ਮਾਤ ਹੋ ਗਈ ਸੀ। ਇਕ ਪਲ ਲਈ ਅੰਦਰੇ ਅੰਦਰ ਉਨ੍ਹਾਂ ਦੇ ਕਾਨੂੰਨੀ ਦਿਮਾਗ਼ ਵਿਚ ਕਾਗ਼ਜ਼ਾਂ ਬਾਰੇ ਸੈਂਕੜੇ ਵਿਚਾਰ ਆਏ। ਸਪਸ਼ਟ ਹੈ, ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਮੁਅਕਿਲ ਦਾ ਨੁਕਸਾਨ ਉਨ੍ਹਾਂ ਦਾ ਆਪਣਾ ਨੁਕਸਾਨ ਸੀ, ਮਗਰ ਹੁਣ ਉਹ ਕਰ ਕੀ ਸਕਦੇ ਸਨ? ਸਿਰਫ ਇਹ ਕਿ ਅਗਲੇ ਸਟੇਸ਼ਨ 'ਤੇ ਉਤਰ ਕੇ ਰੇਲ ਦੀ ਪਟੜੀ ਦੇ ਨਾਲ ਨਾਲ ਚੱਲਣਾ ਸ਼ੁਰੂ ਕਰ ਦੇਣ ਅਤੇ ਦਸ ਪੰਦਰਾਂ ਮੀਲ ਤਕ ਇਨ੍ਹਾਂ ਕਾਗ਼ਜ਼ਾਂ ਦੀ ਭਾ਼ਲ ਵਿਚ ਮਾਰੇ ਮਾਰੇ ਫਿਰਦੇ ਰਹਿਣ। ਮਿਲਣ ਨਾ ਮਿਲਣ, ਉਨ੍ਹਾਂ ਦੀ ਕਿਸਮਤ।

ਇਕ ਪਲ ਵਿਚ ਸੈਂਕੜੇ ਗੱਲਾਂ ਸੋਚਣ ਮਗਰੋਂ ਆਖਰ ਉਨ੍ਹਾਂ ਨੇ ਆਪਣੇ ਦਿਲ ਨਾਲ ਫੈਸਲਾ ਕਰ ਲਿਆ ਕਿ ਜੇ ਭਾਲਣ 'ਤੇ ਕਾਗ਼ਜ਼ ਨਾ ਮਿ਼ਲੇ ਤਾਂ ਮੁਅਕਿਲ ਦੇ ਸਾਹਮਣੇ ਇਕ ਵਾਢਿਉਂ ਇਨਕਾਰ ਕਰ ਦੇਣਗੇ ਕਿ ਉਸ ਨੇ ਉਨ੍ਹਾਂ ਨੂੰ ਕਾਗ਼ਜ਼ ਦਿੱਤੇ ਸਨ। ਇਖਲਾਕੀ ਤੇ ਕਾਨੂੰਨੀ ਤੌਰ 'ਤੇ ਇਹ ਸਰਾਸਰ ਨਾਜਾਇਜ਼ ਸੀ ਪਰ ਇਸ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਸੀ!

ਇਸ ਤਸੱਲੀਬਖਸ਼ ਖਿਆਲ ਦੇ ਬਾਵਜੂਦ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਹ਼ਲਕ ਵਿਚ ਤਲਖੀ ਜਿਹੀ ਪੈਦਾ ਹੋ ਰਹੀ ਸੀ। ਇਕਦਮ ਉਨ੍ਹਾਂ ਦੇ ਦਿਲ ਵਿਚ ਆਇਆ ਕਿ ਕਾਗ਼ਜ਼ਾਂ ਵਾਂਗ ਉਹ ਰਾਮ ਨੂੰ ਵੀ ਚੁੱਕ ਕੇ ਗੱਡੀ ਤੋਂ ਬਾਹਰ ਸੁੱਟ ਦੇਣ ਪਰ ਇਸ ਖਾਹਿਸ਼ ਨੂੰ ਸੀਨੇ ਵਿਚ ਦਬਾ ਕੇ ਉਨ੍ਹਾਂ ਨੇ ਉਸ ਵੱਲ ਦੇਖਿਆ।

ਰਾਮ ਦੇ ਬੁਲ੍ਹਾਂ ਉਤੇ ਅਜੀਬ ਕਿਸਮ ਦਾ ਖੇੜਾ ਪਸਰ ਰਿਹਾ ਸੀ। ਉਸ ਨੇ ਹੌ਼ਲੀ ਜਿਹੀ ਕਿਹਾ, "ਬਾਪੂ ਜੀ ਮੰਤਰ ਪੜ੍ਹੋ।"

"ਆਰਾਮ ਨਾਲ ਬਹਿ ਜਾ, ਨਹੀਂ ਤਾਂ ਯਾਦ ਰੱਖ ਸੰਘੀ ਨੱਪ ਦੇਵਾਂਗਾ", ਮਿਸਟਰ ਰਾਮਾ ਸ਼ੰਕਰ ਅਚਾਰੀਆ ਝੁੰਜਲਾ ਗਏ। ਉਸ ਮੁਸਾਫਰ ਜੋ ਬਾਪ ਬੇਟੇ ਦੀ ਗੱਲਬਾਤ ਸੁਣ ਰਿਹਾ ਸੀ, ਦੇ ਲਬਾਂ ਉਤੇ ਇਕ ਅਰਥ ਭਰਪੂਰ ਮੁਸਕਰਾਹਟ ਨੱਚ ਰਹੀ ਸੀ।

ਰਾਮ ਅਗਾਂਹ ਸਰਕ ਆਇਆ, "ਬਾਪੂ ਜੀ ਤੁਸੀਂ ਅੱਖਾਂ ਬੰਦ ਕਰ ਲਉ, ਮੈਂ ਮੰਤਰ ਪੜ੍ਹਦਾ ਹਾਂ।"

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਅੱਖਾਂ ਬੰਦ ਨਾ ਕੀਤੀਆਂ ਪਰ ਰਾਮ ਨੇ ਮੰਤਰ ਪੜ੍ਹਨਾ ਸ਼ੁਰੂ ਕਰ ਦਿੱਤਾ। "ਊਂਗ ਮਿਆਂਗ ਸ਼ਿਆਂਗ, ਲਦਮਗਾ...ਫਰੋਦਮਾ...ਸਵਾਹਾ" ਅਤੇ 'ਸਵਾਹਾ' ਦੇ ਨਾਲ ਹੀ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਮਾਸਲ ਪੱਟਾਂ 'ਤੇ ਕਾਗ਼ਜ਼ਾਂ ਦਾ ਪੁਲੰਦਾ ਆ ਡਿੱਗਿਆ।

ਉਨ੍ਹਾਂ ਦੀ ਨੱਕ ਐਨਕ ਦੀ ਸੁਨਹਿਰੀ ਗ੍ਰਿਫਤ ਹੇਠਾਂ ਜ਼ੋਰ ਨਾਲ ਥਰਥਰਾਈ।

ਰਾਮ ਦੇ ਚਪਟੇ ਨੱਕ ਦੀਆਂ ਗੋ਼ਲ ਤੇ ਲਾਲ ਲਾਲ ਨਾਸਾਂ ਵੀ ਥਰਥਰਾ ਰਹੀਆਂ ਸਨ।

---

# ਖਬਰਦਾਰ ! ਮਘਰ ਮਹੀਨੇ ਜੀਰਾ ਨਹੀਂ ਖਾਣਾ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-454-4958

ਮਘਰ ਨੂੰ ਸਰਦ ਰੁੱਤ ਦਾ ਪਹਿਲਾ ਮਹੀਨਾ ਕਿਹਾ ਜਾਂਦਾ ਹੈ। ਇਸ ਰੁਤ ਨੂੰ ਬਿਆਨਣ ਲਈ ਮਘਰ-ਪੋਹ ਜਾਂ ਪੋਹ-ਮਾਘ ਜੁੱਟਾਂ ਦੀ ਵਰਤੋਂ ਕੀਤੀ ਜਾਂਦੀ ਹੈ,

ਰੁਤਿ ਸਿਸੀਅਰ ਸੀਤਲ
ਹਰ ਪ੍ਰਗਟੇ ਮੰਘਰ ਪੋਹਿ ਜੀਉ॥
ਜਲਨਿ ਬੁਝੀ ਦਰਸੁ ਪਾਇਆ
ਬਿਨਸੇ ਮਾਇਆ ਧ੍ਰੋਹ ਜੀਉ॥
-ਗੁਰੂ ਅਰਜਨ ਦੇਵ

ਗੁਰੂ ਨਾਨਕ ਦੇਵ ਦੇ ਬਾਰਾਮਾਹ ਅਨੁਸਾਰ, "ਮੰਘਰ ਮਾਹਿ ਹਰ ਗੁਣੁ ਅੰਕਿ ਸਮਾਵਏ।" ਲਹਿੰਦੀ ਵਿਚ ਮਘਰ ਨੂੰ ਮੰਘਰ ਕਿਹਾ ਜਾਂਦਾ ਹੈ। ਇਕ ਲੋਕ ਕਹਾਵਤ ਅਨੁਸਾਰ ਮਘਰ ਵਿਚ ਜੀਰਾ ਨਹੀਂ ਖਾਣਾ ਚਾਹੀਦਾ,

ਮਘਰ ਜੀਰਾ, ਪੋਹ ਵਿਚ ਧਨਾ,
ਮਾਘ ਵਿਚ ਮਿਸਰੀ, ਫਗਣ ਚਨਾ।
ਇਨ੍ਹਾਂ ਬਾਰਾਂ ਤੋਂ ਲਏ ਬਚਾਏ,
ਤਾਂ ਘਰ ਵੈਦ ਕਦੇ ਨਾ ਆਏ।

ਅਜਿਹੀ ਲੋਕ ਸਿਆਣਪ ਅਸਲ ਵਿਚ ਅਯੁਰਵੈਦਿਕ ਦੇ ਤ੍ਰਿਦੋਸ਼ ਸਿਧਾਂਤ 'ਤੇ ਹੀ ਟਿਕੀ ਹੋਈ ਹੈ ਜਿਸ ਅਨੁਸਾਰ ਹਰ ਖਾਣ ਵਾਲੀ ਚੀਜ਼ ਵਾਤ, ਪਿਤ ਤੇ ਕਫ਼ ਵਿਚੋਂ ਕੋਈ ਦੋਸ਼ ਸਾਡੇ ਸਰੀਰ ਵਿਚ ਪੈਦਾ ਕਰਦੀ ਹੈ। ਅਜੋਕੀ ਡਾਕਟਰੀ ਇਨ੍ਹਾਂ ਦੀ ਸੱਚਾਈ ਨੂੰ ਨਹੀਂ ਮੰਨਦੀ। ਇਸ ਮਹੀਨੇ ਤੱਕ ਹਾੜੀ ਬੀਜ ਲਈ ਜਾਂਦੀ ਹੈ ਪਰ "ਮਘਰ ਪੋਹ ਚਲਾਵਣ ਜਿਹੜੇ, ਪੱਲਿਉਂ ਮੂਲ ਦੇਵਣ" ਕਿਉਂਕਿ "ਜੇ ਮੀਂਹ ਵਸੇ ਮਘਰੀਂ ਬਹੁਤਾ ਕਰੇ ਖੁਆਰ, ਕਰੰਡ ਕਰੇਂਦਾ ਹਾਵੀਏਂ, ਸਾਵਣ ਚੇਤ ਵਿਗਾੜ।" ਨਾਲੇ, "ਮਘਰ ਵਿਚ ਜੇ ਹੋਵੇ ਝੜੀ, ਜੋ ਕੋਈ ਬੂਟੀ, ਸਭ ਕੋਈ ਹਰੀ।" ਅਰਥਾਤ ਹਾੜੀ ਵਿਚ ਜੰਮੀ ਪਿਆਜ਼ੀ ਆਦਿ ਦੀ ਬੂਟੀ ਮੀਂਹ ਕਾਰਨ ਹੋਰ ਹਰੀ ਹੋ ਜਾਂਦੀ ਹੈ ਤੇ ਕਿਸਾਨ ਦੀ ਬਰਬਾਦੀ ਦਾ ਕਾਰਨ ਬਣਦੀ ਹੈ।

ਮਘਰ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦਰਮਾ 'ਮਿਰਗਸ਼ਿਰ' ਨਛੱਤਰ ਦੇ ਕੋਲ ਹੁੰਦਾ ਹੈ। ਪਰ ਇਸ ਮਹੀਨੇ ਦਾ ਸੰਸਕ੍ਰਿਤ ਵਿਚ ਨਾਂ 'ਮਾਰਗਸ਼ੀਰਸ਼' ਹੈ ਜਿਸ ਤੋਂ ਸੰਕੁਚਿਤ ਹੋ ਕੇ ਮਘਰ, ਮੰਘਰ ਆਦਿ ਬਣੇ ਹਨ। ਮਿਰਗਸ਼ਿਰ ਦੁਨੀਆਂ ਭਰ ਵਿਚ ਦਿਸਣ ਵਾਲਾ ਨਛਤਰ ਹੈ। ਇਸ ਵਿਚ ਸੱਤ ਮੁਖ ਤਾਰੇ ਹਨ ਜਿਨ੍ਹਾਂ ਵਿਚੋਂ ਤਿੰਨ ਤੇਜ਼ ਰੋਸ਼ਨੀ ਵਾਲੇ ਹਨ। ਇਹ ਤਾਰੇ ਇਕ ਵਕ੍ਰਤ ਰੇਖਾ ਵਿਚ ਕਮਰਬੰਦ ਵਾਂਗ ਦਿਖਾਈ ਦਿੰਦੇ ਹਨ। ਇਨ੍ਹਾਂ ਤਾਰਿਆਂ ਦੀ ਦਿਖ ਤੋਂ ਭਿੰਨ ਭਿੰਨ ਸਭਿਅਤਾਵਾਂ ਵਿਚ ਸ਼ਿਕਾਰ ਨਾਲ ਸਬੰਧਤ ਬਿੰਬ ਘੜੇ ਗਏ ਹਨ। ਮਿਸਾਲ ਵਜੋਂ ਅੰਗਰੇਜ਼ੀ Orion ਦਾ ਸਬੰਧ ਇਕ ਗਰੀਕ ਮਿਥਿਹਾਸਕ ਯੋਧੇ ਨਾਲ ਹੈ। ਇਸ ਨੂੰ ਇਸ ਦੀ ਪਤਨੀ ਅਰਟਮਸ ਨੇ ਮਾਰਿਆ। ਅਰਟਮਸ ਨੂੰ ਭੁਲੇਖਾ ਲੱਗਾ ਕਿ ਓਰੀਅਨ ਇਕ ਚੱਟਾਨ ਹੈ। ਗਰੀਕ ਦੇਵਤਿਆਂ ਨੇ ਓਰੀਅਨ ਨੂੰ ਅਕਾਸ਼ ਵਿਚ ਟੰਗ ਦਿੱਤਾ। ਹੰਗਰੀ ਦੀ ਮਿਥ ਅਨੁਸਾਰ ਉਸ ਦਾ ਨਾਂ ਨਿਮਰੋਦ ਹੈ ਜੋ ਬਹੁਤ ਵੱਡਾ ਤੇ ਸ਼ਕਤੀਸ਼ਾਲੀ ਸ਼ਿਕਾਰੀ ਹੈ। ਨਛਤਰ ਦੇ ਦੋ ਤਾਰੇ ਧਨੁਖ ਸਮਾਨ ਚਿਤਵੇ ਗਏ ਹਨ। ਮੈਕਸੀਕੋ ਦੇ ਸੇਰੀ ਲੋਕਾਂ ਅਨੁਸਾਰ ਚਮਕਦੇ ਤਿੰਨਾਂ ਤਾਰਿਆਂ ਦਾ ਨਾਂ ਹਪਜ ਹੈ ਜਿਸ ਦਾ ਅਰਥ ਸ਼ਿਕਾਰੀ ਹੈ। ਭਾਰਤ ਵਿਚ ਪੂਰੇ ਮਘਰ ਨੂੰ ਪਵਿਤਰ ਮਹੀਨਾ ਮੰਨਿਆ ਗਿਆ ਹੈ, ਇਸ ਕਰਕੇ ਇਸ ਮਹੀਨੇ ਧਾਰਮਿਕ ਰਹੁ ਰੀਤਾਂ, ਵਰਤਾਂ ਆਦਿ ਦੀ ਭਰਮਾਰ ਹੈ। ਕਸ਼ਪ ਰਿਸ਼ੀ ਨੇ ਇਸ ਮਹੀਨੇ ਸੁੰਦਰ ਕਸ਼ਮੀਰ ਦੀ ਰਚਨਾ ਕੀਤੀ। ਮਘਰ ਦੀ ਪੁੰਨਿਆ ਨੂੰ ਚੰਦਰਮਾ ਦੀ ਪੂਜਾ ਕੀਤੀ ਜਾਂਦੀ ਹੈ, ਗਊਆਂ ਨੂੰ ਨਮਕ ਦਿਤਾ ਜਾਂਦਾ ਹੈ, ਤੇ ਹੋਰ ਪੁੰਨ ਦਾਨ ਕੀਤੇ ਜਾਂਦੇ ਹਨ। ਇਸੇ ਦਿਨ ਹੀ ਦੱਤਾਤ੍ਰੇਅ ਦੀ ਜਅੰਤੀ ਮਨਾਈ ਜਾਂਦੀ ਹੈ।

'ਮਿਰਗਸ਼ਿਰ' ਬਣਿਆ ਹੈ, 'ਮਰਗ+ ਸ਼ਿਰਸ' ਤੋਂ। ਨਾਂਵ ਵਜੋਂ ਮਾਰਗ ਦਾ ਅਰਥ ਰਾਹ, ਪਹਿਆ, ਹਵਾ ਜਾਂ ਤਾਰਿਆਂ ਦਾ ਪਥ ਆਦਿ ਹੁੰਦਾ ਹੈ। ਇਸੇ ਨਾਲ ਜੁੜਦੇ ਸ਼ਬਦ 'ਮਿਰਗ' ਦਾ ਅਸਲੀ ਅਰਥ ਕੋਈ ਜਾਨਵਰ ਹੈ ਪਰ ਪਿਛੋਂ ਇਹ ਹਿਰਨ ਦੇ ਅਰਥ ਵਜੋਂ ਰੂੜ੍ਹ ਹੋ ਗਿਆ। ਸ਼ਿਰਸ ਦਾ ਮਤਲਬ ਸਿਰ ਹੈ, ਸੋ ਸ਼ਾਬਦਿਕ ਅਰਥ ਬਣਿਆ 'ਹਿਰਨ ਦਾ ਸਿਰ।' ਇਹ ਸ਼ਬਦ 'ਮ੍ਰਿਗ' ਧਾਤੂ ਤੋਂ ਬਣਿਆ ਹੈ ਜਿਸ ਦਾ ਮੂਲ ਭਾਵ ਢੂੰਢਣਾ, ਲਭਣਾ, ਭਾਲਣਾ ਹੈ। ਪ੍ਰਾਚੀਨ ਸਮਿਆਂ ਵਿਚ ਮਨੁਖ ਹਰ ਜਾਨਵਰ ਦਾ ਸ਼ਿਕਾਰ ਕਰਦਾ ਸੀ, ਇਸ ਕਰਕੇ ਇਸ ਧਾਰਨਾ ਤੋਂ ਕੋਈ ਵੀ ਜਾਨਵਰ, ਪਸ਼ੂ ਜਾਂ ਪੰਛੀ ਦੇ ਭਾਵ ਵਿਕਸਿਤ ਹੋਏ, "ਬਨ ਕਾ ਮਿਰਗੁ ਮੁਕਤਿ ਸਭੁ ਹੋਗੁ" -ਭਗਤ ਕਬੀਰ। ਹਿਰਨ ਦੇ ਅਰਥਾਂ ਵਿਚ, "ਫਾਹੀ ਫਾਥੈ ਮਿਰਗ ਜਿਉ ਦੂਖੁ ਘਣੋ ਨਿਤ ਰੋਇ" -ਗੁਰੂ ਨਾਨਕ। ਇਸ ਸ਼ਬਦ ਦੇ ਤਲਾਸ਼ ਦੇ ਭਾਵ ਮਿਰਗ-ਤ੍ਰਿਸ਼ਨਾ ਸ਼ਬਦ ਵਿਚੋਂ ਵੀ ਪ੍ਰਗਟ ਹੁੰਦੇ ਹਨ। ਮਿਰਗਛਾਲ ਹਿਰਨ ਦੀ ਖੱਲ ਤੋਂ ਬਣਾਇਆ ਸਾਧੂ ਲੋਕਾਂ ਦਾ ਆਸਣ ਹੈ। ਇਸ ਸ਼ਬਦ ਵਿਚ ਛਾਲ ਦਾ ਅਰਥ ਖੱਲ ਹੈ। ਛਾਲ, ਛਿਲ, ਖਲ ਆਦਿ ਸਮੂਲਕ ਸ਼ਬਦ ਹਨ। ਮਿਰਗਛਾਲ ਲਈ 'ਮਿਰਗਾਣੀ' ਸ਼ਬਦ ਵੀ ਵਰਤਿਆ ਜਾਂਦਾ ਹੈ, "ਪੰਚ ਤਤ ਕੀ ਕਰਿ ਮਿਰਗਾਣੀ" -ਭਗਤ ਕਬੀਰ। ਇਸੇ ਤੋਂ ਮੂੰਹੋਂ ਝੱਗ ਛਡਣ ਤੇ ਅੰਗ ਮੁੜਨ ਵਾਲੇ ਲਛਣਾਂ ਵਾਲੀ ਬੀਮਾਰੀ 'ਮਿਰਗੀ' ਦਾ ਨਾਂ ਪਿਆ। ਘਾਇਲ ਮਿਰਗ ਦੇ ਤੜਫਣ ਤੋਂ ਇਸ ਸ਼ਬਦ ਦਾ ਸੰਕੇਤ ਲਿਆ ਗਿਆ ਲਗਦਾ ਹੈ। ਕਾਮ ਸੂਤਰ ਅਨੁਸਾਰ 4 ਤਰ੍ਹਾਂ ਦੇ ਪੁਰਖਾਂ 'ਚ ਇਕ ਮ੍ਰਿਗ ਨਿਆਈਂ ਹੁੰਦਾ ਹੈ ਜੋ ਸੁੰਦਰ, ਚਪਲ, ਮਿਹਨਤੀ, ਤੁਰਨ ਵਿਚ ਚਲਾਕ, ਹਾਸਰਸ ਤੇ ਨਾਚ-ਗਾਣੇ ਦਾ ਸ਼ੌਕੀਨ ਹੁੰਦਾ ਹੈ। ਇਸ ਪੁਰਖ ਦਾ ਸਬੰਧ ਚਿਤ੍ਰਿਨੀ ਇਸਤਰੀ ਨਾਲ ਹੋਣਾ ਯੋਗ ਹੈ।

ਮ੍ਰਿਗ ਸ਼ਬਦ ਦਾ ਇਕ ਹੋਰ ਭੇਦ ਹੈ 'ਮਾਰਗ' ਜਿਸ ਦਾ ਅਰਥ ਰਸਤਾ, ਪਥ ਆਦਿ ਹੁੰਦਾ ਹੈ। ਇਹ ਭਾਵ ਸ਼ਿਕਾਰ ਦੀ ਭਾਲ ਲਈ ਪਏ ਰਾਹ ਤੋਂ ਵਿਕਸਿਤ ਹੋਇਆ ਹੈ। ਇਸ ਦਾ ਇਕ ਭਾਵ ਤਲਾਸ਼ ਜਾਂ ਖੋਜ ਵੀ ਹੈ। ਕਿਸੇ ਲਕਸ਼ 'ਤੇ ਪੁੱਜਣ ਲਈ ਅਖਤਿਆਰ ਕੀਤੀ ਵਿਧੀ, ਵਿਚਾਰ ਜਾਂ ਸਿਧਾਂਤ ਵੀ ਮਾਰਗ ਅਖਾਉਂਦਾ ਹੈ। "ਜੈਨ ਮਾਰਗ ਸੰਜਮ ਅਤਿ ਸਾਧਨ" -ਗੁਰੂ ਅਰਜਨ ਦੇਵ। ਗਿਆਨ ਮਾਰਗ, ਵਾਮ ਮਾਰਗ, ਅਰੋਗਤਾ ਮਾਰਗ ਜਿਹੇ ਜੁੱਟਾਂ 'ਚ ਇਹ ਸ਼ਬਦ ਝਲਕਦਾ ਹੈ। ਚਰਾਗਾਹ ਵਿਚ ਚਰਦਾ ਜਾਨਵਰ ਇਸ ਤਰ੍ਹਾਂ ਲਗਦਾ ਹੈ ਜਿਵੇਂ ਖੋਜ ਕਰ ਰਿਹਾ ਹੋਵੇ। ਇਸ ਲਈ ਇਸ ਦਾ ਅਰਥ ਖੋਜ ਬਣਿਆ। ਅੰਗਰੇਜ਼ੀ browse ਵਿਚ ਵੀ ਇਹ ਦੋਵੇਂ ਭਾਵ ਕੰਮ ਕਰਦੇ ਹਨ। ਇਸ ਅੰਗਰੇਜ਼ੀ ਸ਼ਬਦ ਦਾ ਮੁਢਲਾ ਅਰਥ ਚਰਨਾ, ਚੁਗਣਾ ਹੈ ਪਰ ਵਿਕਸਤ ਅਰਥ ਵਰਕੇ ਪਲਟਣਾ, ਪੜ੍ਹਨਾ ਆਦਿ ਹੈ। ਕੰਪਿਊਟਰ ਵਿਚ ਬਰਾਊਜ਼ ਦਾ ਅਰਥ ਸਰਸਰੀ ਤਲਾਸ਼ ਕਰਨਾ ਹੈ।





ਮਿਰਗ ਧਾਤੂ ਨਾਲ ਸਬੰਧਤ ਸ਼ਬਦਾਂ ਦੇ ਫਾਰਸੀ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਲਗਦਾ ਹੈ ਫਾਰਸੀ ਵਿਚ ਵੀ ਇਸ ਦੇ ਮੁਢਲੇ ਅਰਥ ਚੁਗਣ ਵਾਲਾ ਜਾਨਵਰ ਹੀ ਸਨ ਪਰ ਅਖੀਰ ਵਿਚ ਪੰਛੀ ਵਜੋਂ ਰੂੜ੍ਹ ਹੋ ਗਏ। ਮਿਰਗ ਦਾ ਫਾਰਸੀ ਸੁਜਾਤੀ ਕੁਕੜ ਦੇ ਅਰਥਾਂ ਵਾਲਾ 'ਮੁਰਗ' ਹੈ ਜੋ ਪੰਜਾਬੀ ਵਿਚ ਆ ਕੇ ਮੁਰਗਾ ਬਣ ਗਿਆ। ਇਸ ਦਾ ਇਸਤਰੀ-ਲਿੰਗ ਹੈ ਮੁਰਗੀ। ਇਹ ਸ਼ਬਦ ਮਰਦਾਂ ਵਲੋਂ ਇਸਤਰੀ ਨੂੰ ਕਾਮ ਵਸਤੂ ਵਜੋਂ ਵੀ ਵਰਤਿਆ ਜਾਂਦਾ ਹੈ। ਪਰ ਮੁਰਗੀਖਾਨਾ ਦਾ ਅਰਥ ਵੇਸਵਾ ਦਾ ਕੋਠਾ ਨਹੀਂ! ਮੁਰਗਾਬੀ, ਮੁਰਗ+ਆਬੀ, ਪਾਣੀ ਵਿਚ ਤੈਰਨ ਵਾਲਾ ਇਕ ਛੋਟਾ ਪੰਛੀ ਹੈ। ਕੁੱਕੜਾਂ ਦੀ ਲੜਾਈ ਨੂੰ ਮੁਰਗਬਾਜ਼ੀ ਕਿਹਾ ਜਾਂਦਾ ਹੈ। ਫਾਰਸੀ ਵਿਚ ਮੁਰਗਜ਼ਾਰ ਇਕ ਕਿਸਮ ਦੇ ਘਾਹ ਅਤੇ ਚਰਾਗਾਹ ਨੂੰ ਕਹਿੰਦੇ ਹਨ। ਵੈਦਿਕੀ ਵਿਚ ਮਿਰਗ ਦਾ ਅਰਥ ਹਰਾ ਘਾਹ ਅਤੇ ਚਰਾਗਾਹ ਮਿਲਦਾ ਹੈ। 'ਮਰਗ' ਘਾਟੀ ਦੇ ਅਰਥਾਂ ਵਿਚ ਵੀ ਆਉਂਦਾ ਹੈ। ਕਸ਼ਮੀਰ ਵਿਚ ਗੁਲਮਰਗ, ਸੋਨਾਮਰਗ, ਯੂਸਮਰਗ, ਖਿਲਨਮਰਗ, ਤੰਗਮਰਗ ਸੁੰਦਰ ਘਾਹ ਵਾਲੀਆਂ ਵਾਦੀਆਂ ਹਨ। ਸ਼ੁਤਰਮੁਰਗ ਵਿਚ ਸ਼ੁਤਰ ਦਾ ਅਰਥ ਊਠ ਹੁੰਦਾ ਹੈ। ਸੋ ਸ਼ੁਤਰਮੁਰਗ ਦਾ ਅਰਥ ਹੋਇਆ, ਊਠ ਵਰਗਾ ਜਾਂ ਜਿੱਡਾ ਪੰਛੀ।

'ਮਾਰਗਸ਼ੀਰਸ਼' ਸ਼ਬਦ ਦਾ ਦੂਜਾ ਅੰਗ ਹੈ 'ਸ਼ਿਰਸ' ਜਿਸ ਤੋਂ ਸੰਸਕ੍ਰਿਤ 'ਸ਼ਿਰ' ਤੇ ਅੱਗੋਂ ਪੰਜਾਬੀ 'ਸਿਰ' ਬਣਿਆ ਹੈ। ਸ਼ਿਰਸ ਦਾ 'ਰ' ਅਲੋਪ ਹੋ ਕੇ ਸ਼ੀਸ਼ ਤੇ ਫਿਰ ਸੀਸ ਬਣ ਗਿਆ ਜਿਸ ਦਾ ਮਤਲਬ ਭੀ ਸਿਰ ਹੀ ਹੈ ਭਾਵੇਂ ਅਸੀਂ ਇਸ ਨੂੰ ਵਧੇਰੇ ਰਸਮੀ ਜਾਂ ਧਾਰਮਿਕ ਸੰਦਰਭਾਂ ਵਿਚ ਹੀ ਵਰਤਦੇ ਹਾਂ ਜਿਵੇਂ, ਸੀਸ ਨਿਵਾਉਣਾ। ਸ਼ੀਰਸ਼ਕ ਸ਼ਬਦ ਵਿਚ ਇਸ ਦਾ ਪੂਰਾ ਰੂਪ ਵੀ ਕੁਝ ਹੱਦ ਤੱਕ ਕਾਇਮ ਹੈ। ਸੰਸਕ੍ਰਿਤ 'ਸ਼ਿਰਸ' ਤੋਂ ਹੀ ਸ਼ਰਿੰਗ ਸ਼ਬਦ ਬਣਿਆ ਹੈ ਜਿਸ ਦਾ ਪੰਜਾਬੀ ਰੂਪ ਸਿੰਗ ਹੈ। ਇਸ ਤੋਂ ਹੋਰ ਅਨੇਕਾਂ ਸ਼ਬਦ ਬਣੇ ਹਨ ਜਿਵੇਂ ਸਿਰਨਾਵਾਂ, ਸਿਰਲੱਥ, ਸਿਰੋਪਾ, ਸਿਰਸਾਮ, ਸਿਰਹਾਣਾ, ਸਿਰਮੌਰ, ਸਿਰਤੋੜ, ਸਿਰਲੇਖ, ਸਿਰੜ, ਸਿਰਕੱਪ, ਸਿਰਖੰਡੀ, ਸਿਰਖੁਥਾ, ਸਿਰ੍ਹਾਂਦ, ਸਿਰਮੁੰਨੀ, ਸਿਰਨਾਵਣੀ, ਸ਼ਿਰੋਮਣੀ, ਸੇਰ ਜਾਂ ਸੇਰੂਆ, ਸਿਹਰਾ, ਬੇਸਿਰ, ਦਹਿਸਰ। ਪਰ ਮੁਹਾਵਰਿਆਂ ਤੇ ਕਹਾਵਤਾਂ ਵਿਚ ਸਿਰ ਨੇ ਖੂਬ ਸਿਰ ਚੁਕਿਆ ਹੋਇਆ ਹੈ ਜਿਵੇਂ ਸਿਰ ਕਰਨਾ, ਸਿਰ ਲੈਣਾ, ਸਿਰ ਦੇਣਾ, ਸਿਰ ਆਉਣਾ, ਸਿਰ ਜਾਣਾ (ਸਿਰ ਜਾਏ ਤਾਂ ਜਾਏ....), (ਤਊਲੇ ਜਿੱਡਾ) ਸਿਰ ਮਾਰਨਾ, ਸਿਰ ਖਾਣਾ, ਸਿਰ ਪੈਣਾ, ਸਿਰ ਸੁੱਟਣਾ, ਸਿਰ ਮੁੰਨਣਾ। ਸਿਰ ਚੁੱਕਣਾ (ਬਾਗੀ ਹੋਣਾ) ਹੈ ਪਰ ਸਿਰ 'ਤੇ ਚੁਕਣਾ ਕਿਸੇ ਦਾ ਆਦਰ ਕਰਨਾ ਹੈ-ਜੇ ਅਯੋਗ ਵਿਅਕਤੀ ਨਾਲ ਅਜਿਹਾ ਵਿਹਾਰ ਕੀਤਾ ਜਾਵੇ ਤਾਂ ਉਸ ਨੂੰ ਅਸੀਂ ਸਿਰ ਚੜ੍ਹਾਉਣਾ ਆਖ ਦਿੰਦੇ ਹਾਂ। ਹੋਰ ਨਮੂਨੇ ਦੇਖੋ, ਸਿਰ ਸੜਿਆ, ਸਿਰ ਮੱਥੇ, ਸਿਰ ਮੁਨਾਉਂਦੇ ਹੀ ਓਲੇ ਪੈਣਾ, ਸਿਰ 'ਚ ਮਾਰਨਾ, ਸਿਰ ਧੜ ਦੀ ਬਾਜ਼ੀ, ਸਿਰ ਤੋਂ ਪੈਰ ਤੱਕ, ਸਿਰ ਦਾ ਸਾਂਈਂ, ਸਿਰ ਸੁੱਟ ਕੇ ਕੰਮ ਕਰਨਾ...। ਛੋਟੇ ਜਾਨਵਰ ਦੇ ਸਿਰ ਨੂੰ ਸਿਰੀ ਕਹਿ ਦਿੱਤਾ ਜਾਂਦਾ ਹੈ ਪਰ ਸ੍ਰੀ ਇਸ ਨਾਲ ਸਬੰਧਤ ਨਹੀਂ।

ਸਿਰ ਦਾ ਮੂਲਕ 'ਸ਼ਿਰਸ' ਹਿੰਦ-ਆਰਿਆਈ ਸ਼ਬਦ ਹੈ ਜਿਸ ਦੇ ਸੁਜਾਤੀ ਰੂਪ ਬਹੁਤ ਸਾਰੀਆਂ ਹੋਰ ਭਾਸ਼ਾਵਾਂ ਵਿਚ ਉਪਲਭਦ ਹਨ। ਇਸ ਦਾ ਭਾਰੋਪੀ ਮੂਲ ker(s) ਹੈ ਤੇ ਵਿਭਿੰਨ ਭਾਸ਼ਾਵਾਂ ਵਿਚ ਇਸ ਤੋਂ ਉਪਜੇ ਸ਼ਬਦਾਂ ਦੇ ਅਰਥ ਹਨ: ਸਿਰ, ਸਿੰਗ, ਸਿਖਰ, ਚੋਟੀ, ਉਭਾਰ ਆਦਿ। ਅਵੇਸਤਾ ਵਿਚ 'ਸਰਹ' ਦਾ ਮਤਲਬ ਸਿਰ ਹੈ। ਇਹ ਸ਼ਬਦ ਗਰੀਕ ਵਿਚ karnon ਅਤੇ ਲਾਤੀਨੀ ਵਿਚ cornu ਹੈ। ਅੰਗਰੇਜ਼ੀ ਸ਼ਬਦ ਹੌਰਨ (horn) ਵੀ ਇਸੇ ਤੋਂ ਵਿਕਸਿਤ ਹੋਇਆ। ਪਹਿਲਾਂ ਸਿੰਗ ਤੋਂ ਹੀ ਭੌਂਪੂ ਬਣਾਏ ਜਾਂਦੇ ਸਨ, ਇਸ ਲਈ ਹੌਰਨ ਸ਼ਬਦ ਪ੍ਰਚਲਿਤ ਹੋਇਆ। ਸਿੰਗ ਦਾ ਭਾਵ ਸਮੋਣ ਕਾਰਨ ਅੰਗਰੇਜ਼ੀ hart (ਹਿਰਨ) ਵੀ ਇਸੇ ਤੋਂ ਬਣਿਆ। ਪੰਜਾਬੀ ਬਾਰਾਂਸਿੰਗਾ ਵਿਚ ਵੀ ਸਿੰਗ ਹੀ ਸਿੰਗ ਦਿਸਦੇ ਹਨ। ਸਿੰਗ ਵਰਗੇ ਕਿਸੇ ਉਭਾਰ ਨੂੰ ਅੰਗਰੇਜ਼ੀ ਵਿਚ corn ਕਹਿ ਦਿੱਤਾ ਜਾਂਦਾ ਹੈ। ਭੌਰੀ ਦੇ ਅਰਥਾਂ ਵਾਲਾ ਅੰਗਰੇਜ਼ੀ corn ਵੀ ਇਸੇ ਮੂਲ ਦੀ ਪੈਦਾਵਾਰ ਹੈ। ਦੂਜੇ ਪਾਸੇ ਲਾਤੀਨੀ ਵਲੋਂ ਅੰਗਰੇਜ਼ੀ ਵਿਚ ਆਇਆ ਸ਼ਬਦ Cerebrem ਜਿਸ ਦਾ ਅਰਥ ਦਿਮਾਗ, ਭੇਜਾ ਹੁੰਦਾ ਹੈ, ਵੀ ਇਸੇ ਮੂਲ ker(s) ਤੋਂ ਹੀ ਵਿਕਸਿਤ ਹੋਇਆ ਹੈ। ਅੰਗਰੇਜ਼ੀ cranium (ਕਪਾਲ) ਦਾ ਵੀ ਇਸੇ ਨਾਲ ਨਾਤਾ ਜੁੜਦਾ ਹੈ।

ਇਤਿਹਾਸਕ ਕਾਰਨਾਂ ਕਰਕੇ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਦੇ ਮੁਹਾਂਦਰੇ 'ਤੇ ਫਾਰਸੀ ਅਰਬੀ ਨੇ ਬਹੁਤ ਅਸਰ ਪਾਇਆ ਹੈ। ਅਜਿਹੇ ਸੰਗਮ ਨਾਲ ਹੀ ਉਰਦੂ ਨੇ ਜਨਮ ਲਿਆ। ਫਾਰਸੀ 'ਚ ਸਿਰ ਸ਼ਬਦ ਦਾ ਰੂਪ 'ਸਰ' ਹੈ ਤੇ ਇਸ ਸ਼ਬਦ ਨੇ ਆਪਣੇ ਤੌਰ 'ਤੇ ਸਾਡੀਆਂ ਭਾਸ਼ਾਵਾਂ 'ਚ ਸਿਰ ਮਾਰਿਆ ਹੈ। ਸਿਰ ਤੇ ਸਰ ਦਾ ਏਨਾ ਘੜਮੱਸ ਹੈ ਕਿ ਕਈ ਵਾਰੀ ਪਤਾ ਨਹੀਂ ਲਗਦਾ ਕਿਹੜਾ ਕਿਥੋਂ ਹੈ। ਕਈ ਹਾਲਤਾਂ ਵਿਚ ਸੰਸਕ੍ਰਿਤ ਬਾਰਾਸਤਾ ਸਿਰ ਵੀ ਸਰ 'ਚ ਬਦਲ ਗਿਆ ਹੈ ਜਿਵੇਂ ਸਰਪੰਚ। 'ਸਰ' ਸ਼ਬਦ 'ਚੋਂ ਸਿਰ ਦੇ ਸਮਾਨੰਤਰ ਬਹੁਤ ਸਾਰੇ ਹੋਰ ਅਰਥਾਂ, ਵਿਉਤਪਤ ਸ਼ਬਦਾਂ, ਮੁਹਾਵਰਿਆਂ, ਉਕਤੀਆਂ ਆਦਿ ਦੀ ਲੜੀ ਤੁਰਦੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਬੇਸ਼ਕ ਪੰਜਾਬੀ ਵਿਚ ਸਿਰ ਸ਼ਬਦ ਦੀ ਰੂਪਕ ਪੱਖ ਤੋਂ ਖਾਸੀ ਵਿਉਤਪਤੀ ਹੋਈ ਦਿਸਦੀ ਹੈ ਪਰ ਇਸ ਦੇ ਆਪਣੇ ਬਹੁਤੇ ਅਰਥ ਨਹੀਂ। ਦੂਜੇ ਪਾਸੇ ਫਾਰਸੀ 'ਸਰ' ਸ਼ਬਦ ਦੇ ਆਪਣੇ ਅਨੇਕਾਂ ਅਰਥ ਹਨ ਜਿਵੇਂ ਚੋਟੀ, ਸਿਖਰ, ਅਰੰਭ, ਸਿਰਾ, ਪਾਸਾ, ਦਿਸ਼ਾ, ਮੁਖੀਆ, ਢੱਕਣ, ਇਰਾਦਾ, ਦਬਦਬਾ, ਜੀਅ (ਜਿਵੇਂ ਘਰ 'ਚ ਕਿੰਨੇ ਸਰ ਹਨ), ਨੋਕ, ਗੋਡੇ ਦੀ ਚੱਪਣੀ। ਇੰਨੇ ਅਰਥ ਗਿਣਾਉਣ ਦਾ ਮੰਤਵ ਇਹ ਦਰਸਾਉਣਾ ਹੈ ਕਿ ਪੰਜਾਬੀ ਸਿਰ ਨੇ ਇਹ ਸਾਰੇ ਅਰਥ ਗ੍ਰਹਿਣ ਨਹੀਂ ਕੀਤੇ।

# ਕਲਕੀ ਆਪਣੇ ਦਮ 'ਤੇ ਛਾਈ



ਇਕ ਤੋਂ ਬਾਅਦ ਇਕ ਫ਼ਿਲਮਾਂ ਪ੍ਰਾਪਤ ਕਰਕੇ ਕਲਕੀ ਕੋਚਲਿਨ ਸਭ ਨੂੰ ਹੈਰਾਨ ਕਰਦੀ ਜਾ ਰਹੀ ਹੈ। ਆਪਣੇ ਬਾਰੇ ਨਾਕਾਰਾਤਮਕ ਗੱਲਾਂ ਕਰਨ ਵਾਲਿਆਂ ਨੂੰ ਧੂੜ ਚਟਾਉਂਦਿਆਂ ਉਸ ਨੇ ਕਈ ਅਜਿਹੇ ਵੱਡੇ ਪ੍ਰਾਜੈਕਟ ਸਾਈਨ ਕੀਤੇ ਹਨ ਜਿਨ੍ਹਾਂ ਦਾ ਨਿਰਮਾਣ ਨਾ ਤਾਂ ਉਸ ਦਾ ਪਤੀ ਅਨੁਰਾਗ ਕਸ਼ਯਪ ਕਰ ਰਿਹਾ ਹੈ ਤੇ ਨਾ ਦਿਬਾਕਰ ਬੈਨਰਜੀ ਵਰਗੇ ਦੋਸਤ। ਛੇਤੀ ਹੀ ਕਲਕੀ ਵਿਸ਼ਾਲ ਭਾਰਦਵਾਜ ਦੀ ਫ਼ਿਲਮ 'ਏਕ ਥੀ ਡਾਇਨ' ਤੇ ਕਰਨ ਜੌਹਰ ਦੀ ਫ਼ਿਲਮ 'ਯੇ ਜਵਾਨੀ ਹੈ ਦੀਵਾਨੀ' ਵਿਚ ਨਜ਼ਰ ਆਏਗੀ। ਇੰਨਾ ਹੀ ਨਹੀਂ, ਕਲਕੀ ਇਨ੍ਹਾਂ ਫ਼ਿਲਮਾਂ ਵਿਚ ਸਭ ਨੂੰ ਹੈਰਾਨ ਵੀ ਕਰਨ ਵਾਲੀ ਹੈ। ਉਸ ਦਾ ਕਹਿਣਾ ਹੈ ਕਿ ਫ਼ਿਲਮ 'ਯੇ ਜਵਾਨੀ ਹੈ ਦੀਵਾਨੀ' ਵਿਚ ਉਹ ਇਕ ਗਾਲ੍ਹੜੀ ਤੇ ਚਹਿਕਦੀ ਕੁੜੀ ਦਾ ਕਿਰਦਾਰ ਨਿਭਾਅ ਰਹੀ ਹੈ ਤੇ ਇਹ ਕਿਰਦਾਰ ਉਨ੍ਹਾਂ ਸਾਰੇ ਡਾਰਕ ਕਿਰਦਾਰਾਂ ਤੋਂ ਵੱਖਰਾ ਹੈ ਜੋ ਹੁਣ ਤੱਕ ਨਿਭਾਉਂਦੀ ਰਹੀ ਹੈ। ਉਸ ਨੂੰ ਡਾਇਰੈਕਟਰ ਅਯਾਨ ਮੁਖਰਜੀ ਦੀ 'ਵੇਕਅਪ ਸਿਡ' ਵਾਕਈ ਬਹੁਤ ਚੰਗੀ ਲੱਗੀ ਸੀ। ਉਹ ਬਹੁਤ ਆਸਾਂ ਜਗਾਉਂਦੇ ਹਨ ਤੇ ਉਤਸ਼ਾਹ ਨਾਲ ਭਰਪੂਰ ਹਨ। ਇਹੀ ਕਾਰਨ ਹੈ ਕਿ ਕੋਈ ਉਨ੍ਹਾਂ ਨਾਲ ਫ਼ਿਲਮ ਕਰਦਿਆਂ ਖੁਦ ਉਨ੍ਹਾਂ ਵਿਚ ਵਿਸ਼ਵਾਸ ਕਰਨ ਲੱਗਦਾ ਹੈ। ਫ਼ਿਲਮ 'ਏਕ ਥੀ ਡਾਇਨ' ਦੇ ਟਾਈਟਲ 'ਤੇ ਨਾ ਜਾਓ ਕਿਉਂਕਿ ਇਸ ਵਿਚ ਵੀ ਕਲਕੀ ਇਕ ਖੁਸ਼ਮਿਜਾਜ਼ ਕੁੜੀ ਦਾ ਰੋਲ ਨਿਭਾਅ ਰਹੀ ਹੈ। ਉਸ ਦਾ ਕਹਿਣਾ ਹੈ ਕਿ ਇਹ ਇਕ ਬੋਹੇਮੀਅਨ ਕਿਰਦਾਰ ਹੈ ਤੇ ਫ਼ਿਲਮ ਜਾਦੂਈ ਯਥਾਰਥਵਾਦ ਵਾਲੀ ਹੈ। ਇਸ ਤਰ੍ਹਾਂ ਦੀ ਫ਼ਿਲਮ ਪਹਿਲਾਂ ਕਦੇ ਨਹੀਂ ਦੇਖੀ ਹੋਵੇਗੀ।

# ਦੋਹੀਂ ਦਲੀਂ ਮੁਕਾਬਲਾ...





*ਸ਼ਾਹਰੁਖ ਖਾਨ ਦੀ ਫਿਲਮ 'ਜਬ ਤਕ ਹੈ ਜਾਨ' ਅਤੇ ਅਜੈ ਦੇਵਗਨ ਦੀ ਫਿਲਮ 'ਸਨ ਆਫ ਸਰਦਾਰ' ਵਿਚਕਾਰ ਮੁਕਾਬਲਾ ਖੂਬ ਰਿਹਾ। 'ਜਬ ਤਕ ਹੈ ਜਾਨ' (ਕੁੱਲ ਬਜਟ 50 ਕਰੋੜ) ਨੇ ਪਹਿਲੇ ਪੰਜ ਦਿਨਾਂ ਦੌਰਾਨ ਕੁੱਲ 75.14 ਕਰੋੜ ਰੁਪਏ ਅਤੇ 'ਸਨ ਆਫ ਸਰਦਾਰ' (ਕੁੱਲ ਬਜਟ 30 ਕਰੋੜ) ਨੇ ਇਸੇ ਸਮੇਂ ਦੌਰਾਨ 63.40 ਕਰੋੜ ਰੁਪਏ ਕਮਾਏ ਪਰ ਦੋਵੇਂ ਫਿਲਮਾਂ ਸਲਮਾਨ ਖਾਨ ਦੀ ਫਿਲਮ 'ਏਕ ਥਾ ਟਾਈਗਰ' ਦੇ 103 ਕਰੋੜ ਦੇ ਰਿਕਾਰਡ ਦੇ ਨੇੜੇ-ਤੇੜੇ ਵੀ ਨਾ ਪੁੱਜ ਸਕੀਆਂ।*

# ਸੋਨਮ ਕਪੂਰ ਦੇ ਕੈਰੀਅਰ ਨੂੰ ਬਰੇਕਾਂ




ਸੋਨਮ ਕਪੂਰ ਦੇ ਕਰੀਅਰ ਦੀ ਰਫ਼ਤਾਰ ਸੁਸਤ ਪੈ ਚੁੱਕੀ ਹੈ। ਹੁਣ ਉਸ ਦੇ ਪਿਤਾ ਅਨਿਲ ਕਪੂਰ ਆਪਣੀ ਧੀ ਦੇ ਫਿਲਮੀ ਕਰੀਅਰ ਨੂੰ ਸੰਵਾਰਨ ਦੀ ਜ਼ਿੰਮੇਵਾਰੀ ਚੁੱਕ ਰਹੇ ਹਨ। ਸੰਜੇ ਲੀਲਾ ਭੰਸਾਲੀ ਦੀ ਸਫਲ ਫਿਲਮ 'ਸਾਂਵਰੀਆ' ਨਾਲ ਫਿਲਮਾਂ ਵਿਚ ਕਦਮ ਰੱਖਣ ਵਾਲੀ ਸੋਨਮ ਨੇ 'ਪਲੇਅਰ', 'ਦਿੱਲੀ-6' ਤੇ ਕੁਝ ਹੋਰ ਫਿਲਮਾਂ ਵਿਚ ਕੰਮ ਕੀਤਾ ਪਰ ਇਨ੍ਹਾਂ ਵਿਚ ਉਸ ਨੂੰ ਬਹੁਤੀ ਸਫਲਤਾ ਪ੍ਰਾਪਤ ਨਹੀਂ ਹੋਈ ਹੈ। ਸੋਨਮ ਦੇ ਕਰੀਅਰ ਨੂੰ ਰਫ਼ਤਾਰ ਦੇਣ ਲਈ ਅਨਿਲ ਕਪੂਰ ਹੁਣ ਰੇਖਾ ਸਟਾਰਰ ਰਿਸ਼ੀਕੇਸ਼ ਮੁਖਰਜੀ ਵੱਲੋਂ ਨਿਰਦੇਸ਼ਿਤ ਹਿੱਟ ਫਿਲਮ 'ਖੂਬਸੂਰਤ' ਦਾ ਰੀਮੇਕ ਬਣਾ ਰਹੇ ਹਨ। 'ਖੂਬਸੂਰਤ' ਰੇਖਾ ਦੇ ਕਰੀਅਰ ਨੂੰ ਅਹਿਮ ਮੋੜ ਪ੍ਰਦਾਨ ਕਰਨ ਵਾਲੀ ਫਿਲਮ ਸੀ। ਰੇਖਾ ਆਪਣੇ ਐਕਟਿੰਗ ਕਰੀਅਰ ਵਿਚ ਜਿੰਨੀ ਸੋਹਣੀ ਫਿਲਮ 'ਖੂਬਸੂਰਤ' ਵਿਚ ਲੱਗੀ ਸੀ, ਓਨੀ ਕਿਸੇ ਹੋਰ ਫਿਲਮ ਵਿਚ ਨਹੀਂ ਦਿਸੀ। ਇਸ ਦੇ ਰੀਮੇਕ ਵਿਚ ਸੋਨਮ ਰੇਖਾ ਵਾਲਾ ਕਿਰਦਾਰ ਹੀ ਨਿਭਾਏਗੀ। ਦੇਖਣ ਵਾਲੀ ਗੱਲ ਹੋਵੇਗੀ ਕਿ ਸੋਨਮ ਕਿਸ ਹੱਦ ਤਕ ਰੇਖਾ ਦੀ ਬਰਾਬਰੀ ਕਰ ਸਕੇਗੀ। ਰੇਖਾ ਬਾਲੀਵੁੱਡ ਦੀਆਂ ਉਨ੍ਹਾਂ ਅਭਿਨੇਤਰੀਆਂ ਵਿਚੋਂ ਇਕ ਹੈ ਜਿਨ੍ਹਾਂ ਦੀ ਅਦਾਕਾਰੀ ਦੀ ਮਿਸਾਲ ਦਿੱਤੀ ਜਾਂਦੀ ਹੈ। ਸੋਨਮ ਨੂੰ ਬਾਲੀਵੁੱਡ ਵਿਚ ਆਇਆਂ ਕੁਝ ਹੀ ਸਮਾਂ ਹੋਇਆ ਹੈ ਤੇ ਉਸ ਦੀਆਂ ਫਿਲਮਾਂ ਬਾਕਸ ਆਫਿਸ 'ਤੇ ਕੁਝ ਨਹੀਂ ਕਰ ਸਕੀਆਂ।

# ਗਦਰ ਸ਼ਤਾਬਦੀ ਅਤੇ 'ਦੂਜਾ ਗਦਰ'

ਗ਼ਦਰ ਪਾਰਟੀ ਦਾ ਇਤਿਹਾਸ ਪੰਜਾਬ ਦੇ ਇਤਿਹਾਸ ਦਾ ਸ਼ਾਨਾਮੱਤਾ ਸਫਾ ਹੈ। ਇਸ ਦੀਆਂ ਤੰਦਾਂ ਤਤਕਾਲੀ ਮੁਕਾਮੀ ਹਾਲਾਤ ਅਤੇ ਕੌਮਾਂਤਰੀ ਮਾਹੌਲ ਵਿਚੋਂ ਹੁੰਦੀਆਂ ਹੋਈਆਂ ਸਾਮਰਾਜ ਖ਼ਿਲਾਫ਼ ਆਲਮੀ ਜੰਗ ਨਾਲ ਜੁੜਦੀਆਂ ਹਨ। ਪੰਜਾਬ ਵਿਚੋਂ ਰੋਜ਼ੀ-ਰੋਟੀ ਦੀ ਭਾਲ ਵਿਚ ਕਦੇ ਬੰਦੇ ਤੋਂ ਉੱਤਰੀ ਅਮਰੀਕਾ ਦੀ ਜ਼ਲਾਲਤ ਝੱਲੀ ਨਾ ਗਈ। ਹਾਲਾਤ ਤੋਂ ਬਿਹਤਰ ਸੋਝੀ ਦੇਣ ਵਾਲਾ ਕੋਈ ਨਹੀਂ। ਜ਼ਲਾਲਤ ਤੋਂ ਨਿਜਾਤ ਪਾਉਣ ਦੀ ਚਾਰਾਜੋਈ ਪੰਜਾਬੀ ਬੰਦੇ ਨੂੰ ਸਾਮਰਾਜ ਖ਼ਿਲਾਫ਼ ਲੜਾਈ ਤੱਕ ਲੈ ਗਈ। ਸਾਮਰਾਜੀ ਹੈਂਕੜ ਦੀ ਨੁਮਾਇਸ਼ ਉਨ੍ਹਾਂ ਦੇ ਆਪਣੇ ਵਤਨ ਵਿਚ ਲੱਗੀ ਹੋਈ ਸੀ ਜੋ ਨਵੀਂ ਆਈ ਸੋਝੀ ਲਈ ਹਰ ਹਾਲਤ ਵਿਚ ਕਬੂਲ ਕਰਨ ਵਾਲਾ ਸੱਦਾ ਸਾਬਤ ਹੋਈ। ਰੋਜ਼ੀ ਦੀ ਭਾਲ ਵਿਚ ਗਿਆ ਬੰਦਾ ਆਪਣੇ ਮੁਲਕ ਦੀ ਸਾਮਰਾਜ ਤੋਂ ਬੰਦਖਲਾਸੀ ਦਾ ਸੁਫ਼ਨਾ ਲੈ ਕੇ ਪਰਤਿਆ। ਪਤਾ ਲੱਗਿਆ ਕਿ ਸਾਮਰਾਜ ਦਾ ਤੰਤਰ ਪਿੰਡ ਦੇ ਲੰਬੜਦਾਰਾਂ ਤੇ ਜ਼ੈਲਦਾਰਾਂ ਤੋਂ ਹੁੰਦਾ ਹੋਇਆ ਆਵਾਮ ਦੀ ਅਗਿਆਨਤਾ ਤੇ ਸਰਕਾਰ ਦੇ ਮੁਖ਼ਬਰਾਂ ਦੇ ਆਸਰੇ ਫ਼ੌਜਾਂ ਤੇ ਅਸਲੇ ਦੇ ਜ਼ੋਰ ਨਾਲ ਚਲਦਾ ਹੈ। ਉੱਤਰੀ ਅਮਰੀਕਾ ਵਿਚ ਸਾਫ਼ ਦਿਸਦਾ ਸਾਮਰਾਜ ਦਾ ਚਿਹਰਾ ਬੰਦਰਗਾਹਾਂ ਉੱਤੇ ਉਤਰਦਿਆਂ ਤੱਕ ਝਉਲਾ ਹੋ ਗਿਆ।

ਕਾਮਯਾਬੀ ਤੇ ਨਾਕਾਮਯਾਬੀ ਦਾ ਮਸਲਾ ਵੱਖ ਰਿਹਾ ਪਰ ਜਜ਼ਬਾਤ ਦੇ ਜ਼ੋਰ ਨਾਲ ਗ਼ਦਰੀਆਂ ਨੇ ਸਿਦਕਦਿਲੀ, ਦਰਦਮੰਦੀ ਤੇ ਬੇਗਰਜ਼ੀ ਦੀ ਮਿਸਾਲ ਪੈਦਾ ਕਰ ਦਿੱਤੀ। ਗ਼ਦਰ ਪਾਰਟੀ ਨੇ ਹਥਿਆਰਬੰਦ ਇਨਕਲਾਬ ਨਾਲ ਸਾਮਰਾਜ ਦਾ ਜੂਲ਼ਾ ਵੱਢਣ ਦਾ ਸੁਫ਼ਨਾ ਬੀਜਿਆ ਜਿਸ ਦਾ ਵਿਰਾਸਤ ਦਾ ਦਾਅਵਾ ਇੱਕ ਸਦੀ ਬਾਅਦ ਵੀ ਕਾਰਜਸ਼ੀਲ ਹੈ। ਮੌਜੂਦਾ ਦੌਰ ਵਿਚ ਪਛਾਣ ਦੀ ਸਿਆਸਤ ਰਾਹੀਂ ਇਤਿਹਾਸ ਦੀ ਵਿਆਖਿਆ ਦਾ ਰੁਝਾਨ ਮੂੰਹਜ਼ੋਰ ਹੋ ਗਿਆ ਹੈ। ਵਿਦਵਤਾ ਦੀ ਮੌਜੂਦਾ ਮੰਡੀ ਵਿਚ ਗ਼ਦਰੀਆਂ ਦੀ ਪਛਾਣ ਦੀ ਵੰਨ-ਸੁਵੰਨਤਾ ਨੂੰ ਦਰਕਿਨਾਰ ਕਰ ਕੇ 'ਅੰਤਿਮ ਸੱਚ ਦੇ ਦਾਅਵੇ' ਤੇ 'ਸਾਜ਼ਿਸ਼ ਬੇਪਰਦ ਕਰਨ' ਵਾਲੀਆਂ ਵਿਆਖਿਆਵਾਂ ਦੀ ਚੋਖੀ ਪੁੱਛ ਹੈ। ਗ਼ਦਰ ਪਾਰਟੀ ਦੀ ਸਥਾਪਨਾ ਦੇ ਸ਼ਤਾਬਦੀ ਵਰ੍ਹੇ ਦੌਰਾਨ ਦਾਅਵਿਆਂ, ਜਵਾਬੀ-ਦਾਅਵਿਆਂ, ਪੁਸ਼ਟੀਆਂ, ਨਵੇਂ ਤੱਥਾਂ ਤੇ ਸੱਜਰੀਆਂ ਵਿਆਖਿਆਵਾਂ ਦਾ ਅਖਾੜਾ ਭਖਣ ਲੱਗਿਆ ਹੈ।

ਲੇਖਾਂ, ਕਿਤਾਬਾਂ, ਗੋਸ਼ਟੀਆਂ, ਤਕਰੀਰਾਂ ਤੋਂ ਲੈ ਕੇ ਫ਼ਿਲਮਾਂ ਤੇ ਹੋਰ ਕਲਾਵਾਂ ਨੇ ਗ਼ਦਰ, ਗ਼ਦਰੀ ਬਾਬਿਆਂ ਤੇ ਵਿਰਾਸਤ ਦੀ ਦਾਅਵੇਦਾਰੀ ਨਾਲ ਸੰਵਾਦ ਕਰਨਾ ਹੈ। ਇਸ ਲੇਖ ਦਾ ਮੰਤਵ ਇਸੇ ਲੜੀ ਦੀ ਕੜੀ ਵਜੋਂ ਬਣੀ ਫ਼ਿਲਮ 'ਦੂਜਾ ਗ਼ਦਰ' ਦੀ ਪੜਚੋਲ ਕਰਨਾ ਹੈ। ਫੁਲਕਾਰੀ ਰਿਕਾਰਡ ਵੱਲੋਂ ਪੇਸ਼ ਕੀਤੀ ਗਈ 'ਸਾਡਾ ਲੋਕ' ਅਦਾਰੇ ਦੀ ਇਸ ਫ਼ਿਲਮ ਦੇ ਨਿਰਮਾਤਾ-ਨਿਰਦੇਸ਼ਕ ਖ਼ੁਸ਼ਹਾਲ ਲਾਲੀ ਹਨ ਜੋ ਅਖ਼ਬਾਰਾਂ, ਰਸਾਲਿਆਂ, ਰੇਡੀਓ ਤੇ ਟੈਲੀਵਿਜ਼ਨ ਦਾ ਤਜਰਬਾ ਰੱਖਣ ਵਾਲੇ ਖ਼ਬਰਨਵੀਸ ਹਨ। ਲਾਲੀ ਦੀ ਪਲੇਠੀ ਫ਼ਿਲਮ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਤੇ ਨਿਰਪੱਖ ਹੋਣ ਦੇ ਦਾਅਵੇ ਨਾਲ ਸ਼ੁਰੂ ਹੁੰਦੀ ਹੈ। ਅਠਤਾਲੀ ਮਿੰਟ ਦੀ ਦਸਤਾਵੇਜ਼ੀ ਫ਼ਿਲਮ ਇਸੇ ਦਾਅਵੇ ਨਾਲ ਵਫ਼ਾ ਕਰਨ ਦੀ ਮਸ਼ਕ ਜਾਪਦੀ ਹੈ। ਫ਼ਿਲਮ ਭਗਤ ਸਿੰਘ ਰਾਹੀਂ ਕਰਤਾਰ ਸਿੰਘ ਸਰਾਭਾ ਤੇ ਉਸ ਤੋਂ ਅੱਗੇ ਗ਼ਦਰ ਲਹਿਰ ਵੱਲ ਤੁਰਦੀ ਹੈ। ਫ਼ਿਲਮ ਦਾ ਨਾਮ 'ਦੂਜਾ ਗ਼ਦਰ' ਹੈ ਜਿਸ ਦਾ ਪਿਛੋਕੜ ਇਤਿਹਾਸਕਾਰ ਹਰੀਸ਼ ਪੁਰੀ ਦੱਸਦੇ ਹਨ ਤੇ ਮਲਵਿੰਦਰਜੀਤ ਸਿੰਘ ਵੜੈਚ ਦੋਹਰ ਪਾਉਂਦੇ ਹਨ। ਗ਼ਦਰ ਪਾਰਟੀ ਦੀ ਮੁਹਿੰਮ 1857 ਦੇ ਗ਼ਦਰ ਦੀ ਲਗਾਤਾਰਤਾ ਵਿਚ ਜਾਪਦੀ ਹੈ। ਲਾਲੀ ਪੇਸ਼ਕਾਰ ਵਜੋਂ ਪਰਦੇ ਉੱਤੇ ਹਾਜ਼ਰ ਹੁੰਦਾ ਹੈ ਤੇ ਗ਼ਦਰ ਪਾਰਟੀ ਦੀ ਮੁਹਿੰਮ ਨੂੰ 'ਪਹਿਲੀ ਹਥਿਆਰਬੰਦ ਲੜਾਈ' ਕਰਾਰ ਦਿੰਦਾ ਹੈ। ਦਰਸ਼ਕ ਦੇ ਮਨ ਵਿਚ ਸਵਾਲ ਗੂੰਜਦਾ ਹੈ ਕਿ ਕੀ 1857 ਦੇ ਗ਼ਦਰ ਵਿਚ ਹਥਿਆਰ ਨਹੀਂ ਸਨ ਜਾਂ ਉਸ ਦਾ ਖ਼ਾਸਾ ਇਨਕਲਾਬੀ ਨਹੀਂ ਸੀ? ਇਸ ਤੋਂ ਬਾਅਦ ਫ਼ਿਲਮ ਕਈ ਤੰਦਾਂ ਇੱਕੋ ਵੇਲੇ ਛੇੜਦੀ ਹੈ। ਉੱਤਰੀ ਅਮਰੀਕਾ ਵਿਚ ਪੰਜਾਬੀ ਭਾਈਚਾਰੇ ਦਾ ਮੁੱਢ ਬੰਨ੍ਹਣ ਵਾਲਿਆਂ ਦੀ ਬਾਤ ਸ਼ਮੀਲ ਤੋਰਦਾ ਹੈ। ਚਰੰਜੀ ਲਾਲ ਕੰਗਣੀਵਾਲ ਤਤਕਾਲੀ ਅਰਥਚਾਰੇ ਦਾ ਮੁੱਦਾ ਪੇਸ਼ ਕਰਦਾ ਹੈ। ਦਿਦਾਰ ਸਿੰਘ ਬੈਂਸ ਦੱਸਦੇ ਹਨ ਕਿ 1880ਵਿਆਂ ਤੇ 90ਵਿਆਂ ਦੌਰਾਨ ਖ਼ੁਸ਼ਹਾਲੀ ਤੇ ਰੁਜ਼ਗਾਰ ਭਾਲਦੇ ਪੰਜਾਬੀਆਂ ਦੇ ਸੁਫ਼ਨਿਆਂ ਵਿਚ ਉੱਤਰੀ ਅਮਰੀਕਾ ਤੇ ਯੂਰਪ ਕਿਵੇਂ ਆਏ। ਡਾ. ਪ੍ਰਿਤਪਾਲ ਸਿੰਘ ਪਰਦੇਸੀ ਹੋਈ ਸਿੱਖਾਂ ਦੀ ਵੱਡੀ ਗਿਣਤੀ ਤੇ ਸਰਬਤ ਦੇ ਭਲੇ ਵਾਲੇ ਫ਼ਲਸਫ਼ੇ ਦੀ ਗੱਲ ਤੋਰ ਦਿੰਦੇ ਹਨ। ਰਾਜ ਭਨੋਟ ਤਤਕਾਲੀ ਹਾਲਾਤ ਵਿਚ ਰੁਜ਼ਗਾਰ ਦੇ ਮੌਕਿਆਂ ਤੇ ਨਸਲੀ ਵਿਤਕਰੇ ਦਾ ਜ਼ਿਕਰ ਕਰਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਦਰਮਿਆਨ ਇਤਿਹਾਸਕਾਰ ਹਰੀਸ਼ ਪੁਰੀ ਤੇ ਮਲਵਿੰਦਰਜੀਤ ਸਿੰਘ ਵੜੈਚ ਕੁਝ ਖੱਪੇ ਪੂਰਦੇ ਹਨ ਤੇ ਨਾਲੋ-ਨਾਲ ਵਿਆਖਿਆ ਵੀ ਕਰਦੇ ਹਨ। ਇਸ ਦੇ ਨਾਲ ਹੀ ਕੁਝ ਘਟਨਾਵਾਂ ਦੀ ਨਾਟਕੀ ਪੇਸ਼ਕਾਰੀ ਹੁੰਦੀ ਰਹਿੰਦੀ ਹੈ। ਬਾਬਾ ਜਵਾਲਾ ਸਿੰਘ ਦੀਆਂ ਤਕਰੀਰਾਂ ਹਨ। ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਸੋਹਣ ਸਿੰਘ ਭਕਨਾ ਤੇ ਪੰਡਿਤ ਕਾਂਸ਼ੀ ਰਾਮ ਪਰਦੇ ਉੱਤੇ ਪੇਸ਼ ਹੁੰਦੇ ਹਨ।




ਦਸਤਾਵੇਜ਼ੀ ਫ਼ਿਲਮ ਵਿਚ ਨਾਲੋ-ਨਾਲ ਕਹਾਣੀਆਂ ਸੁਣਾਉਣ ਜਾਂ ਇੱਕੋ ਵੇਲੇ ਕਈ ਵਿਚਾਰ ਪੇਸ਼ ਕਰਨ ਦਾ ਰੁਝਾਨ ਹੈ। ਇਸ ਪੱਖੋਂ ਇਹ ਫ਼ਿਲਮ ਦਿਲਚਸਪ ਹੈ ਤੇ ਦਰਸ਼ਕ ਲਈ ਲਗਾਤਾਰ ਅਣਕਹੇ-ਅਣਦੱਸੇ ਦੀ ਵਿੱਥ ਸਿਰਜਦੀ ਜਾਂਦੀ ਹੈ। ਜਦੋਂ ਨਾਟਕੀ ਪੇਸ਼ਕਾਰੀ ਦਾ ਸਹਾਰਾ ਲਿਆ ਜਾਂਦਾ ਹੈ ਤਾਂ ਵਿਧਾ ਪੱਖੋਂ ਇਹ ਫ਼ਿਲਮ ਦਸਤਾਵੇਜ਼ੀ ਦੀ ਥਾਂ ਨਾਟ-ਦਸਤਾਵੇਜ਼ੀ ਹੋ ਜਾਂਦੀ ਹੈ। ਜਦੋਂ ਲਾਲੀ ਦੀ ਖ਼ਬਰਨਵੀਸ ਵਾਲੀ ਕਾਹਲ ਤੇ ਨਾਟਕੀ ਖੁੱਲ੍ਹ ਦਾ ਜਮਾਂਜੋੜ ਬਣਦਾ ਹੈ ਤਾਂ ਫ਼ਿਲਮ ਦੀਆਂ ਕੜੀਆਂ ਕਿਸੇ ਲੜੀ ਦਾ ਹਿੱਸਾ ਬਣਨ ਤੋਂ ਰਹਿ ਜਾਂਦੀਆਂ ਹਨ। 'ਦੂਜਾ ਗ਼ਦਰ' ਰਾਹੀਂ ਲਾਲੀ ਨੇ ਗ਼ਦਰ ਲਹਿਰ ਬਾਬਤ ਕਈ ਇਸ਼ਾਰੇ ਕੀਤੇ ਹਨ। ਕਈ ਪੱਖ ਛੂਹ ਕੇ ਛੱਡ ਦਿੱਤੇ ਹਨ। ਇਸ ਮਸ਼ਕ ਰਾਹੀਂ ਇਹ ਸਾਫ਼ ਹੋ ਗਿਆ ਹੈ ਕਿ ਗ਼ਦਰ ਲਹਿਰ ਦਾ ਸਿਆਸੀ, ਸਭਿਆਚਾਰਕ, ਇਤਿਹਾਸਕ ਤੇ ਵਿਚਾਰਕ ਪਿਛੋਕੜ ਜਦੋਂ ਤਤਕਾਲੀ ਹਾਲਾਤ ਵਿਚੋਂ ਮੌਜੂਦਾ ਦੌਰ ਤੱਕ ਪੁੱਜਦਾ ਹੈ ਤਾਂ ਇਸ ਦੀ ਪੇਚੀਦਗੀ ਨੂੰ ਜਰਬਾਂ ਆਉਂਦੀਆਂ ਹਨ। ਖ਼ੁਸ਼ਹਾਲ ਲਾਲੀ ਦੀ ਪਲੇਠੀ ਫ਼ਿਲਮ ਇਸ ਪੇਚੀਦਗੀ ਤੋਂ ਪਾਸਾ ਵੱਟ ਕੇ ਨਿਕਲ ਗਈ ਹੈ। ਆਸ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਾਲ ਵਿਚ ਗ਼ਦਰ ਲਹਿਰ ਨਾਲ ਵੱਖ-ਵੱਖ ਪੈਂਤੜਿਆਂ ਤੋਂ ਸੰਵਾਦ ਕਰਦੀਆਂ ਕਈ ਫ਼ਿਲਮਾਂ ਆਉਣਗੀਆਂ। 'ਦੂਜਾ ਗ਼ਦਰ' ਬਾਕੀ ਫ਼ਿਲਮਸਾਜ਼ਾਂ ਲਈ ਚੰਗਾ ਹਵਾਲਾ ਸਾਬਤ ਹੋ ਸਕਦੀ ਹੈ।

***-ਦਲਜੀਤ ਅਮੀ***


YOUR SHOWS
ਤੁਹਾਡੀ ਇੱਛਾ ਅਨੁਸਾਰ
WATCH AMERICAN AND PUNJABI CHANNELS LIKE NEVER BEFORE WITH HOPPER
CATCH KINNA SOHNA TAINU RABB NE BANAYA ON GET PUNJABI WHILE RECORDING GURUMA ON JUS ONE AND PIERS MORGAN TONIGHT ON CNN. ALL AT THE SAME TIME.
SIGN UP TODAY AND RECEIVE
$75 AMERICAN EXPRESS REWARD CARD!
USE CODE: 02INTLDM1
HOME OF SOUTH ASIAN ENTERTAINMENT
PACKAGES STARTING FROM $24.99/MO
CHANNEL SELECTION WILL VARY BY PACKAGE
GET Hopper FREE
WHEN YOU SIGN UP FOR AMERICA'S TOP 120 OR HIGHER
Monthly DVR fee and receiver fees apply
AMERICA'S TOP 120
SIGN UP TODAY AND GET A $20 MONTHLY DISCOUNT, YOU PAY ONLY $24.99/MO. FOR 12 MONTHS
ENJOY TOP 120 CHANNELS, LIKE:
REQUIRES 24 MONTH AGREEMENT
PICK EITHER PACKAGE OR BOTH!
1.888.242.2276
DISHPUNJABITV.COM
FACEBOOK.COM/DISHPUNJABITV
dish

ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਦੇਰੁ ਪਰੋਆ॥ ੴ

# ਦੁਨੀਆਂ ਵਿਚ ਵਸਦੇ ਸਮੂਹ ਸਿੱਖ ਜਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 543ਵੇਂ ਆਗਮਨ ਪੁਰਬ ਦੀ

# ਕੋਟਾਨਿ ਕੋਟਿ ਵਧਾਈ

ਸੰਗਤਾਂ ਦੇ ਦਾਸ


Rusty Singh


Goldy Dhillon


Sukhi Narwal

**BTS Carrier Inc.**
50983 Weston Dr.,
Plymouth MI 48170
734-233-8464
btscarrierinc22@hotmail.com

B.T.S CARRIER INC.
PLYMOUTH, MI
WE MOVE AMERICA

**Dhillon Freight Carrier, LLC**
347-652-0000
www.truckertoday.com

DHILLON FREIGHT CARRIER LLC
CANTON, MI

"Always on time"

**Moon Star Express**
7277 Rawsonville Rd.,
Belleville, MI 48111
734-485-1100
734-564-1469 (Cell)
sukhi@moonstarexpress.com
www.moonstarexpress.com

Moon Star Express INC

Your Decision Is Our Vision

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸ਼ੁਭ ਚਿੰਤਕਾਂ ਵਲੋਂ ਸਭ ਨੂੰ

# ਗੁਰੂ ਨਾਨਕ ਗੁਰਪੁਰਬ ਦੀ ਲੱਖ ਲੱਖ ਵਧਾਈ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਸ਼ਮਸ਼ੇਰ ਸਿੰਘ ਬੋਪਾਰਾਏ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ



ਜਗਦੀਸ਼ਰ ਸਿੰਘ ਕਲੇਰ | ਹੈਪੀ ਹੀਰ | ਮਨਦੀਪ ਸਿੰਘ ਭੂਰਾ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਥਿਆੜਾ | ਸੰਨੀ ਧੂੜ | ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਅਜੁਧਿਆ ਸਲਵਾਨ

## ਸਾਡੇ ਕਾਲਮਨਵੀਸ



ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਸੁਰਜੀਤ ਕੌਰ | ਬਲਜੀਤ ਬਾਸੀ | ਜਤਿੰਦਰ ਪਨੂੰ | ਕੁਲਵੰਤ ਸਿੰਘ ਰੋਮਾਣਾ | ਮੇਜਰ ਕੁਲਾਰ | ਇਕਬਾਲ ਜੱਬੋਵਾਲ | ਸਵਰਨ ਟਹਿਣਾ | ਨਿੰਮਾ ਡੱਲੇਵਾਲਾ | ਬੌਬ ਖਹਿਰਾ

**ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ ਪੰਜਾਬ ਟਾਈਮਜ਼ ਨਾਈਟ 6 ਅਪਰੈਲ 2013** (ਇੰਡੀਆ ਹਾਊਸ, ਸ਼ਾਮਬਰਗ)

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*

ੴ ੴ

ਸ੍ਰੀ ਗੁਰੂ ਨਾਨਕ ਸੂਰਜ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ॥
ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ॥

# ਮ੍ਰਿਗਾਵਲੀ ਵਿਚ ਸਿੰਘ ਦੀ ਗਰਜ ਦੇਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ




ਸ. ਪ੍ਰਕਾਸ਼ ਸਿੰਘ ਬਾਦਲ
ਮੁਖ ਮੰਤਰੀ, ਪੰਜਾਬ



ਸ. ਸੁਖਬੀਰ ਸਿੰਘ ਬਾਦਲ
ਉਪ ਮੁਖ ਮੰਤਰੀ, ਪੰਜਾਬ



ਸ. ਸੁਰਜੀਤ ਸਿੰਘ ਰਖੜਾ
ਕੈਬਨਿਟ ਮੰਤਰੀ, ਪੰਜਾਬ




ਸ. ਦਰਸ਼ਨ ਸਿੰਘ ਧਾਲੀਵਾਲ
ਮਿਲਵਾਕੀ



ਜਸਕਰਨ ਸਿੰਘ ਧਾਲੀਵਾਲ
ਪ੍ਰਧਾਨ, ਯੂਥ ਅਕਾਲੀ ਦਲ
ਮਿਡਵੈਸਟ



ਹਰਵਿੰਦਰ ਸਿੰਘ ਘੋਤੜਾ
ਜਨਰਲ ਸਕੱਤਰ
ਯੂਥ ਅਕਾਲੀ ਦਲ, ਮਿਡਵੈਸਟ



ਹੈਪੀ ਹੀਰ
ਸੀਨੀਅਰ ਅਕਾਲੀ ਆਗੂ



ਲਖਵੰਤ ਸਿੰਘ ਕੋਮਲ
ਪ੍ਰਧਾਨ, ਅਕਾਲੀ ਦਲ,
ਇਲੀਨਾਏ



ਅਮਰੀਕ ਸਿੰਘ
ਅਕਾਲੀ ਆਗੂ

**ਸ਼੍ਰੋਮਣੀ ਯੂਥ ਅਕਾਲੀ ਦਲ ਦੇ ਅਹੁਦੇਦਾਰ**
ਪ੍ਰਭਜੋਤ ਸਿੰਘ, ਜਸਪ੍ਰੀਤ ਸਿੰਘ ਦਿਓਲ, ਗੁਰਪ੍ਰੀਤ ਸਿੰਘ, ਬਲਰਾਜ ਸਿੰਘ, ਪਰਮਜੋਤ ਸਿੰਘ, ਹਰਪ੍ਰੀਤ ਸਿੰਘ, ਚਰਨਜੀਤ ਸਿੰਘ ਧਾਲੀਵਾਲ

## ਵਲੋਂ: ਸ਼੍ਰੋਮਣੀ ਯੂਥ ਅਕਾਲੀ ਦਲ, ਅਮਰੀਕਾ (ਮਿਡਵੈਸਟ ਇਕਾਈ)